25-AUG-PAGE-1.qxd 8/24/2023 10:34 PM Page 1


ਸ਼ੁੱਕਰਵਾਰ, 25 ਅਗਸਤ, 2023

9 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080

ਜਿਲਦ/VOL. : 72

ਅੰਕ/NO. : 84

# ਨਵਾਂ ਜ਼ਮਾਨਾ

DAILY NAWAN ZAMANA • FRIDAY, 25 AUGUST, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


## ਸੁਫਨਾ ਟੁੱਟਿਆ



**ਬਾਕੂ** : ਭਾਰਤ ਦੇ ਨੌਜਵਾਨ ਸ਼ਤਰੰਜ ਖਿਡਾਰੀ ਰਮੇਸ਼ ਬਾਬੂ ਦਾ ਪ੍ਰਗਨਾਨੰਦਾ ਫਿਡੇ ਸ਼ਤਰੰਜ ਵਿਸ਼ਵ ਕੱਪ ਫਾਈਨਲ ਜਿੱਤਣ ਦਾ ਸੁਫਨਾ ਵੀਰਵਾਰ ਟੁੱਟ ਗਿਆ, ਜਦੋਂ ਉਹ ਪੰਜ ਵਾਰ ਦੇ ਵਿਸ਼ਵ ਚੈਂਪੀਅਨ ਨਾਰਵੇ ਦੇ ਮੈਗਨਸ ਕਾਰਲਸਨ ਤੋਂ ਟਾਈਬ੍ਰੇਕਰ 'ਚ 1.5-0.5 ਨਾਲ ਹਾਰ ਗਿਆ। ਟਾਈਬ੍ਰੇਕਰ ਦੀ ਪਹਿਲਾਂ ਰੈਪਿਡ ਗੇਮ ਕਾਰਲਸਨ ਨੇ 47ਵੀਂ ਚਾਲ ਬਾਅਦ ਜਿੱਤ ਲਈ ਸੀ। ਦੂਜੀ ਗੇਮ 22ਵੀਂ ਚਾਲ ਤੋਂ ਬਾਅਦ ਡਰਾਅ ਰਹੀ ਤੇ ਕਾਰਲਸਨ ਮੁੜ ਚੈਂਪੀਅਨ ਬਣ ਗਿਆ। ਇਸ ਤੋਂ ਪਹਿਲਾਂ ਦੋਵੇਂ ਕਲਾਸੀਕਲ ਗੇੜ ਵਿਚ ਡਰਾਅ ਖੇਡੇ ਸਨ। ਭਾਰਤ ਦੇ ਵਿਸ਼ਵਨਾਥਨ ਆਨੰਦ ਨੇ 2002 ਵਿਚ ਇਹ ਚੈਂਪੀਅਨਸ਼ਿਪ ਜਿੱਤੀ ਸੀ। ਉਦੋਂ ਪ੍ਰਗਨਾਨੰਦਾ ਪੈਦਾ ਨਹੀਂ ਹੋਇਆ ਸੀ।

## 400 ਤੋਂ ਵੱਧ ਬਾਈਕਾਂ ਸੜੀਆਂ

**ਵਿਜੇਵਾੜਾ** : ਆਂਧਰਾ ਦੇ ਵਿਜੈਵਾੜਾ 'ਚ ਚੇੱਨਈ-ਕੋਲਕਾਤਾ ਰਾਸ਼ਟਰੀ ਰਾਜਮਾਰਗ 'ਤੇ ਕੇ ਪੀ ਨਗਰ ਇਲਾਕੇ 'ਚ ਵੀਰਵਾਰ ਟੀ ਵੀ ਐੱਸ ਬਾਈਕ ਸ਼ੋਅਰੂਮ 'ਚ ਅੱਗ ਕਾਰਨ 400 ਤੋਂ ਵੱਧ ਦੋਪਹੀਆ ਵਾਹਨ ਸੜ ਗਏ। ਅੱਗ 'ਤੇ ਕਾਬੂ ਪਾਉਣ 'ਚ ਡੇਢ ਘੰਟਾ ਲੱਗਾ। 1000 'ਚੋਂ ਚਾਰ-ਪੰਜ ਸੌ ਦੋਪਹੀਆ ਵਾਹਨ ਸੜ ਗਏ।

## ਮੋਹਿਤ ਮਹਿੰਦਰਾ ਨੇ ਅਹੁਦਾ ਸੰਭਾਲਿਆ

**ਚੰਡੀਗੜ੍ਹ** : ਮੋਹਿਤ ਮਹਿੰਦਰਾ ਨੇ ਵੀਰਵਾਰ ਇੱਥੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਦਾ ਅਹੁਦਾ ਸੰਭਾਲ ਲਿਆ। ਉਨ੍ਹਾ ਦੀ ਟੀਮ ਦੇ ਹੋਰ ਮੈਂਬਰਾਂ ਨੇ ਵੀ ਪੰਜਾਬ ਕਾਂਗਰਸ ਭਵਨ 'ਚ ਸਮਾਗਮ 'ਚ ਸਹੁੰ ਚੁੱਕੀ। ਮੋਹਿਤ ਮਹਿੰਦਰਾ ਸਾਬਕਾ ਮੰਤਰੀ ਬ੍ਰਹਮ ਮਹਿੰਦਰਾ ਦੇ ਬੇਟੇ ਹਨ। ਉਨ੍ਹਾ ਨੇ ਬਰਿੰਦਰ ਢਿੱਲੋਂ ਦੀ ਥਾਂ ਲਈ ਹੈ। ਇਸ ਮੌਕੇ ਪੰਜਾਬ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਮੌਜੂਦ ਸੀ।

## ਆਸ਼ੂ ਤੇ ਹੋਰਨਾਂ 'ਤੇ ਛਾਪੇਮਾਰੀ

**ਚੰਡੀਗੜ੍ਹ** : ਈ ਡੀ ਨੇ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਦੇ ਸੰਬੰਧ 'ਚ ਵੀਰਵਾਰ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਕਾਂਗਰਸ ਆਗੂ ਭਾਰਤ ਭੂਸ਼ਣ ਆਸ਼ੂ ਅਤੇ ਕੁਝ ਹੋਰਾਂ ਦੇ ਲੁਧਿਆਣਾ ਅਤੇ ਇਸ ਦੇ ਆਲੇ-ਦੁਆਲੇ 10 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ।

## ਸੀਮਾ ਦਿਓ ਦਾ ਦੇਹਾਂਤ



**ਮੁੰਬਈ** : ਆਨੰਦ ਅਤੇ ਕੋਰਾ ਕਾਗਜ਼ ਵਰਗੀਆਂ ਫਿਲਮਾਂ 'ਚ ਆਪਣੀ ਸ਼ਾਨਦਾਰ ਅਦਾਕਾਰੀ ਲਈ ਮਸ਼ਹੂਰ ਅਦਾਕਾਰਾ ਸੀਮਾ ਦਿਓ (81) ਦਾ ਵੀਰਵਾਰ ਸਵੇਰੇ ਉਮਰ ਸੰਬੰਧੀ ਬਿਮਾਰੀਆਂ ਕਾਰਨ ਬਾਂਦਰਾ ਸਥਿਤ ਘਰ 'ਚ ਦੇਹਾਂਤ ਹੋ ਗਿਆ। ਇਹ ਜਾਣਕਾਰੀ ਉਨ੍ਹਾ ਦੇ ਫਿਲਮ ਨਿਰਮਾਤਾ ਬੇਟੇ ਅਭਿਨਯ ਦਿਓ ਨੇ ਦਿੱਤੀ। ਉਨ੍ਹਾ ਦੇ ਪਤੀ ਅਤੇ ਮਰਾਠੀ ਤੇ ਹਿੰਦੀ ਸਿਨੇਮਾ ਦੇ ਨਾਮੀ ਅਭਿਨੇਤਾ ਰਮੇਸ਼ ਦਿਓ ਦੀ 2022 'ਚ 93 ਸਾਲ ਦੀ ਉਮਰ 'ਚ ਮੌਤ ਹੋ ਗਈ ਸੀ। ਉਨ੍ਹਾ ਦਾ ਦੂਜਾ ਬੇਟਾ ਅਜਿੰਕਯ ਦਿਓ ਹੈ।

## ਚੰਡੀਗੜ੍ਹ ਪ੍ਰਸ਼ਾਸਨ ਰੰਧਾਵਾ ਦੇ ਪੁੱਤਰ ਖਿਲਾਫ ਕਾਰਵਾਈ ਕਰੇ : ਕੰਗ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਆਮ ਆਦਮੀ ਪਾਰਟੀ (ਆਪ) ਨੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਪੁੱਤਰ ਦੀ ਕਥਿਤ ਗੁੰਡਾਗਰਦੀ ਦੀਆਂ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਉਨ੍ਹਾ 'ਤੇ ਤਿੱਖਾ ਹਮਲਾ ਕੀਤਾ ਹੈ। ਰੰਧਾਵਾ ਦੇ ਪੁੱਤਰ ਨੇ ਆਪਣੇ ਪਿਤਾ ਦੀ ਸੁਰੱਖਿਆ ਦੀ ਦੁਰਵਰਤੋਂ ਕਰਦਿਆਂ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਨਾਲ ਕੁੱਟਮਾਰ ਕੀਤੀ ਅਤੇ ਉਸ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਇਹ ਲੋਕ ਹੁਣ 'ਸਾਬਕਾ' ਹਨ ਅਤੇ ਇਨ੍ਹਾਂ ਕੋਲ ਕੋਈ ਤਾਕਤ ਨਹੀਂ, ਪਰ ਫਿਰ ਵੀ ਇਨ੍ਹਾਂ ਦੇ ਪੁੱਤਰ/ ਪਰਵਾਰਕ ਮੈਂਬਰ ਗੁੰਡਿਆਂ ਵਾਂਗ ਵਿਹਾਰ ਕਰ ਰਹੇ ਹਨ ਅਤੇ ਆਮ ਲੋਕਾਂ ਨਾਲ ਇਸ ਤਰ੍ਹਾਂ ਦੁਰਵਿਹਾਰ ਕਰ ਰਹੇ ਹਨ, ਸੱਤਾ ਵਿਚ ਰਹਿੰਦਿਆਂ ਉਹ ਕਿਸ ਤਰ੍ਹਾਂ ਦਾ ਵਿਹਾਰ ਕਰਦੇ ਸਨ, ਇਸ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ। ਉਹਨਾ ਕਿਹਾ ਕਿ ਪੁਲਸ ਨੂੰ ਕਾਨੂੰਨ ਅਨੁਸਾਰ ਆਪਣਾ ਕੰਮ ਕਰਨ ਦੇਣ ਦੀ ਬਜਾਏ ਸੁਖਜਿੰਦਰ ਰੰਧਾਵਾ ਸਾਰੀ ਰਾਤ ਸੈਕਟਰ 17 ਦੇ ਥਾਣੇ ਵਿੱਚ ਮੌਜੂਦ ਸੀ, ਤਾਂ ਜੋ ਕਾਰਵਾਈ ਨੂੰ ਪ੍ਰਭਾਵਤ ਕੀਤਾ ਜਾ ਸਕੇ ਤੇ ਪੁਲਸ ਮੁਲਾਜ਼ਮਾਂ ਨੂੰ ਡਰਾਇਆ ਜਾ ਸਕੇ। ਉਨ੍ਹਾ ਚੰਡੀਗੜ੍ਹ ਦੇ ਪ੍ਰਸ਼ਾਸਕ ਰਾਜਪਾਲ ਤੋਂ ਮੰਗ ਕੀਤੀ ਕਿ ਜ਼ਖਮੀ ਵਿਦਿਆਰਥੀ ਨੂੰ ਇਨਸਾਫ ਦਿਵਾਇਆ ਜਾਵੇ। ਕੰਗ ਨੇ ਕਿਹਾ ਕਿ ਹੁਣ ਜਦੋਂ ਮਾਨ ਸਰਕਾਰ ਪੰਜਾਬ ਵਿੱਚ ਅਜਿਹੀਆਂ ਗੁੰਡਾਗਰਦੀ ਦੀਆਂ ਕਾਰਵਾਈਆਂ ਦੀ ਇਜਾਜ਼ਤ ਨਹੀਂ ਦਿੰਦੀ ਤਾਂ ਇਹ ਲੋਕ ਚੰਡੀਗੜ੍ਹ ਚਲੇ ਗਏ ਹਨ।

# ਮੋਦੀ ਸਰਕਾਰ ਨੂੰ ਬੇਦਖਲ ਕਰਨ ਲਈ ਸਾਂਝੇ ਕਿਰਤੀ-ਕਿਸਾਨ ਸੰਘਰਸ਼ ਦਾ ਸੱਦਾ

## 3 ਅਕਤੂਬਰ ਨੂੰ ਕਾਲਾ ਦਿਨ, 26-28 ਨਵੰਬਰ ਨੂੰ ਰਾਜ ਭਵਨਾਂ ਅੱਗੇ ਧਰਨੇ ਤੇ ਦਸੰਬਰ-ਜਨਵਰੀ 'ਚ ਸਾਂਝੇ ਪ੍ਰੋਟੈਸਟ







**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**

ਤਾਲਕਟੋਰਾ ਸਟੇਡੀਅਮ ਨਵੀਂ ਦਿੱਲੀ ਵਿਖੇ ਵੀਰਵਾਰ ਹੋਈ ਮਜ਼ਦੂਰਾਂ ਅਤੇ ਕਿਸਾਨਾਂ ਦੀ ਇਤਿਹਾਸਕ ਆਲ ਇੰਡੀਆ ਸਾਂਝੀ ਕਨਵੈਨਸ਼ਨ ਆਉਣ ਵਾਲੇ ਸਮੇਂ ਵਿੱਚ ਸਾਂਝੇ ਅਤੇ ਤਾਲਮੇਲ ਵਾਲੇ ਅੰਦੋਲਨਾਂ ਨੂੰ ਉਭਾਰਨ ਲਈ ਦ੍ਰਿੜ੍ਹ ਸੰਕਲਪ ਸੀ। ਕੇਂਦਰੀ ਟਰੇਡ ਯੂਨੀਅਨਾਂ (ਸੀ ਟੀ ਯੂ)/ ਸੈਕਟੋਰਲ ਫੈਡਰੇਸ਼ਨਾਂ/ਐਸੋਸੀਏਸਨਾਂ ਅਤੇ ਸੰਯੁਕਤ ਕਿਸਾਨ ਮੋਰਚਾ ਦੇ ਪਲੇਟਫਾਰਮ ਦੁਆਰਾ ਸਾਂਝੇ ਤੌਰ 'ਤੇ ਆਯੋਜਿਤ ਕਨਵੈਨਸ਼ਨ ਨੇ ਮਜ਼ਦੂਰਾਂ, ਕਿਸਾਨਾਂ, ਆਮ ਲੋਕਾਂ ਅਤੇ ਆਮ ਤੌਰ 'ਤੇ ਜਮਹੂਰੀਅਤਪਸੰਦ ਲੋਕਾਂ 'ਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਦੇ ਮਾੜੇ ਅਤੇ ਵਿਨਾਸ਼ਕਾਰੀ ਪ੍ਰਭਾਵਾਂ ਦਾ ਮੁਲਾਂਕਣ ਕੀਤਾ।

ਕਨਵੈਨਸ਼ਨ ਨੇ ਆਪਣੇ ਐਲਾਨਨਾਮੇ ਵਿੱਚ ਕੇਂਦਰ ਅਤੇ ਕੁਝ ਰਾਜਾਂ ਵਿੱਚ ਸੱਤਾਧਾਰੀ ਪਾਰਟੀ ਦੀਆਂ ਨੀਤੀਆਂ ਨੂੰ ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ, ਲੋਕ-ਵਿਰੋਧੀ ਅਤੇ ਦੇਸ਼ ਦੇ ਕੌਮੀ ਹਿੱਤਾਂ ਦੇ ਵਿਰੁੱਧ ਕਰਾਰ ਦਿੱਤਾ। ਭਾਰਤੀ ਅਰਥਚਾਰੇ ਨੂੰ ਨੁਕਸਾਨ ਪਹੁੰਚਾਉਣ ਵਾਲੀ ਜ਼ਰੂਰੀ ਵਸਤਾਂ ਦੀ ਬੇਤਹਾਸ਼ਾ ਮਹਿੰਗਾਈ, ਵਧ ਰਹੀ ਨੌਕਰੀਆਂ ਦੇ ਖੁੱਸਣ ਅਤੇ ਵਧ ਰਹੀ ਬੇਰੁਜ਼ਗਾਰੀ, ਮਹਿੰਗੀ ਸਿੱਖਿਆ ਅਤੇ ਸਿਹਤ ਸੰਭਾਲ, ਕਿਸਾਨਾਂ ਦੀ ਪੈਦਾਵਾਰ ਲਈ ਕੋਈ ਐੱਮ ਐੱਸ ਪੀ ਨਾ ਹੋਣ ਨਾਲ ਆਮ ਲੋਕਾਂ ਦੀ ਜ਼ਿੰਦਗੀ ਨੂੰ ਤਰਸਯੋਗ ਬਣਾ ਰਹੀ ਇਸ ਸਰਕਾਰ ਨੂੰ ਚਲਦਾ ਕਰਨ ਦਾ ਸੱਦਾ ਦਿੱਤਾ। ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਗਏ ਵਾਅਦਿਆਂ ਵਿੱਚੋਂ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ, ਜਿਸ ਦੇ ਆਧਾਰ 'ਤੇ ਉਨ੍ਹਾਂ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਰਾਜਧਾਨੀ ਦੀਆਂ ਸਰਹੱਦਾਂ 'ਤੇ ਆਪਣਾ 13 ਮਹੀਨਿਆਂ ਦਾ ਧਰਨਾ ਮੁਲਤਵੀ ਕਰ ਦਿੱਤਾ ਸੀ। ਨਿੱਜੀਕਰਨ ਲਈ ਜਨਤਕ ਖੇਤਰ ਅਤੇ ਸਰਕਾਰੀ ਵਿਭਾਗਾਂ 'ਤੇ ਹਮਲੇ ਜਾਰੀ ਹਨ, ਕੋਈ ਭਰਤੀ ਨਹੀਂ ਕੀਤੀ ਜਾ ਰਹੀ, ਆਊਟਸੋਰਸਿੰਗ ਅਤੇ ਠੇਕੇਦਾਰੀਕਰਨ ਜ਼ੋਰਾਂ 'ਤੇ ਹੈ, ਕਿਰਤ ਕਾਨੂੰਨਾਂ ਨੂੰ ਮਾਲਕਾਂ ਦੇ ਹੱਕ ਵਿੱਚ ਅਤੇ ਮਜ਼ਦੂਰਾਂ ਦੇ ਹਿੱਤਾਂ ਦੇ ਵਿਰੁੱਧ ਕੋਡਬੱਧ ਕੀਤਾ ਜਾ ਰਿਹਾ ਹੈ।

ਲੋਕ-ਵਿਰੋਧੀ ਵੰਡ-ਪਾਊ ਧਰੁਵੀਕਰਨ ਲਈ ਨਫਰਤ ਫੈਲਾਉਣ ਵਾਲੇ ਸਮੂਹਾਂ ਅਤੇ ਤਾਕਤਾਂ ਅਤੇ ਹਿੰਸਾ ਵਿੱਚ ਲਿਪਤ ਸਮੂਹਾਂ ਨੂੰ ਸੱਤਾਧਾਰੀ ਹਲਕਿਆਂ ਦੇ ਤਾਕਤਵਰ ਲੋਕਾਂ ਦਾ ਪੂਰਨ ਸਮਰਥਨ ਮਿਲਦਾ ਹੈ। ਲੋਕਾਂ ਦਾ ਧਿਆਨ ਉਨ੍ਹਾਂ ਦੀ ਰੋਜ਼ੀ-ਰੋਟੀ ਦੇ ਮਸਲਿਆਂ ਤੋਂ ਭਟਕਾਉਣ ਲਈ ਕੀਤੀਆਂ ਗਈਆਂ ਇਹ ਕੋਝੀਆਂ ਚਾਲਾਂ ਦੇਸ਼ ਦੇ ਸਮਾਜਕ ਤਾਣੇ-ਬਾਣੇ, ਏਕਤਾ ਅਤੇ ਅਖੰਡਤਾ ਲਈ ਖਤਰਨਾਕ ਹੋਣ ਦੇ ਨਾਲ-ਨਾਲ ਘਾਤਕ ਵੀ ਹਨ। ਕਨਵੈਨਸ਼ਨ ਦੁਆਰਾ ਅਪਣਾਏ ਗਏ ਐਲਾਨਨਾਮੇ ਵਿਚ ਕਿਹਾ ਗਿਆ ਕਿ ਅਜਿਹੀ ਬੇਰਹਿਮ ਸਰਕਾਰ ਰਾਸ਼ਟਰੀ ਹਿੱਤਾਂ ਦੇ ਵਿਰੁੱਧ ਹੈ, ਉਸ ਨੂੰ ਸੱਤਾ ਦੀ ਕੁਰਸੀ 'ਤੇ ਰਹਿਣ ਦਾ ਅਧਿਕਾਰ ਨਹੀਂ ਅਤੇ ਉਸ ਨੂੰ ਬੇਦਖਲ ਕੀਤਾ ਜਾਣਾ ਚਾਹੀਦਾ ਹੈ। ਕਨਵੈਨਸ਼ਨ ਨੇ ਮੰਗਾਂ ਦਾ ਚਾਰਟਰ ਅਪਣਾਇਆ ਅਤੇ ਆਉਣ ਵਾਲੇ ਦਿਨਾਂ ਵਿੱਚ ਦੇਸ਼-ਵਿਆਪੀ ਐਕਸ਼ਨ ਪ੍ਰੋਗਰਾਮ ਕਰਨ ਦਾ ਸੱਦਾ ਦਿੱਤਾ ਹੈ।

ਕਨਵੈਨਸ਼ਨ ਨੇ ਉਪਰੋਕਤ ਮੰਗਾਂ ਲਈ ਕੰਮ ਕਰਨ ਤੋਂ ਇਲਾਵਾ ਦੇਸ਼ ਭਰ ਦੇ ਸਮੂਹ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਆਉਣ ਵਾਲੇ ਦਿਨਾਂ ਵਿੱਚ ਸਾਂਝੇ ਅਤੇ ਤਾਲਮੇਲ ਵਾਲੇ ਐਕਸ਼ਨਾਂ ਵਿੱਚ ਅੱਗੇ ਆਉਣ ਅਤੇ ਭਾਗ ਲੈਣ ਦੀ ਅਪੀਲ ਕਰਨ ਦਾ ਮਤਾ ਪਾਸ ਕੀਤਾ।

ਮਤੇ 'ਚ 3 ਅਕਤੂਬਰ (2021 ਵਿੱਚ ਕਿਸਾਨਾਂ ਦਾ ਲਖੀਮਪੁਰ ਖੀਰੀ ਕਤਲੇਆਮ) ਨੂੰ ਕਾਲੇ ਦਿਨ ਵਜੋਂ ਮਨਾਉਣ, ਕਥਿਤ ਸਾਜ਼ਿਸ਼ਕਰਤਾ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਨੂੰ ਬਰਖਾਸਤ ਕਰਨ ਅਤੇ ਮੁਕੱਦਮਾ ਚਲਾਉਣ ਦੀ ਮੰਗ ਉਭਾਰਨ ਦੀ ਅਪੀਲ ਕੀਤੀ ਗਈ।

26 ਤੋਂ 28 ਨਵੰਬਰ ਤੱਕ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਰਾਜਧਾਨੀਆਂ ਵਿੱਚ ਰਾਜ ਭਵਨਾਂ ਦੇ ਸਾਹਮਣੇ ਦਿਨ-ਰਾਤ ਦੇ ਸੰਘਰਸ਼ ਕਰਨ ਦੀ ਮੰਗ ਕੀਤੀ ਗਈ। (26 ਨਵੰਬਰ 2020 ਮਜ਼ਦੂਰਾਂ ਦੁਆਰਾ ਆਲ ਇੰਡੀਆ ਆਮ ਹੜਤਾਲ ਦਾ ਦਿਨ ਸੀ ਅਤੇ ਕਿਸਾਨਾਂ ਵੱਲੋਂ ਸੰਸਦ ਵੱਲ ਇਤਿਹਾਸਕ ਮਾਰਚ ਦਾ ਪਹਿਲਾ ਦਿਨ ਸੀ।)

ਦਸੰਬਰ/ ਜਨਵਰੀ 'ਚ ਦੇਸ਼ ਭਰ ਵਿੱਚ ਵਿਸ਼ਾਲ ਸੰਯੁਕਤ ਵਿਰੋਧ ਕਾਰਵਾਈਆਂ ਕਰਨ ਦੀ ਅਪੀਲ ਕੀਤੀ ਗਈ ਹੈ।

# ਭਾਰਤੀ ਕੁਸ਼ਤੀ ਫੈਡਰੇਸ਼ਨ ਮੁਅੱਤਲ

## ਭਲਵਾਨ ਦੇਸ਼ ਦੇ ਝੰਡੇ ਹੇਠ ਕੌਮਾਂਤਰੀ ਮੁਕਾਬਲੇ ਨਹੀਂ ਲੜ ਸਕਣਗੇ



ਬ੍ਰਿਜ ਭੂਸ਼ਣ ਸਿੰਘ

**ਨਵੀਂ ਦਿੱਲੀ** : ਕੁਸ਼ਤੀ ਦੀ ਵਿਸ਼ਵ ਸੰਚਾਲਨ ਸੰਸਥਾ ਯੂਨਾਈਟਿਡ ਵਰਲਡ ਰੈਸਲਿੰਗ (ਯੂ ਡਬਲਿਊ ਡਬਲਿਊ) ਨੇ ਭਾਰਤੀ ਕੁਸ਼ਤੀ ਫੈਡਰੇਸ਼ਨ ਨੂੰ ਸਮੇਂ 'ਤੇ ਚੋਣਾਂ ਨਾ ਕਰਵਾਉਣ ਕਾਰਨ ਮੁਅੱਤਲ ਕਰ ਦਿੱਤਾ ਹੈ। ਇਸ ਨਾਲ ਭਾਰਤੀ ਭਲਵਾਨਾਂ ਨੂੰ ਵਿਸ਼ਵ ਚੈਂਪੀਅਨਸ਼ਿਪ 'ਚ ਭਾਰਤੀ ਝੰਡੇ ਹੇਠ ਮੁਕਾਬਲਾ ਕਰਨ ਦੀ ਇਜਾਜ਼ਤ ਨਹੀਂ ਮਿਲੇਗੀ। ਭਾਰਤੀ ਭਲਵਾਨਾਂ ਨੂੰ 16 ਸਤੰਬਰ ਤੋਂ ਸਰਬੀਆ ਵਿਚ ਸ਼ੁਰੂ ਹੋਣ ਵਾਲੀ ਉਲੰਪਿਕ-ਕੁਆਲੀਫਾਇੰਗ ਵਿਸ਼ਵ ਚੈਂਪੀਅਨਸ਼ਿਪ ਵਿਚ 'ਅਧਿਕਾਰਤ ਨਿਰਪੱਖ ਐਥਲੀਟਾਂ' (ਆਥੋਰਾਈਜ਼ਡ ਨਿਊਟਰਲ ਐਥਲੀਟ) ਵਜੋਂ ਯੂ ਡਬਲਿਊ ਡਬਲਿਊ ਦੇ ਝੰਡੇ ਹੇਠ ਮੁਕਾਬਲਾ ਕਰਨਾ ਹੋਵੇਗਾ, ਕਿਉਂਕਿ ਭੁਪਿੰਦਰ ਸਿੰਘ ਬਾਜਵਾ ਦੀ ਅਗਵਾਈ ਵਾਲੇ ਐਡ-ਹਾਕ ਪੈਨਲ ਨੇ ਚੋਣਾਂ ਕਰਵਾਉਣ ਲਈ ਤੈਅ 45 ਦਿਨਾਂ ਦੀ ਸਮਾਂ ਸੀਮਾ ਨੂੰ ਟਪਾ ਦਿੱਤਾ ਹੈ। ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਤੇ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਨ ਸਿੰਘ ਉੱਤੇ ਮਹਿਲਾ ਭਲਵਾਨਾਂ ਨਾਲ ਯੌਨ ਸ਼ੋਸ਼ਣ ਦੇ ਦੋਸ਼ਾਂ ਨੂੰ ਲੈ ਕੇ ਹੋਏ ਅੰਦੋਲਨ ਤੋਂ ਬਾਅਦ ਭਾਰਤੀ ਉਲੰਪਿਕ ਐਸੋਸੀਏਸ਼ਨ ਨੇ 27 ਅਪਰੈਲ ਨੂੰ ਐਡ-ਹਾਕ ਪੈਨਲ ਦੀ ਨਿਯੁਕਤੀ ਕੀਤੀ ਸੀ ਅਤੇ ਕਮੇਟੀ ਨੇ 45 ਦਿਨਾਂ ਦੇ ਅੰਦਰ (15 ਜੁਲਾਈ ਤੱਕ) ਚੋਣਾਂ ਕਰਾਉਣੀਆਂ ਸਨ। ਯੂ ਡਬਲਿਊ ਡਬਲਿਊ ਨੇ 28 ਅਪਰੈਲ ਨੂੰ ਚੇਤਾਵਨੀ ਦਿੱਤੀ ਸੀ ਕਿ ਜੇ ਚੋਣਾਂ ਕਰਵਾਉਣ ਦੀ ਸਮਾਂ ਸੀਮਾ ਦਾ ਸਨਮਾਨ ਨਾ ਕੀਤਾ ਗਿਆ ਤਾਂ ਉਹ ਭਾਰਤੀ ਕੁਸ਼ਤੀ ਫੈਡਰੇਸ਼ਨ ਨੂੰ ਮੁਅੱਤਲ ਕਰ ਸਕਦੀ ਹੈ। ਆਥੋਰਾਈਜ਼ਡ ਨਿਊਟਰਲ ਐਥਲੀਟ (ਏ ਐੱਨ ਏ) ਕੈਟੇਗਰੀ ਤਹਿਤ ਕਿਸੇ ਵਿਵਾਦ ਦੀ ਸੂਰਤ 'ਚ ਸੰਬੰਧਤ ਦੇਸ਼ ਦੇ ਐਥਲੀਟ ਕੌਮਾਂਤਰੀ ਮੁਕਾਬਲਿਆਂ ਵਿਚ ਹਿੱਸਾ ਲੈਂਦੇ ਹਨ। ਜੇ ਤਮਗਾ ਜਿੱਤਦੇ ਹਨ ਤਾਂ ਦੇਸ਼ ਦੇ ਖਾਤੇ ਵਿਚ ਨਹੀਂ ਜਾਂਦਾ। ਤਮਗਾ ਹਾਸਲ ਕਰਨ ਵੇਲੇ ਦੇਸ਼ ਦਾ ਤਰਾਨਾ ਵੀ ਨਹੀਂ ਵਜਦਾ। ਇਸ ਸਾਲ ਜਨਵਰੀ ਤੇ ਅਪ੍ਰੈਲ ਵਿਚ ਕੌਮਾਂਤਰੀ ਭਲਵਾਨਾਂ ਸਾਕਸ਼ੀ ਮਲਿਕ, ਵਿਨੇਸ਼ ਫੋਗਾਟ ਤੇ ਬਜਰੰਗ ਪੂਨੀਆ ਦੀ ਅਗਵਾਈ ਵਿਚ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਭਲਵਾਨਾਂ ਨੇ ਦਿੱਲੀ ਦੇ ਜੰਤਰ-ਮੰਤਰ ਵਿਚ ਧਰਨਾ ਦਿੱਤਾ ਸੀ। ਐਡ-ਹਾਕ ਕਮੇਟੀ ਨੇ 12 ਅਗਸਤ ਨੂੰ ਚੋਣਾਂ ਦੀ ਤਰੀਕ ਮਿੱਥੀ ਸੀ, ਪਰ ਹਰਿਆਣਾ ਕੁਸ਼ਤੀ ਐਸੋਸੀਏਸ਼ਨ ਨੇ ਇਸ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦੇ ਦਿੱਤੀ। ਉਸ ਦਾ ਕਹਿਣਾ ਸੀ ਕਿ ਉਸ ਨੂੰ ਵੋਟਿੰਗ ਦਾ ਅਧਿਕਾਰ ਨਹੀਂ ਦਿੱਤਾ ਗਿਆ, ਜਦਕਿ ਉਹ ਹਰਿਆਣਾ ਉਲੰਪਿਕ ਐਸੋਸੀਏਸ਼ਨ ਨਾਲ ਐਫੀਲੀਏਟਿਡ ਹੈ। ਉਸ ਦੀ ਥਾਂ ਹਰਿਆਣਾ ਐਮਚਿਓਰ ਰੈਸਲਿੰਗ ਐਸੋਸੀਏਸ਼ਨ ਨੂੰ ਵੋਟ ਦਾ ਅਧਿਕਾਰ ਦੇ ਦਿੱਤਾ ਗਿਆ। ਹਾਈ ਕੋਰਟ ਨੇ ਦਲੀਲਾਂ ਸੁਣਨ ਤੋਂ ਬਾਅਦ ਚੋਣਾਂ 'ਤੇ 28 ਅਗਸਤ ਤੱਕ ਰੋਕ ਲਾ ਦਿੱਤੀ ਸੀ। ਉਸ ਦਿਨ ਅਗਲੀ ਸੁਣਵਾਈ ਹੋਣੀ ਹੈ।

## ਅੱਧੇ ਮਿੰਟ 'ਚ 7 ਇਮਾਰਤਾਂ ਡਿੱਗੀਆਂ



**ਸ਼ਿਮਲਾ** : ਕੁੱਲੂ ਜ਼ਿਲ੍ਹੇ ਦੇ ਆਨੀ ਵਿਚ ਵੀਰਵਾਰ ਸਵੇਰੇ ਸਾਢੇ 9 ਵਜੇ ਬੱਸ ਸਟੈਂਡ ਕੋਲ 30 ਸਕਿੰਟਾਂ ਵਿਚ 7 ਇਮਾਰਤਾਂ ਡਿੱਗ ਗਈਆਂ। ਕਿਸੇ ਦੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ, ਕਿਉਂਕਿ ਇਨ੍ਹਾਂ ਨੂੰ ਤਿੰਨ ਦਿਨ ਪਹਿਲਾਂ ਖਾਲੀ ਕਰਵਾ ਲਿਆ ਗਿਆ ਸੀ। ਨੇੜਲੀਆਂ 2-3 ਇਮਾਰਤਾਂ 'ਤੇ ਖਤਰਾ ਬਣਿਆ ਹੋਇਆ ਸੀ। ਜਦੋਂ ਇਮਾਰਤਾਂ ਡਿੱਗੀਆਂ ਬੱਸ ਸਟੈਂਡ ਵਿਖੇ ਖੜ੍ਹੇ ਲੋਕਾਂ ਨੇ ਭੱਜ ਕੇ ਜਾਨਾਂ ਬਚਾਈਆਂ।

ਹਿਮਾਚਲ ਵਿਚ ਪਿਛਲੇ 24 ਘੰਟਿਆਂ ਵਿਚ ਭਾਰੀ ਬਾਰਸ਼ ਕਾਰਨ 12 ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ ਵਿੱਚੋਂ 7 ਮੌਤਾਂ ਮੰਡੀ ਤੇ ਸ਼ਿਮਲਾ ਵਿਚ ਪਹਾੜ ਖਿਸਕਣ ਨਾਲ ਹੋਈਆਂ। ਕਈ ਘਰ ਟੁੱਟ ਗਏ ਹਨ ਤੇ 400 ਸੜਕਾਂ ਬਲਾਕ ਹੋ ਗਈਆਂ ਹਨ। ਸੂਬੇ ਵਿਚ ਅਗਲੇ ਦੋ ਦਿਨ ਭਾਰੀ ਬਾਰਸ਼ ਦਾ ਰੈੱਡ ਅਲਰਟ ਜਾਰੀ ਕੀਤਾ ਗਿਆ ਹੈ। ਭਾਰੀ ਬਾਰਸ਼ ਕਾਰਨ ਕੁੱਲੂ-ਮੰਡੀ ਹਾਈਵੇਅ ਨੂੰ ਨੁਕਸਾਨ ਪਹੁੰਚਿਆ ਹੈ। ਇਸ ਕਾਰਨ ਸੈਂਕੜੇ ਵਾਹਨ ਫਸ ਗਏ ਹਨ। 5-10 ਕਿਲੋਮੀਟਰ ਤੱਕ ਟ੍ਰੈਫਿਕ ਜਾਮ ਹੈ। ਲੋਕਾਂ ਕੋਲ ਖਾਣ-ਪੀਣ ਲਈ ਕੁਝ ਨਹੀਂ ਹੈ। ਅਧਿਕਾਰੀ ਨੇ ਕਿਹਾ ਕਿ ਲੋਕ ਨਿਰਮਾਣ ਵਿਭਾਗ ਜਲਦੀ ਤੋਂ ਜਲਦੀ ਆਵਾਜਾਈ ਦੇ ਆਮ ਵਾਂਗ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪੰਡੋਹ ਰਾਹੀਂ ਜਾਣ ਵਾਲਾ ਬਦਲਵਾਂ ਰਸਤਾ ਵੀ ਨੁਕਸਾਨਿਆ ਗਿਆ ਹੈ। ਇਸ ਲਈ ਕੁੱਲੂ ਦੀ ਐੱਸ ਪੀ ਸਾਕਸ਼ੀ ਵਰਮਾ ਨੇ ਕਿਹਾ ਕਿ ਆਵਾਜਾਈ ਨੂੰ ਫਿਲਹਾਲ ਰੋਕ ਦਿੱਤਾ ਗਿਆ ਹੈ।

# ਹੱਥ ਮਿਲਾਇਆ ਤੇ ਗੱਲ ਕੀਤੀ



**ਜੋਹਾਨਸਬਰਗ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਵੀਰਵਾਰ ਇੱਥੇ ਬ੍ਰਿਕਸ ਸੰਮੇਲਨ ਵਿਚ ਹੱਥ ਮਿਲਾਇਆ ਤੇ ਸੰਖੇਪ ਗੱਲਬਾਤ ਕੀਤੀ। ਸਮੂਹ ਦੇ ਨੇਤਾਵਾਂ ਵੱਲੋਂ 15ਵੇਂ ਬ੍ਰਿਕਸ ਸਿਖਰ ਸੰਮੇਲਨ ਦਾ ਸਾਂਝਾ ਬਿਆਨ ਜਾਰੀ ਕਰਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਅਤੇ ਚੀਨੀ ਰਾਸ਼ਟਰਪਤੀ ਆਪਣੀਆਂ ਨਿਰਧਾਰਤ ਸੀਟਾਂ 'ਤੇ ਬੈਠਣ ਤੋਂ ਪਹਿਲਾਂ ਗੱਲਬਾਤ ਕਰਦੇ ਦੇਖੇ ਗਏ। ਨਾਲ ਹੀ ਸੰਬੋਧਨ ਤੋਂ ਬਾਅਦ ਦੋਵਾਂ ਨੇਤਾਵਾਂ ਨੂੰ ਸਟੇਜ 'ਤੇ ਹੱਥ ਮਿਲਾਉਂਦੇ ਹੋਏ ਦੇਖਿਆ ਗਿਆ।

### ਛੇ ਨਵੇਂ ਮੈਂਬਰ

**ਜੋਹਾਨਸਬਰਗ** : ਬ੍ਰਿਕਸ ਸਮੂਹ ਨੇ ਵੀਰਵਾਰ ਐਲਾਨ ਕੀਤਾ ਕਿ ਛੇ ਦੇਸ਼ ਮਿਸਰ, ਇਥੋਪੀਆ, ਈਰਾਨ, ਅਰਜਨਟੀਨਾ, ਯੂ ਏ ਈ ਅਤੇ ਸਾਊਦੀ ਅਰਬ ਨੂੰ ਫੁੱਲ ਟਾਈਮ ਮੈਂਬਰ ਵਜੋਂ ਸ਼ਾਮਲ ਕੀਤਾ ਜਾਵੇਗਾ। ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਨੇ ਬ੍ਰਿਕਸ ਸੰਮੇਲਨ 'ਚ ਇਹ ਐਲਾਨ ਕੀਤਾ।

ਇਹ ਮੈਂਬਰਸ਼ਿਪ 1 ਜਨਵਰੀ 2024 ਤੋਂ ਲਾਗੂ ਹੋਵੇਗੀ।

## ਸਕੂਲ ਮਾਈਗ੍ਰੇਸ਼ਨ 15 ਨਵੰਬਰ ਤੱਕ

**ਮੁਹਾਲੀ** : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸੈਸ਼ਨ 2023-24 ਲਈ ਪੰਜਵੀਂ, ਅੱਠਵੀਂ, ਨੌਂਵੀਂ, ਦਸਵੀਂ, ਗਿਆਰ੍ਹਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਲਈ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਸੰਬੰਧੀ ਸ਼ਡਿਊਲ ਜਾਰੀ ਕੀਤਾ ਗਿਆ ਹੈ। ਬੋਰਡ ਦੇ ਬੁਲਾਰੇ ਨੇ ਦੱਸਿਆ ਕਿ ਪੰਜਾਬ ਬੋਰਡ ਨਾਲ ਸੰਬੰਧਤ ਸਮੂਹ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਈਗ੍ਰੇਸ਼ਨ 1000 ਰੁਪਏ ਫੀਸ ਨਾਲ 15 ਨਵੰਬਰ ਤੱਕ ਕਰਵਾਈ ਜਾ ਸਕਦੀ ਹੈ। ਇਸੇ ਤਰ੍ਹਾਂ ਦੂਜੇ ਬੋਰਡਾਂ/ਰਾਜਾਂ 'ਚ ਪੜ੍ਹਦੇ ਵਿਦਿਆਰਥੀ ਵੀ 15 ਨਵੰਬਰ ਤੱਕ ਇੰਟਰ ਬੋਰਡ ਮਾਈਗ੍ਰੇਸ਼ਨ 3000 ਰੁਪਏ ਫੀਸ ਨਾਲ ਕਰਵਾ ਸਕਦੇ ਹਨ। ਨਿਰਧਾਰਤ ਮਿਤੀ ਤੋਂ ਬਾਅਦ ਕੋਈ ਵੀ ਕੇਸ ਵਿਚਾਰਿਆ ਨਹੀਂ ਜਾਵੇਗਾ।

### ਨਤੀਜੇ ਦਾ ਐਲਾਨ

**ਮੋਹਾਲੀ** : ਪੰਜਾਬ ਸਕੂਲ ਸਿੱਖਿਆ ਬੋਰਡ ਨੇ ਦਸਵੀਂ ਦੀ ਵਾਧੂ ਵਿਸ਼ਾ ਪੰਜਾਬੀ ਪ੍ਰੀਖਿਆ ਦਾ ਨਤੀਜਾ ਐਲਾਨ ਦਿੱਤਾ ਹੈ। ਇਹ ਪ੍ਰੀਖਿਆ 28 ਅਤੇ 29 ਜੁਲਾਈ ਨੂੰ ਕਰਵਾਈ ਗਈ ਸੀ। ਨਤੀਜਾ ਬੋਰਡ ਦੀ ਵੈਬਸਾਈਟ 'ਤੇ ਦੇਖਿਆ ਜਾ ਸਕਦਾ ਹੈ।

## ਅੱਜ-ਨਾਮਾ

ਹੋਈ ਚੰਦ ਤੱਕ ਪਹੁੰਚ ਤਾਂ ਠੀਕ ਹੋਇਆ,
ਅਗਲਾ ਮਕਸਦ ਕੁਝ ਲੈਣਗੇ ਸੋਚ ਬੇਲੀ।
ਕਹਿੰਦੇ ਮੰਗਲ 'ਤੇ ਜਾਣਾ ਈ ਪਹੁੰਚ ਛੇਤੀ,
ਅਗਲੇ ਤਾਰੇ ਕਈ ਤੱਕਣ ਦੀ ਲੋਚ ਬੇਲੀ।
ਫੁਰਨਾ ਜਿੱਦਾਂ ਦਾ ਕਦੀ ਕੋਈ ਫੁਰ ਜਾਵੇ,
ਫੁਰਨਾ ਲੈਂਦੇ ਹਨ ਝਟਾ-ਪਟ ਬੋਚ ਬੇਲੀ।
ਸ਼ਾਬਾਸ਼ ਆਖਦੇ ਲੋਕ ਵਿਗਿਆਨੀਆਂ ਦੀ,
ਸੋਚ ਨੂੰ ਆਉਣ ਨਾ ਦੇਂਦੇ ਈ ਮੋਚ ਬੇਲੀ।
ਨਾਲ ਸ਼ਾਬਾਸ਼ ਜੀ ਦੇਸ਼ ਦੇ ਵਾਸੀਆਂ ਲਈ,
ਜਿਨ੍ਹਾਂ ਦੇ ਨੀਤ ਦੇ ਵਿੱਚ ਨਹੀਂ ਖੋਟ ਬੇਲੀ।
ਕਰ ਕੇ ਕਿਰਤ ਖਜ਼ਾਨੇ ਵਿੱਚ ਪਾਉਣ ਪੈਸਾ,
ਆਵਣ ਦੇਂਦੇ ਨਹੀਂ ਖਰਚ ਦੀ ਤੋਟ ਬੇਲੀ।

-ਤੀਸ ਮਾਰ ਖਾਂ

## ਕਾਮਰੇਡ ਜੰਗੀਰ ਸਿੰਘ ਜੋਗਾ ਹਰੇਕ ਵਿਅਕਤੀ ਨੂੰ ਰੁਜ਼ਗਾਰ ਦੇਣ ਦੀ ਸੋਚ ਦੇ ਧਾਰਨੀ ਸਨ : ਮਾੜੀਮੇਘਾ



**ਜੋਗਾ** : ਕਾਮਰੇਡ ਜੰਗੀਰ ਸਿੰਘ ਜੋਗਾ ਦੀ 21ਵੀਂ ਬਰਸੀ ਉਨ੍ਹਾ ਦੀ ਯਾਦਗਾਰ 'ਤੇ ਪਿੰਡ ਨਿਵਾਸੀਆਂ ਨੇ ਸਾਂਝੇ ਤੌਰ 'ਤੇ ਮਨਾਈ। ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਕੀਰਤਨ ਹੋਇਆ। ਕੀਰਤਨ ਉਪਰੰਤ ਸ਼ਰਧਾਂਜਲੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ- ਕਿਸਾਨ ਭਰਾਓ, ਆਪਾਂ ਜੋਗਾ ਜੀ ਦੀ ਬਦੌਲਤ ਹੀ ਜ਼ਮੀਨਾਂ ਦੇ ਮਾਲਕ ਬਣੇ ਹਾਂ। ਇਸ ਇਲਾਕੇ ਵਿੱਚ ਜੋਗਾ ਜੀ ਤੇ ਧਰਮ ਸਿੰਘ ਫੱਕਰ ਦੀ ਅਗਵਾਈ ਹੇਠ ਜ਼ਮੀਨਾਂ ਦੀ ਪ੍ਰਾਪਤੀ ਲਈ ਸੰਘਰਸ਼ ਲੜਿਆ ਗਿਆ ਤੇ 28000 ਏਕੜ ਦੇ ਕਰੀਬ ਜ਼ਮੀਨ ਜਗੀਰਦਾਰਾਂ ਤੋਂ ਖੋਹ ਕੇ ਕਿਰਤੀਆਂ ਵਿੱਚ ਵੰਡੀ ਗਈ। ਕਿਰਤੀ ਭਾਵ ਜ਼ਮੀਨ 'ਤੇ ਕਿਰਤ ਕਰਦਾ ਕਿਸਾਨ। 1952 ਵਿੱਚ ਪੈਪਸੂ ਦੀਆਂ ਚੋਣਾਂ ਹੋਈਆਂ ਤਾਂ ਕਾਂਗਰਸ ਆਗੂ ਕਹਿੰਦੇ ਜੋਗਾ ਜੀ ਤੁਸੀਂ ਪੈਪਸੂ ਦੇ ਮੁੱਖ ਮੰਤਰੀ ਬਣ ਜਾਓ। ਜੋਗਾ ਜੀ ਨੇ ਇਸ ਕਰਕੇ ਨਾਂਹ ਕਰ ਦਿੱਤੀ ਕਿ ਮੈਂ ਜਗੀਰਦਾਰ ਕਾਂਗਰਸੀਆਂ ਨਾਲ ਚੱਲ ਨਹੀਂ ਸਕਦਾ, ਮੈਂ ਤਾਂ ਜਗੀਰਦਾਰਾਂ ਵਿਰੁੱਧ ਲੜਿਆ ਹਾਂ ਤੇ ਲੜਦਾ ਰਹਾਂਗਾ। ਜੋਗਾ ਜੀ ਨੇ ਜਗੀਰਦਾਰੀ ਤੋਂ ਇਲਾਵਾ ਕੁਨਬਾਪਰਵਰੀ ਦੇ ਵਿਰੁੱਧ ਵੀ ਸੰਘਰਸ਼ ਜਾਰੀ ਰੱਖਿਆ। ਵਿਧਾਨ ਸਭਾ ਵਿੱਚ ਉਹ ਇਕੱਲੇ ਜੋਗਾ ਹਲਕੇ ਦੇ ਕੰਮਾਂ ਵਾਸਤੇ ਹੀ ਲੜਾਈ ਥੋੜ੍ਹਾ ਲੜਦੇ ਸਨ, ਉਹ ਪੰਜਾਬ ਦੀ ਸਾਰੀ ਵਸੋਂ ਦੀ ਲੜਾਈ ਲੜਦੇ ਸਨ। ਉਨ੍ਹਾ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ਾਂ ਦੇ ਜ਼ੁਲਮ ਝੱਲੇ, ਕਈ ਵਾਰ ਜੇਲ੍ਹ ਵਿੱਚ ਬੰਦ ਰਹੇ। ਅੰਗਰੇਜ਼ਾਂ ਤੋਂ ਸਿਰਫ ਦੇਸ਼ ਆਜ਼ਾਦ ਕਰਵਾਉਣ ਤੱਕ ਹੀ ਸੀਮਤ ਨਹੀਂ ਸਨ, ਉਹ ਤਾਂ ਆਜ਼ਾਦੀ ਤੋਂ ਬਾਅਦ ਦੇਸ਼ ਵਿੱਚ ਖੁਸ਼ਹਾਲੀ ਚਾਹੁੰਦੇ ਸਨ। ਖੁਸ਼ਹਾਲੀ ਤਾਂ ਹੀ ਪਰਤ ਸਕਦੀ ਸੀ, ਜੇ ਹਰੇਕ ਵਿਅਕਤੀ ਨੂੰ ਰੁਜ਼ਗਾਰ ਮਿਲਦਾ। ਇਸ ਦਾ ਮਤਲਬ ਉਨ੍ਹਾ ਦੀ ਸੋਚ ਹਰ ਇੱਕ ਨੂੰ ਰੁਜ਼ਗਾਰ ਦੇਣ ਵਾਲੀ ਸੀ। ਉਹ ਜ਼ਿੰਦਗੀ ਦੇ ਆਖਰੀ ਪਲਾਂ ਤੱਕ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਮੈਂਬਰ ਰਹੇ।

ਸਮਾਗਮ ਦੀ ਕਰਤਾ-ਧਰਤਾ ਉਨ੍ਹਾ ਦੀ ਧੀ ਅੰਮ੍ਰਿਤਪਾਲ ਸੀ, ਉਹ ਪੰਜਾਬ ਇਸਤਰੀ ਸਭਾ ਵਿੱਚ ਵੀ ਸਰਗਰਮ ਹਨ। ਵਿਦੇਸ਼ ਵਿੱਚੋਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀ ਮੈਂਬਰ ਹਰਮਿੰਦਰ ਕੌਰ ਜੋਗਾ ਵੀ ਦੇਖ-ਰੇਖ ਕਰ ਰਹੇ ਸਨ। ਸਾਬਕਾ ਐੱਮ ਐੱਲ ਏ ਨਾਜਰ ਸਿੰਘ ਮਾਨਸ਼ਾਹੀਆ ਤੇ ਕਾਂਗਰਸ ਦੇ ਵਿਜੇ ਸਿੰਗਲਾ ਸਾਬਕਾ ਮੰਤਰੀ ਨੇ ਵੀ ਉਹਨਾ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਇਨ੍ਹਾਂ ਤੋਂ ਇਲਾਵਾ ਨੱਥੂ ਸਿੰਘ ਸੀ ਪੀ ਆਈ ਦੇ ਜ਼ਿਲ੍ਹਾ ਕੌਂਸਲ ਮੈਂਬਰ ਮਾਨਸਾ ਵੀ ਸ਼ਾਮਲ ਸਨ। ਅਖੀਰ ਵਿੱਚ ਅਤੁੱਟ ਲੰਗਰ ਵਰਤਾਇਆ ਗਿਆ।

## ਬੀਬੀ ਕੈਲਾਸ਼ਵੰਤੀ ਦੇ ਪਰਵਾਰ ਵੱਲੋਂ ਪੰਜਾਬ ਸੀ ਪੀ ਆਈ ਨੂੰ ਸਹਾਇਤਾ



**ਚੰਡੀਗੜ੍ਹ** : ਚੰਡੀਗੜ੍ਹ ਵਿਚ ਸੀ ਪੀ ਆਈ ਦੇ ਦਫਤਰ ਅਜੈ ਭਵਨ ਵਿਖੇ ਵੀਰਵਾਰ ਜੀਤ ਕੁਮਾਰ ਅਤੇ ਬਲਵਿੰਦਰ ਜੰਮੂ ਦੀ ਅਗਵਾਈ ਵਿਚ ਮਰਹੂਮ ਬੀਬੀ ਕੈਲਾਸ਼ਵੰਤੀ ਦੇ ਸਮੁੱਚੇ ਪਰਵਾਰ ਵੱਲੋਂ 50,000 ਰੁਪਏ ਪੰਜਾਬ ਸੀ ਪੀ ਆਈ ਨੂੰ ਸਪੈਸ਼ਲ ਫੰਡ ਵਜੋਂ ਭੇਟ ਕੀਤੇ ਗਏ। ਯਾਦ ਰਹੇ ਕਾਮਰੇਡ ਬੀਬੀ ਕੈਲਾਸ਼ਵੰਤੀ ਪੰਜਾਬ ਇਸਤਰੀ ਸਭਾ ਦੇ ਅਤੇ ਸੀ ਪੀ ਆਈ ਦੇ ਪ੍ਰਸਿੱਧ ਆਗੂ ਸਨ। ਉਹਨਾ ਨੂੰ ਆਪਣੇ ਪਰਵਾਰ ਵੱਲੋਂ ਹੀ ਕਮਿਊਨਿਸਟ ਵਿਰਸਾ ਮਿਲਿਆ ਸੀ। ਉਹਨਾ ਸਾਰੀ ਉਮਰ ਲੋਕਾਂ ਅਤੇ ਪਾਰਟੀ ਸਰਗਰਮੀਆਂ ਦੇ ਲੇਖੇ ਵਚਨਬੱਧਤਾ ਨਾਲ ਲਾਈ। ਉਹਨਾ ਦੀਆਂ ਧੀਆਂ ਬੀਬੀ ਸੁਦੇਸ਼, ਬੀਬੀ ਉਪਦੇਸ਼, ਬੀਬੀ ਰਮੇਸ਼ ਆਪਣੇ-ਆਪਣੇ ਸਹੁਰਾ ਪਰਵਾਰਾਂ ਸਮੇਤ ਪਾਰਟੀ ਵਿਚ ਜਾਂ ਅਵਾਮੀ ਜਥੇਬੰਦੀਆਂ ਵਿਚ ਸਰਗਰਮ ਹਨ। ਉਹਨਾ ਦਾ ਇੱਕ ਪੁੱਤਰ ਚੰਦਰ ਭਾਨ ਸੀ, ਜੋ ਮੰਦੇ ਭਾਗੀਂ ਪਿਛਲੇ ਸਮੇਂ ਸਦੀਵੀ ਵਿਛੋੜਾ ਦੇ ਗਿਆ ਸੀ। ਇਸ ਸਾਰੇ ਪਰਵਾਰ ਵੱਲੋਂ ਸਮੁੱਚੇ ਤੌਰ 'ਤੇ ਪਾਰਟੀ ਨੂੰ ਅਨੇਕਾਂ ਵਾਰ ਫੰਡ ਪ੍ਰਦਾਨ ਕੀਤਾ ਜਾਂਦਾ ਹੈ। ਕੁਝ ਸਾਲ ਪਹਿਲਾਂ ਇਸ ਪਰਿਵਾਰ ਵੱਲੋਂ 'ਨਵਾਂ ਜ਼ਮਾਨਾ' ਨੂੰ ਵੀ 50,000 ਰੁਪਏ ਫੰਡ ਪ੍ਰਦਾਨ ਕੀਤਾ ਗਿਆ ਸੀ। ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਪਰਵਾਰ ਦਾ ਪਾਰਟੀ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ ਹੈ।

## ਬਲਾਕ ਕਾਂਗਰਸ ਦੀ ਮੀਟਿੰਗ 'ਚ ਆਗਾਮੀ ਚੋਣਾਂ ਸੰਬੰਧੀ ਚਰਚਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਲਾਕ ਕਾਂਗਰਸ ਦੀ ਮੀਟਿੰਗ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਦੇ ਇਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੇ ਨਿਰਦੇਸ਼ਾਂ ਹੇਠ ਹੋਈ, ਜਿਸ ਵਿੱਚ ਅਗਾਮੀ ਨਗਰ ਕੌਂਸਲ ਅਤੇ ਪੰਚਾਇਤੀ ਚੋਣਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਕੀਤੀ, ਜਿਸ ਵਿਚ ਸਮੂਹ ਅਹੁਦੇਦਾਰਾਂ ਨੇ ਭਾਗ ਲਿਆ। ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਕਿਹਾ ਕਿ ਆਉਣ ਵਾਲੀਆਂ ਚੋਣਾਂ ਕਾਂਗਰਸ ਪਾਰਟੀ ਦੇ ਸਾਰੇ ਵਰਕਰ ਇਕਜੁਟ ਹੋ ਕੇ ਲੜਨਗੇ। ਉਨ੍ਹਾਂ ਕਿਹਾ ਕਿ ਪਾਰਟੀ ਨਗਰ ਕੌਂਸਲਾਂ ਅਤੇ ਪੰਚਾਇਤੀ ਚੋਣਾਂ ਵਿੱਚ ਜਿਸ ਉਮੀਦਵਾਰ ਨੂੰ ਖੜਾ ਕਰੇਗੀ, ਸਾਰੇ ਵਰਕਰ ਉਨ੍ਹਾਂ ਦਾ ਡੱਟ ਕੇ ਸਾਥ ਦੇਣਗੇ ਤੇ ਜਿੱਤ ਪ੍ਰਾਪਤ ਕਰਨਗੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਪਿੰਡਾਂ 'ਚ 20 ਬੂਥਾਂ ਮਗਰ ਇੱਕ ਮੰਡਲ ਪ੍ਰਧਾਨ ਲਾਇਆ ਜਾਵੇਗਾ, ਜਿਸ ਲਈ ਵਿਚਾਰ ਕੀਤਾ ਜਾ ਰਿਹਾ ਹੈ ਅਤੇ ਬਲਾਕ ਦੇ ਸਾਰੇ ਅਹੁਦੇਦਾਰਾਂ ਨੂੰ ਪਿੰਡਾਂ ਵਿੱਚ ਸਰਗਰਮੀਆਂ ਸ਼ੁਰੂ ਕਰਨ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ। ਬਲਾਕ ਪ੍ਰਧਾਨ ਤਿਵਾੜੀ ਨੇ ਸਾਰੇ ਅਹੁਦੇਦਾਰਾਂ ਨੂੰ ਹਦਾਇਤ ਕੀਤੀ ਕਿ ਜਿਹੜਾ ਅਹੁਦੇਦਾਰ ਬਲਾਕ ਦੀਆਂ ਤਿੰਨ ਮੀਟਿੰਗਾਂ ਵਿੱਚ ਹਾਜ਼ਰ ਨਹੀਂ ਹੋਵੇਗਾ ਉਸ ਨੂੰ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ ਜਾਵੇਗਾ, ਕਿਉਂਕਿ ਪਾਰਟੀ ਹਾਈਕਮਾਂਡ ਦੀਆਂ ਹਦਾਇਤਾਂ ਅਨੁਸਾਰ ਅਹੁਦੇਦਾਰਾਂ ਦੀ ਸ਼ਮੂਲੀਅਤ ਜ਼ਰੂਰੀ ਹੈ।

## ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਕਿੱਤਾਮੁਖੀ ਸਿਖਲਾਈ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਦਿਹਾਤੀ ਖੇਤਰ ਦੀਆਂ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਦੇ ਮਕਸਦ ਨਾਲ ਪਿੰਡ ਚੁੰਨੀ ਮਾਜਰਾ ਦੀਆਂ ਲੜਕੀਆਂ ਨੂੰ ਸਿਲਾਈ ਅਤੇ ਕੱਪੜਿਆਂ ਦੇ ਮੁੱਲ ਵਧਾਉਣ ਦੀ ਸਿਖਲਾਈ ਦੇਣ ਵਾਸਤੇ ਕਿੱਤਾ ਮੁਖੀ ਕੋਰਸ ਕਰਵਾਇਆ ਗਿਆ ਜਿਸ ਵਿੱਚ ਪਿੰਡ ਦੀਆਂ ਵੱਡੀ ਗਿਣਤੀ ਲੜਕੀਆਂ ਨੇ ਭਾਗ ਲਿਆ। ਇਸ ਸਬੰਧੀ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਐਸੋਸੀਏਟ ਡਾਇਰੈਕਟਰ ਡਾ. ਵਿਪਨ ਕੁਮਾਰ ਰਾਮਪਾਲ ਨੇ ਦੱਸਿਆ ਕਿ ਅਜਿਹੇ ਕਿੱਤਾ ਮੁਖੀ ਕੋਰਸ ਪਿੰਡ ਦੀਆਂ ਲੜਕੀਆਂ ਦੇ ਹੁਨਰ ਨੂੰ ਨਿਖਾਰ ਕੇ ਉਨ੍ਹਾਂ ਨੂੰ ਆਤਮ ਨਿਰਭਰ ਬਣਾਉਣ ਲਈ ਬਹੁਤ ਜ਼ਰੂਰੀ ਹਨ ਤਾਂ ਜੋ ਉਹ ਆਪਣੇ ਪੈਰ੍ਹਾਂ ਤੇ ਖੜ੍ਹੀਆਂ ਹੋ ਸਕਣ। ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ) ਡਾ. ਮਨੀਸ਼ਾ ਭਾਟੀਆ ਨੇ ਦੱਸਿਆ ਕਿ ਇਸ ਸਿਖਲਾਈ ਦੌਰਾਨ ਲੜਕੀਆਂ ਨੂੰ ਕੱਪੜਿਆਂ ਦੇ ਮੁੱਲ ਵਧਾਉਣ ਦੇ ਵੱਖ-ਵੱਖ ਤਰੀਕੇ ਜਿਵੇਂ ਕਿ ਬਲਾਕ ਪ੍ਰਿੰਟਿੰਗ, ਸਟੇਨਸਿਲ ਪ੍ਰਿੰਟਿੰਗ, ਟਾਈ ਅਤੇ ਡਾਈ, ਕੱਪੜਿਆਂ ਤੋਂ ਦਾਗ ਉਤਾਰਨਾ ਅਤੇ ਅਜੋਕੇ ਫੈਸ਼ਨ ਦੇ ਕੱਪੜਿਆਂ ਦੀ ਸਿਲਾਈ ਬਾਰੇ ਦੱਸਿਆ ਗਿਆ।

## ਜਥੇਬੰਦੀਆਂ ਨੇ ਇਕੱਤਰ ਹੋ ਕੇ ਨਸ਼ੇ ਤੇ ਲੁੱਟ-ਖੋਹ ਵਿਰੋਧੀ ਫਰੰਟ ਦਾ ਕੀਤਾ ਐਲਾਨ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹੇ ਅੰਦਰ ਲਗਾਤਾਰ ਵਧ ਰਹੀਆਂ ਨਸ਼ੇ ਅਤੇ ਲੁੱਟ ਖੋਹ ਦੀਆਂ ਵਾਰਦਾਤਾਂ ਦੇ ਸਬੰਧੀ ਵਿਚਾਰ ਚਰਚਾ ਕਰਨ ਲਈ ਅੱਜ ਵੱਖ-ਵੱਖ ਜਥੇਬੰਦੀਆਂ ਨੇ ਫ਼ਿਰੋਜ਼ਪੁਰ ਦੇ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਮੀਟਿੰਗ ਕੀਤੀ, ਜਿਸ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਬੀਕੇਯੂ ਡਾਕੌਂਦਾ, ਬੀਕੇਯੂ ਉਗਰਾਹਾਂ, ਕੁੱਲ ਹਿੰਦ ਕਿਸਾਨ ਸਭਾ, ਬੀਕੇਯੂ ਮਾਨਸਾ, ਨੌਜਵਾਨ ਭਾਰਤ ਸਭਾ ਟੈਕਨੀਕਲ ਸਰਵਿਸ ਯੂਨੀਅਨ, ਸਰਬ ਭਾਰਤ ਨੌਜਵਾਨ ਸਭਾ ਪੈਨਸ਼ਨਰ ਐਸੋਸੀਏਸ਼ਨ ਜਥੇਬੰਦੀਆਂ ਨੇ ਹਿੱਸਾ ਲਿਆ।ਵਿਚਾਰ ਚਰਚਾ ਕਰਨ ਤੋਂ ਬਾਅਦ ਜ਼ਿਲ੍ਹਾ ਪੱਧਰ ਨਸ਼ਾ 'ਤੇ ਲੁੱਟ ਖੋਹ ਵਿਰੋਧੀ ਫਰੰਟ ਫ਼ਿਰੋਜ਼ਪੁਰ ਦਾ ਐਲਾਨ ਕੀਤਾ ਗਿਆ। ਕਿਸਾਨ ਆਗੂ ਅਵਤਾਰ ਸਿੰਘ ਮਹਿਮਾ ਨੇ ਦੱਸਿਆ ਕਿ ਨਸ਼ਾ ਤਸਕਰਾਂ ਨੂੰ ਨੱਥ ਪਾਉਣ ਵਿਚ ਸਰਕਾਰ ਬੁਰੀ ਤਰਾਂ ਨਾਕਾਮ ਹੋਈ ਹੈ, ਸਗੋਂ ਕੁਝ ਆਗੂਆਂ ਦੇ ਨਾਮ ਨਸ਼ਾ ਤਸਕਰਾਂ ਨਾਲ ਮਿਲੀਭੁਗਤ ਹੋਣ ਵਿੱਚ ਵੀ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਅਤੇ ਲੁੱਟ ਖੋਹ ਕਰਨ ਵਾਲਿਆਂ ਦੇ ਹੌਸਲੇ ਬੁਲੰਦ ਹਨ ਤੇ ਲਗਾਤਾਰ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਹਾਲੇ ਬਾਹਰ ਰਹੇ ਗਈਆਂ ਜਥੇਬੰਦੀਆਂ ਅਤੇ ਸੰਸਥਾਵਾਂ ਨੂੰ ਇਸ ਫਰੰਟ ਵਿੱਚ ਸ਼ਾਮਲ ਕਰਨ ਅਤੇ ਸੰਘਰਸ਼ ਦਾ ਐਲਾਨ ਕਰਨ ਲਈ 25 ਅਗਸਤ ਨੂੰ ਦੁਬਾਰਾ ਮੀਟਿੰਗ ਬੁਲਾਈ ਗਈ ਹੈ ਤਾਂ ਜੁ ਸੰਘਰਸ਼ ਨੂੰ ਦਿਸ਼ਾ ਦਿੱਤੀ ਜਾ ਸਕੇ।

## ਕੰਨਾਂ ਦੀਆਂ ਮੁਫਤ ਮਸ਼ੀਨਾਂ ਲੈਣ ਲਈ ਲੋੜਵੰਦ ਆਨਲਾਈਨ ਕਰਨ ਅਪਲਾਈ : ਸਿਵਲ ਸਰਜਨ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਸਰਕਾਰ ਵੱਲੋਂ ਚਲਾਈ ਗਈ ਏ. ਡੀ.ਆਈ.ਪੀ ਸਕੀਮ ਤਹਿਤ ਹਰ ਉਮਰ ਦੇ ਅਤੇ ਹਰ ਵਰਗ ਦੇ ਲਾਭਪਾਤਰੀਆਂ ਨੂੰ ਮੁਫਤ ਕੰਨਾਂ ਦੀਆਂ ਮਸ਼ੀਨਾਂ ਦੇਣ ਲਈ ਹਰ ਜ਼ਿਲ੍ਹੇ ਵਿੱਚ ਲਾਭਪਾਤਰੀਆਂ ਦਾ ਡਾਟਾ ਆਨਲਾਈਨ ਐਂਟਰ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਦੱਸਿਆ ਕਿ ਕੰਨਾਂ ਤੋਂ ਨਾ ਸੁਣਨ ਵਾਲੇ ਲਾਭਪਾਤਰੀ ਕਈ ਵਾਰ ਮਸ਼ੀਨਾਂ ਮਹਿੰਗੀਆਂ ਹੋਣ ਕਾਰਨ ਮਸ਼ੀਨਾਂ ਨਹੀਂ ਖਰੀਦ ਸਕਦੇ। ਜਿਸ ਕਾਰਨ ਉਨ੍ਹਾਂ ਨੂੰ ਜੀਵਨ ਵਿੱਚ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੰਜਾਬ ਸਰਕਾਰ ਦੁਆਰਾ ਚਲਾਈ ਇਹ ਸਕੀਮ ਅਜਿਹੇ ਲਾਭਪਾਤਰੀਆਂ ਲਈ ਵਰਦਾਨ ਸਾਬਤ ਹੋਵੇਗੀ। ਡਾ. ਦਵਿੰਦਰਜੀਤ ਨੇ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੰਨਾਂ ਦੀਆਂ ਮੁਫਤ ਮਸ਼ੀਨਾਂ ਲੈਣ ਵਾਲੇ ਲਾਭਪਾਤਰੀ ਆਪਣਾ ਡਾਟਾ ਆਨਲਾਈਨ ਐਂਟਰ ਕਰਵਾਉਣ ਲਈ ਜ਼ਿਲ੍ਹਾ ਹਸਪਤਾਲ ਫਤਹਿਗੜ੍ਹ ਸਾਹਿਬ ਦੇ ਈ.ਐਨ.ਟੀ. ਸਪੈਸ਼ਲਿਸਟ ਡਾ. ਦਮਨਦੀਪ ਕੌਰ ਨੂੰ ਨਵੀਂ ਓ.ਪੀ.ਡੀ. 'ਚ ਕਮਰਾ ਨੰਬਰ 19 ਵਿੱਚ ਅਤੇ ਪੁਰਾਣੀ ਬਿਲਡਿੰਗ ਦੀ ਪਹਿਲੀ ਮੰਜ਼ਲ ਤੇ ਨੈਸ਼ਨਲ ਹੈਲਥ ਮਿਸ਼ਨ ਵਿੰਗ ਵਿੱਚ ਜ਼ਿਲ੍ਹਾ ਆਰ. ਬੀ.ਐਸ. ਕੇ. ਕੋਆਰਡੀਨੇਟਰ ਹਰਪਾਲ ਸਿੰਘ ਸੋਢੀ ਨੂੰ 93166-10789 ਕੰਮਕਾਜ ਵਾਲੇ ਸਮੇਂ ਦੌਰਾਨ ਸੰਪਰਕ ਕੀਤਾ ਜਾਵੇ। ਇਸ ਸਕੀਮ ਲਈ ਆਨਲਾਈਨ ਅਪਲਾਈ ਕਰਨ ਲਈ ਲਾਭਪਾਤਰੀ ਕੋਲ ਫੋਟੋ, ਆਧਾਰ ਕਾਰਡ, ਜਾਤੀ ਸਰਟੀਫਿਕੇਟ, ਮਹੀਨੇ ਦੀ ਤੀਹ ਹਜ਼ਾਰ ਤੋਂ ਘੱਟ ਆਮਦਨ ਦਾ ਸਰਟੀਫਿਕੇਟ, ਅੰਗਹੀਣ ਸਰਟੀਫਿਕੇਟ ਅਤੇ ਕੰਨਾਂ ਦੀ ਰਿਪੋਰਟ ਲੋੜੀਂਦੇ ਦਸਤਾਵੇਜ਼ ਹੋਣੇ ਬਹੁਤ ਜ਼ਰੂਰੀ ਹਨ।

## ਭਾਜਪਾ 'ਚ ਵੱਡੀ ਗਿਣਤੀ 'ਚ ਲੋਕ ਸ਼ਾਮਲ



**ਜਗਰਾਉਂ (ਸੰਜੀਵ ਅਰੋੜਾ)**-ਕੇਂਦਰ ਦੀ ਮੋਦੀ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਭਾਜਪਾ 'ਚ ਵੱਡੀ ਗਿਣਤੀ 'ਚ ਲੋਕ ਸ਼ਾਮਲ ਹੋਏ, ਜਿਨ੍ਹਾਂ ਦਾ ਜ਼ਿਲ੍ਹਾ ਪ੍ਰਧਾਨ ਮੇਜਰ ਸਿੰਘ ਦੇਤਵਾਲ ਤੇ ਮੰਡਲ ਪ੍ਰਧਾਨ ਟੋਨੀ ਵਰਮਾ ਵੱਲੋਂ ਸਨਮਾਨ ਕੀਤਾ ਗਿਆ। ਦੇਤਵਾਲ ਤੇ ਟੋਨੀ ਵਰਮਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੀ 9 ਸਾਲਾਂ ਦੇ ਬੇਮਿਸਾਲ ਕੰਮਾਂ ਤੋਂ ਦੇਸ਼ ਭਰ ਦੇ ਲੋਕ ਖੁਸ਼ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਲਈ 2024 'ਚ ਮੋਦੀ ਦਾ ਮੁੜ ਤੀਜੀ ਵਾਰ ਪ੍ਰਧਾਨ ਮੰਤਰੀ ਬਣਨਾ ਤੈਅ ਹੈ। ਉਨ੍ਹਾਂ ਕਿਹਾ ਕਿ ਦੇਸ਼ ਭਰ 'ਚ ਭਾਜਪਾ ਨਾਲ ਜੁੜਨ ਵਾਲੇ ਲੋਕਾਂ ਦੀ ਗਿਣਤੀ ਦਿਨ-ਬ-ਦਿਨ ਵੱਧ ਰਹੀ ਹੈ ਤੇ ਲੋਕ ਭਾਜਪਾ ਨਾਲ ਜੁੜ ਕੇ ਦੇਸ਼ ਦੀ ਸੇਵਾ 'ਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਮੰਡਲ ਪ੍ਰਧਾਨ ਟੋਨੀ ਵਰਮਾ ਨੇ ਦੱਸਿਆ ਕਿ ਸ਼ਿਵਾਲਾ ਮਾਰਕੀਟ ਦੇ ਪ੍ਰਧਾਨ ਹਰਨੇਕ ਸਿੰਘ ਆਪਣੇ ਸਾਥੀਆਂ ਅਸ਼ੀਸ਼ ਗੁਪਤਾ, ਸੁਮਿਤ ਗੋਇਲ, ਸੁਰਿੰਦਰ ਖੰਨਾ, ਠਾਕੁਰ ਦਾਸ, ਭਰਤ ਸੈਨ, ਸੰਦੀਪ ਸ਼ਰਮਾ, ਨਿਤਿਨ ਵਰਮਾ, ਹਰੀਸ਼ ਬੱਸੀ, ਰਾਜੇਸ਼ ਸੀਕਰੀ, ਰਾਮ ਕੁਮਾਰ, ਕੁਲਜੀਤ ਸਿੰਘ, ਪ੍ਰਭਮੀਤ ਸਿੰਘ, ਗੋਰੀ ਕੁਮਾਰ, ਫ਼ੌਜੀ ਸਿੰਘ, ਜਸਵੀਰ ਸਿੰਘ ਜੱਸਾ, ਰੋਹਿਤ ਕੁਮਾਰ, ਮੋਨੂੰ ਤੇ ਵਿਨੈ ਗੁਪਤਾ ਭਾਜਪਾ 'ਚ ਸ਼ਾਮਲ ਹੋਏ।

## ਵਿਵੇਕਾਨੰਦ ਵਰਲਡ ਸਕੂਲ ਵੱਲੋਂ ਪਲਾਸਟਿਕ ਦੀ ਵਰਤੋਂ ਵਿਰੁੱਧ ਮੁਹਿੰਮ ਦੀ ਸ਼ੁਰੂਆਤ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਵੇਕਾਨੰਦ ਵਰਲਡ ਸਕੂਲ ਨੇ ਪਲਾਸਟਿਕ ਪ੍ਰਦੂਸ਼ਣ ਦੇ ਮੁੱਦੇ ਨੂੰ ਹੱਲ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ।ਜਾਗਰੂਕਤਾ ਪੈਦਾ ਕਰਨ ਅਤੇ ਉਤਸ਼ਾਹਤ ਕਰਨ ਦੇ ਉਦੇਸ਼ ਨਾਲ, ਸਕੂਲ ਨੇ ਪਲਾਸਟਿਕ ਦੀ ਵਰਤੋਂ ਵਿਰੁੱਧ ਇੱਕ ਮੁਹਿੰਮ ਸ਼ੁਰੂ ਕੀਤੀ ਹੈ। ਸਕੂਲ ਦੇ ਡਾਇਰੈਕਟਰ ਡਾ. ਐੱਸਐੱਨ ਰੁਦਰਾ ਨੇ ਦੱਸਿਆ ਕਿ ਪਲਾਸਟਿਕ ਦੀ ਵਰਤੋਂ ਨਾਲ ਹੋਣ ਵਾਲੇ ਵਾਤਾਵਰਨ ਦੇ ਨੁਕਸਾਨ ਅਤੇ ਅਣਜਾਣੇ ਵਿੱਚ ਇਸ ਦੇ ਸੇਵਨ ਨਾਲ ਪਸ਼ੂਆਂ ਦੀ ਹੋ ਰਹੀ ਮੌਤ ਤੋਂ ਅਸੀਂ ਸਾਰੇ ਜਾਣੂ ਹਾਂ । ਇਹ ਅੰਦਾਜ਼ਾ ਲਾਇਆ ਗਿਆ ਹੈ ਕਿ ਹਰ ਘਰ ਰੋਜ਼ਾਨਾ ਵਰਤੋਂ ਲਈ ਘੱਟੋ-ਘੱਟ 100 ਤੋਂ ਵੱਧ ਪਲਾਸਟਿਕ ਦੀਆਂ ਥੈਲੀਆਂ ਜਿਵੇਂ ਤੇਲ ਦੀਆਂ ਥੈਲੀਆਂ, ਦੁੱਧ ਦੀਆਂ ਥੈਲੀਆਂ, ਕਰਿਆਨੇ ਦੀਆਂ ਥੈਲੀਆਂ, ਸ਼ੈਂਪੂ, ਸਾਬਣ, ਮੈਗੀ, ਕੁਰਕੁਰੇ ਆਦਿ ਆਉਂਦੀਆਂ ਹਨ। ਉਹੀ ਬੈਗ ਰੋਜ਼ਾਨਾ ਡਸਟਬਿਨ ਵਿੱਚ ਸੁੱਟਣ ਦੀ ਬਜਾਏ, ਅਸੀਂ ਉਨ੍ਹਾਂ ਨੂੰ ਪਾਣੀ ਦੀ ਬੋਤਲ ਵਿੱਚ ਪਾ ਸਕਦੇ ਹਾਂ। ਜਦੋਂ ਤੁਹਾਡੀ ਇੱਕ ਬੋਤਲ ਇੱਕ ਹਫ਼ਤੇ ਵਿੱਚ ਭਰ ਜਾਂਦੀ ਹੈ, ਤਾਂ ਇਸ ਨੂੰ ਢੱਕਣ ਨਾਲ ਚੰਗੀ ਤਰ੍ਹਾਂ ਬੰਦ ਕਰਕੇ ਕੂੜੇ ਵਿੱਚ ਸੁੱਟ ਦਿਓ।ਅਜਿਹਾ ਕਰਨ ਨਾਲ ਜਾਨਵਰ ਖਿੱਲਰੇ ਹੋਏ ਪਲਾਸਟਿਕ ਨੂੰ ਨਹੀਂ ਖਾਣਗੇ,ਜਿੱਥੇ ਪਲਾਸਟਿਕ ਦੇ ਕੂੜੇ ਅਤੇ ਪਾਣੀ ਦੀਆਂ ਬੋਤਲਾਂ ਦਾ ਢੁਕਵਾਂ ਨਿਪਟਾਰਾ ਹੋਵੇਗਾ, ਉੱਥੇ ਹੀ ਕੂੜਾ ਵਿਭਾਗ ਵੀ ਕੂੜਾ ਜਮ੍ਹਾਂ ਕਰ ਸਕੇਗਾ।

# ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਸਰਕਾਰ ਤੇ ਮੈਨੇਜਮੈਂਟ ਖਿਲਾਫ ਸੰਘਰਸ਼ ਦਾ ਐਲਾਨ

**4 ਨੂੰ ਵਿੱਤ ਮੰਤਰੀ ਦੀ ਰਿਹਾਇਸ਼ ਅੱਗੇ ਸੰਗਰੂਰ 'ਚ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ : ਰੁਪਿੰਦਰ ਸਿੰਘ**



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ 'ਚ ਸਾਲਾਂਬੱਧੀ ਅਰਸੇ ਤੋਂ ਸੇਵਾਵਾਂ ਦੇ ਰਹੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਵਿਭਾਗ 'ਚ ਸ਼ਾਮਲ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਦੀ ਮੰਗ ਨੂੰ ਲੈ ਕੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.ਨੰ.31) ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਪੰਜਾਬ ਸਰਕਾਰ ਤੇ ਜਲ ਸਪਲਾਈ ਵਿਭਾਗ ਦੀ ਮੈਨੇਜਮੈਂਟ ਖਿਲਾਫ ਸੰਘਰਸ਼ਾਂ ਦਾ ਐਲਾਨ ਕੀਤਾ ਗਿਆ ਹੈ।ਇਥੇ ਇਸ ਸਬੰਧੀ ਸੂਬਾ ਵਿੱਤ ਸਕੱਤਰ ਰੁਪਿੰਦਰ ਸਿੰਘ, ਸਰਕਲ ਪ੍ਰਧਾਨ ਬਲਜੀਤ ਸਿੰਘ, ਪ੍ਰੈੱਸ ਸਕੱਤਰ ਰਣਜੀਤ ਸਿੰਘ ਖਾਲਸਾ ਨੇ ਦੱਸਿਆ ਕਿ 20 ਅਗਸਤ ਨੂੰ ਯੂਨੀਅਨ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਲੁਧਿਆਣਾ ਈਸੜੂ ਭਵਨ ਵਿਖੇ ਕੀਤੀ ਗਈ ਹੈ, ਜਿਸ 'ਚ ਵਿਚਾਰ ਚਰਚਾ ਕਰਨ ਉਪਰੰਤ ਯੂਨੀਅਨ ਵੱਲੋਂ ਪੰਜਾਬ ਸਰਕਾਰ ਦੀ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ-ਕਮ-ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਿਹਾਇਸ਼ ਅੱਗੇ ਸੰਗਰੂਰ ਵਿਖੇ ਪਰਿਵਾਰਾਂ ਤੇ ਬੱਚਿਆ ਸਮੇਤ ਸੂਬਾ ਪੱਧਰੀ ਧਰਨਾ ਦੇਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਦੀ ਤਿਆਰੀ ਲਈ ਅੱਜ ਜ਼ਿਲ੍ਹਾ ਫਿਰੋਜ਼ਪੁਰ ਦੀ ਮੀਟਿੰਗ ਕੀਤੀ ਗਈ, ਜਿਸ ਦੇ ਬਾਅਦ 4 ਸਤੰਬਰ 2023 ਦੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ 28 ਅਗਸਤ ਨੂੰ ਪੰਜਾਬ ਭਰ ਵਿੱਚ ਜ਼ਿਲ੍ਹਾ ਪੱਧਰੀ ਪਰਿਵਾਰਾਂ ਤੇ ਬੱਚਿਆਂ ਸਮੇਤ ਕੈਬਨਿਟ ਮੰਤਰੀਆਂ ਤੇ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਅੱਗੇ ਰੋਹ ਭਰਪੂਰ ਮਾਰਚ ਪ੍ਰਦਰਸ਼ਨ ਕੀਤੇ ਜਾਣਗੇ।ਇਸ ਦੌਰਾਨ ਮੰਗ ਕੀਤੀ ਜਾਵੇਗੀ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਵਿੱਚ ਪਿਛਲੇ ਲੰਬੇ ਸਮੇਂ ਤੋਂ ਕੰਮ ਕਰ ਰਹੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਤਜਰਬੇ ਨੂੰ ਮੁੱਖ ਰੱਖ ਕੇ ਵਿਭਾਗ 'ਚ ਸ਼ਾਮਲ ਪੱਕਾ ਰੁਜ਼ਗਾਰ ਕੀਤਾ ਜਾਵੇ।ਜਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਵੱਲੋਂ ਠੇਕਾ ਮੁਲਾਜ਼ਮਾਂ ਦੀਆਂ ਤਨਖਾਹਾਂ ਘਟਾਉਣ ਲਈ ਜਾਰੀ ਕੀਤੇ ਗਏ ਪੱਤਰ ਨੂੰ ਰੱਦ ਕੀਤਾ ਜਾਵੇ, ਮੀਟਿੰਗ ਵਿੱਚ ਸੁਖਦੇਵ ਸਿੰਘ ਗੁਰਪ੍ਰੀਤ ਸਿੰਘ, ਸੁਰਜੀਤ ਸਿੰਘ ਤੇ ਹੋਰ ਆਗੂ ਹਾਜ਼ਰ ਸਨ।

## ਅਧਿਕਾਰ ਫ਼ਾਊਂਡੇਸ਼ਨ ਨੇ ਵਿਦਿਆਰਥੀਆਂ ਦੀ 2 ਲੱਖ 24 ਹਜ਼ਾਰ ਫ਼ੀਸ ਭਰੀ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)** ਸਕੂਲੀ ਵਿਦਿਆਰਥੀਆਂ ਤੇ ਮਾਪਿਆਂ ਦੀਆਂ ਤੰਗੀਆਂ ਤੁਰਸ਼ੀਆਂ ਨੂੰ ਸਮਝਦੇ ਹੋਏ ਸ਼ਹਿਰ ਦੀ 'ਅਧਿਕਾਰ ਫਾਊਂਡੇਸ਼ਨ' ਨੇ ਸਮਾਜ ਸੇਵਾ ਦੇ ਖੇਤਰ ਵਿੱਚ ਆਪਣੇ ਹੱਥ ਅੱਗੇ ਵਧਾਉਂਦਿਆਂ ਇੱਕ ਵਾਰ ਫਿਰ ਲੱਖਾਂ ਰੁਪਏ ਦੀ ਫ਼ੀਸ ਭਰੀ ਹੈ। ਸੰਸਥਾ ਦੇ ਆਗੂ ਮੁਕੇਸ਼ ਬੰਟੀ ਸਿੰਗਲਾ ਤੇ ਗੌਰਵ ਕਾਂਸਲ ਨੇ ਦੱਸਿਆ ਕਿ ਸਥਾਨਕ ਸਰਵਹਿੱਤਕਾਰੀ ਵਿੱਦਿਆ ਮੰਦਰ ਦੇ ਵਿਦਿਆਰਥੀਆਂ ਦੀ ਲੱਖ 24 ਹਜਾਰ 597 ਰੁਪਏ ਦੀ ਫ਼ੀਸ ਸਕੂਲ ਪ੍ਰਬੰਧਕਾਂ ਨੂੰ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਸੰਸਥਾਂ ਲੋੜਵੰਦਾਂ ਦੀ ਸਹਾਇਤਾ ਲਈ ਹਰ ਵੇਲੇ ਹਾਜ਼ਰ ਹੈ ਅਤੇ ਅਜਿਹੇ ਸਮਾਜ ਸੇਵਾ ਦੇ ਉਪਰਾਲੇ ਭਵਿੱਖ ਵਿੱਚ ਵੀ ਜਾਰੀ ਰਹਿਣਗੇ। ਸਕੂਲ ਪ੍ਰਿੰਸੀਪਲ ਰਾਜੇਸ਼ ਕੁਮਾਰ, ਮੈਨੇਜਮੈਂਟ ਕਮੇਟੀ ਦੇ ਮੈਂਬਰ ਵਿਜੈ ਕੁਮਾਰ, ਬੁੱਧ ਰਾਮ, ਯੋਗੇਸ਼ ਕੁਮਾਰ, ਸੰਜੀਵ ਕੁਮਾਰ, ਰੋਸ਼ਨ ਲਾਲ ਨੇ ਸੰਸਥਾ ਦੇ ਉੱਦਮ ਦੀ ਸ਼ਲਾਘਾ ਕਰਦਿਆਂ ਧੰਨਵਾਦ ਵੀ ਕੀਤਾ।

# ਸਮਰਾਲਾ ਹਲਕੇ 'ਚ ਨਸ਼ਿਆਂ ਖਿਲਾਫ ਆਰ-ਪਾਰ ਦੀ ਲੜਾਈ ਲੜਾਂਗੇ : ਢਿੱਲੋਂ

**ਸਮਰਾਲਾ (ਸੁਰਜੀਤ ਸਿੰਘ)**-ਸਮਰਾਲਾ ਵਿਧਾਨ ਸਭਾ ਹਲਕੇ ਵਿੱਚ ਨੌਜਵਾਨਾਂ 'ਚ ਨਸ਼ਿਆਂ ਦੇ ਵਧਦੇ ਰੁਝਾਨ ਤੇ ਨਸ਼ਿਆਂ ਦੇ ਸੌਦਾਗਰਾਂ ਦੀਆਂ ਬੇਖੌਫ ਵਧਦੀਆਂ ਸਰਗਰਮੀਆਂ ਨੂੰ ਲਲਕਾਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਨੇ ਇੱਥੇ ਪੱਤਰਕਾਰਾਂ ਦੀ ਇੱਕ ਪ੍ਰੈੱਸ ਕਾਨਫਰੰਸ ਬੁਲਾ ਕੇ ਐਲਾਨ ਕੀਤਾ ਕਿ ਜਿਸ ਢੰਗ ਨਾਲ ਇਸ ਹਲਕੇ ਵਿੱਚ ਨਸ਼ਿਆਂ ਦੇ ਸੌਦਾਗਰ ਬੇਖੌਫ ਹੋ ਕੇ ਸਾਡੀ ਨੌਜਵਾਨੀ ਨੂੰ ਤਬਾਹ ਕਰ ਰਹੇ ਹਨ, ਉਨ੍ਹਾਂ ਖਿਲਾਫ ਪਾਰਟੀ ਲਾਈਨ ਤੇ ਸਿਆਸਤ ਤੋਂ ਉੱਤੇ ਉੱਠ ਕੇ ਲੜਨ ਦੀ ਲੋੜ ਹੈ। ਉਨ੍ਹਾ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਪਿਛਲੇ ਸਮੇਂ ਵਿੱਚ ਮਾਛੀਵਾੜਾ ਇਲਾਕੇ 'ਚ ਕਈ ਨੌਜਵਾਨ ਨਸ਼ੇ ਦੀ ਗ੍ਰਿਫਤ ਵਿੱਚ ਆ ਕੇ ਆਪਣੀ ਜਾਨ ਗਵਾ ਚੁੱਕੇ ਹਨ, ਪਰ ਇਲਾਕੇ ਦੇ ਲੋਕਾਂ ਵੱਲੋਂ ਨਸ਼ਿਆਂ ਖਿਲਾਫ ਕੋਈ ਮੁਹਿੰਮ ਵਿੱਢਣ ਦੀ ਲੋੜ ਨਹੀਂ ਸਮਝੀ। ਉਨ੍ਹਾ ਸਾਰੀਆਂ ਸਮਾਜਿਕ, ਧਾਰਮਿਕ ਤੇ ਸਿਆਸੀ ਸਫਾਂ ਨੂੰ ਅਪੀਲ ਕੀਤੀ ਕਿ ਉਹ ਸਿਆਸਤ ਤੋਂ ਉੱਤੇ ਉੱਠ ਕੇ ਇਸ ਮੁਹਿੰਮ ਵਿੱਚ ਉਨ੍ਹਾਂ ਦਾ ਸਾਥ ਦੇਣ। ਉਨ੍ਹਾ ਇੱਕ ਹੈਲਪ ਲਾਈਨ ਨੰਬਰ 9915706164 ਜਾਰੀ ਕਰਦੇ ਹੋਏ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਨੰਬਰ ਉੱਤੇ ਨਸ਼ੇ ਵੇਚਣ ਵਾਲਿਆਂ ਦੀ ਸੂਚਨਾ ਦੇਣ। ਸੂਚਨਾ ਦੇਣ ਵਾਲੇ ਦਾ ਨਾਂਅ ਗੁਪਤ ਰੱਖਿਆ ਜਾਵੇਗਾ। ਉਨ੍ਹਾ ਕਿਹਾ ਕਿ ਅਜਿਹੇ ਅਨਸਰਾਂ ਦੀ ਪਛਾਣ ਕਰਕੇ ਪੁਲਸ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਜਾਵੇਗਾ। ਜੇਕਰ ਪ੍ਰਸ਼ਾਸਨ ਕੋਈ ਕਾਰਵਾਈ ਨਹੀਂ ਕਰੇਗਾ ਤਾਂ ਨਸ਼ੇ ਦੇ ਸੌਦਾਗਰਾਂ ਦੇ ਨਾਂਅ ਸਬੂਤਾਂ ਸਮੇਤ ਜਨਤਕ ਕੀਤੇ ਜਾਣਗੇ। ਇਲਾਕੇ ਵਿੱਚ ਨਸ਼ੇ ਦੀ ਬਹੁਤਾਤ ਲਈ ਉਨ੍ਹਾਂ ਪ੍ਰਸ਼ਾਸਨ 'ਤੇ ਵੀ ਸਵਾਲੀਆ ਨਿਸ਼ਾਨ ਖੜੇ ਕਰਦਿਆਂ ਕਿਹਾ ਕਿ ਜੇਕਰ ਪ੍ਰਸ਼ਾਸਨ ਚਾਹੇ ਤਾਂ ਨਸ਼ੇ ਨਹੀਂ ਵਿਕ ਸਕਦੇ, ਪਰ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਹੈ। ਉਨ੍ਹਾ ਸਰਕਾਰ ਦੀ ਕਾਰਗੁਜ਼ਾਰੀ ਦੀ ਨਖੇਧੀ ਕਰਦਿਆਂ ਕਿਹਾ ਕਿ ਸਰਕਾਰਾਂ ਨਸ਼ੇ ਰੋਕਣ ਦੇ ਦਮਗਜ਼ੇ ਮਾਰਦੀਆਂ ਰਹੀਆਂ ਹਨ ਕਿ ਉਹ ਇੱਕ ਮਹੀਨੇ ਵਿੱਚ ਨਸ਼ੇ ਬੰਦ ਕਰ ਦੇਣਗੇ, ਪਰ ਅੱਜ ਹਾਲਤ ਇਹ ਹੈ ਕਿ ਨਸ਼ੇ ਹਰ ਗਲੀ ਤੇ ਨੁੱਕੜ 'ਤੇ ਅਸਾਨੀ ਨਾਲ ਮਿਲ ਰਹੇ ਹਨ। ਪੁਲਸ ਤੇ ਪ੍ਰਸ਼ਾਸਨ ਇਸ ਦਾ ਮੂਕ ਚਸ਼ਮਦੀਦ ਗਵਾਹ ਬਣ ਕੇ ਰਹਿ ਗਿਆ ਹੈ। ਉਨ੍ਹਾਂ ਸਵਾਲ ਕੀਤਾ ਕਿ ਆਖਰ ਕਦੋਂ ਤੱਕ ਅਸੀਂ ਬੇਵੱਸ ਹੋ ਕੇ ਆਪਣੇ ਨੌਜਵਾਨ ਬੱਚਿਆਂ ਨੂੰ ਨਸ਼ਿਆਂ ਕਾਰਨ ਮਰਦੇ ਦੇਖਦੇ ਰਹਾਂਗੇ।

# ਪੰਜਾਬ ਖੇਤ ਮਜ਼ਦੂਰ ਸਭਾ ਬਲਾਕ ਮਲੋਟ ਦਾ ਡੈਲੀਗੇਟ ਅਜਲਾਸ

**ਸ਼ਾਹਕੋਟ (ਗਿਆਨ ਸੈਦਪੁਰੀ)**



ਪੰਜਾਬ ਖੇਤ ਮਜ਼ਦੂਰ ਸਭਾ ਬਲਾਕ ਮਲੋਟ ਦਾ ਡੈਲੀਗੇਟ ਅਜਲਾਸ ਦਾਨੇਵਾਲਾ ਵਿਖੇ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਕੀਤਾ ਗਿਆ।

ਅਜਲਾਸ ਦੀ ਪ੍ਰਧਾਨਗੀ ਗੁਰਮੁਖ ਸਿੰਘ, ਪ੍ਰੀਤਮ ਸਿੰਘ ਤੇ ਤੇਜਾ ਸਿੰਘ ਨੇ ਕੀਤੀ। ਅਜਲਾਸ ਵਿੱਚ ਪਿੰਡਾਂ ਤੋਂ ਆਏ ਡੈਲੀਗੇਟਾਂ ਨੇ ਹਿੱਸਾ ਲਿਆ। ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਨਾਨਕ ਚੰਦ ਬਜਾਜ, ਭਾਰਤੀ ਕਮਿਊਨਿਸਟ ਪਾਰਟੀ ਦੇ ਬਲਾਕ ਸਕੱਤਰ ਸੁਦਰਸ਼ਨ ਜੱਗਾ ਨੇ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਸਖਤ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਕੇਂਦਰ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਜਦੋਂ ਦੀ ਸੱਤਾ ਵਿੱਚ ਆਈ ਹੈ, ਆਮ ਲੋਕਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ। ਦੇਸ਼ ਦੀ ਡਿੱਗ ਰਹੀ ਆਰਥਿਕਤਾ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡਿਆ ਜਾ ਰਿਹਾ ਹੈ। ਲਗਾਤਾਰ ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਨੋਟਬੰਦੀ, ਜੀ ਐੱਸ ਟੀ ਨੇ ਆਮ ਲੋਕਾਂ ਤੇ ਛੋਟੇ ਕਾਰੋਬਾਰੀਆਂ ਨੂੰ ਹਾਸ਼ੀਏ ਵੱਲ ਧੱਕ ਦਿੱਤਾ ਹੈ। ਖਾਣ-ਪੀਣ ਵਾਲੀਆਂ ਵਸਤੂਆਂ ਦੇ ਅਸਮਾਨੀ ਚੜ੍ਹੇ ਭਾਅ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ। ਮੋਦੀ ਸਰਕਾਰ ਦੇਸ਼ ਦੀਆਂ ਸੰਵਿਧਾਨਿਕ ਸੰਸਥਾਵਾਂ ਨੂੰ ਤਹਿਸ-ਨਹਿਸ ਕਰਕੇ ਤਾਨਾਸ਼ਾਹੀ ਵੱਲ ਲਿਜਾ ਰਿਹਾ ਹੈ। ਦੇਸ਼ ਵਿੱਚ 35 ਫੀਸਦੀ ਅਬਾਦੀ ਦਲਿਤ ਲੋਕਾਂ ਦੀ ਹੈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਖੇਤ ਮਜ਼ਦੂਰ ਹਨ। ਮੋਦੀ ਸਰਕਾਰ ਨੇ ਮਨਰੇਗਾ ਦੇ ਬਜਟ ਵਿੱਚ 35 ਫੀਸਦੀ ਕਟੌਤੀ ਕਰਕੇ ਮਜ਼ਦੂਰਾਂ ਨਾਲ ਬਹੁਤ ਵੱਡਾ ਧੱਕਾ ਕੀਤਾ ਹੈ। ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਮਨਰੇਗਾ ਕਾਮਿਆਂ ਨੂੰ ਪੂਰਾ ਸਾਲ ਕੰਮ ਅਤੇ ਕੰਮ ਦਿਹਾੜੀ ਸੱਤ ਸੌ ਰੁਪਏ ਦਿੱਤੀ ਜਾਵੇ ਅਤੇ ਕੀਤੇ ਹੋਏ ਕੰਮ ਦਾ ਭੁਗਤਾਨ ਪੰਦਰਾਂ ਦਿਨ ਦੇ ਅੰਦਰ-ਅੰਦਰ ਕੀਤਾ ਜਾਵੇ। ਆਗੂਆਂ ਕਿਹਾ ਕਿ ਪੰਜਾਬ ਸਰਕਾਰ ਆਪਣੀਆਂ ਕੀਤੀਆ ਹੋਈਆਂ ਗਰੰਟੀਆ ਪੂਰੀਆਂ ਕਰੇ। ਮਜ਼ਦੂਰਾਂ ਦੇ ਕੱਟੇ ਹੋਏ ਰਾਸ਼ਨ ਕਾਰਡ ਤੁਰੰਤ ਬਹਾਲ ਕੀਤੇ ਅਤੇ ਔਰਤਾਂ ਦੇ ਖਾਤਿਆਂ ਵਿੱਚ ਇੱਕ-ਇੱਕ ਹਜ਼ਾਰ ਰੁਪਏ ਤੁਰੰਤ ਪਾਏ ਜਾਣ। ਉਹਨਾਂ ਕਿਹਾ ਕਿ ਸਰਕਾਰਾਂ ਦੀਆ ਲੋਕ-ਵਿਰੋਧੀ ਨੀਤੀਆਂ ਨੂੰ ਰੱਦ ਕਰਵਾਉਣਾ ਏਕਤਾ ਤੇ ਸੰਘਰਸ਼ ਹੀ ਇੱਕੋ-ਇੱਕ ਹੱਲ ਹੈ। ਅਜਲਾਸ ਨੂੰ ਸੀ ਪੀ ਆਈ ਮਲੋਟ ਦੇ ਆਗੂ ਪ੍ਰੇਮ ਲਤਾ ਅਤੇ ਗੁਰਮੁਖ ਸਿੰਘ ਬਾਦਲ ਨੇ ਸੰਬੋਧਨ ਕੀਤਾ। ਇਸ ਮੌਕੇ ਬਲਾਕ ਕਮੇਟੀ ਦੀ ਚੋਣ ਕੀਤੀ ਗਈ। ਅਜਲਾਸ ਵਿੱਚ ਪ੍ਰਧਾਨ ਗੁਰਜੰਟ ਸਿੰਘ, ਜਨਰਲ ਸਕੱਤਰ ਮੰਗੀ ਸਿੰਘ ਬੋਦੀਵਾਲਾ, ਮੀਤ ਪ੍ਰਧਾਨ ਮੰਗਲ ਸਿੰਘ, ਮੀਤ ਸਕੱਤਰ ਮਹਿੰਦਰ ਸਿੰਘ ਮਲੋਟ ਤੇ ਖਜ਼ਾਨਚੀ ਗੁਰਜੰਟ ਸਿੰਘ ਆਦਿ ਚੁਣੇ ਗਏ।

# ਸ੍ਰੀ ਖਾਟੂ ਸ਼ਾਮ ਮੰਦਰ ਦੇ ਨਿਰਮਾਣ ਤੋਂ ਪਹਿਲਾਂ ਭੂਮੀ ਪੂਜਣ ਕੀਤਾ

**ਰਾਜਪੁਰਾ (ਰਮੇਸ਼ ਕਟਾਰੀਆ)**



ਰਾਜਪੁਰਾ ਟਾਊਨ ਦੁਰਗਾ ਮੰਦਰ ਰੋਡ ਵਿਖੇ ਸ੍ਰੀ ਖਾਟੂ ਸ਼ਾਮ ਮੰਦਰ ਦੇ ਨਿਰਮਾਣ ਤੋਂ ਪਹਿਲਾਂ ਭੂਮੀ ਪੂਜਨ ਕੀਤਾ ਗਿਆ। ਇਸ ਮੌਕੇ ਭਜਨ ਸਮਰਾਟ ਕਨੱਈਆ ਮਿੱਤਲ ਤੇ ਵਿਧਾਇਕ ਸ੍ਰੀਮਤੀ ਨੀਨਾ ਮਿੱਤਲ ਨੇ ਭੂਮੀ ਪੂਜਨ ਕਰ ਮੰਦਰ ਨਿਰਮਾਣ ਸੁਰੂ ਕਰਾਇਆ ਗਿਆ। ਇਸ ਮੌਕੇ ਭਜਨ ਸਮਰਾਟ ਕਨ੍ਹਈਆ ਮਿੱਤਲ ਨੇ ਕਿਹਾ ਕਿ ਪੰਜਾਬ ਦੇ ਅੰਦਰ ਸਾਮ ਬਾਬਾ ਦਾ ਨੌਂਵਾਂ ਮੰਦਰ ਬਣਨ ਜਾ ਰਿਹਾ ਹੈ ਤੇ ਇਹ ਮੰਦਰ ਇਕ ਸਾਲ ਦੇ ਅੰਦਰ-ਅੰਦਰ ਤਿਆਰ ਹੋ ਜਾਵੇਗਾ। ਇਸ ਤੋਂ ਇਲਾਵਾ ਦੁਬਈ ਅਤੇ ਆਸਟ੍ਰੇਲੀਆ ਵਿੱਚ ਵੀ ਸਾਮ ਬਾਬਾ ਦਾ ਮੰਦਰ ਬਣਨ ਜਾ ਰਿਹਾ ਹੈ। ਵਿਧਇਕ ਨੀਨਾ ਮਿੱਤਲ ਨੇ ਕਿਹਾ ਕਿ ਉਹ ਮੰਦਰ ਦੇ ਨਿਰਮਾਣ ਲਈ ਪੂਰਾ ਸਹਿਯੋਗ ਦੇਣਗੇ। ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਸ੍ਰੀ ਅਸ਼ਵਨੀ ਵਰਮਾ ਤੇ ਉਨ੍ਹਾਂ ਦੀ ਪੂਰੀ ਟੀਮ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੇਵਾਦਾਰਾਂ ਦੇ ਨਾਲ-ਨਾਲ ਵੱਡੀ ਗਿਣਤੀ ਵਿੱਚ ਸ਼ਰਧਾਲੂ ਮੌਜੂਦ ਸਨ। ਭੂਮੀ ਪੂਜਨ ਤੋਂ ਬਾਅਦ ਭਜਨ ਸੰਧਿਆ ਵੀ ਆਯੋਜਤ ਕੀਤੀ ਗਈ। ਇਸ ਮੌਕੇ ਸਾਮ ਸੁੰਦਰ ਵਧਵਾ ਕੁਆਡੀਨੇਟਰ ਅਮਰਿੰਦਰ ਮੀਰੀ ਤੋਂ ਇਲਾਵਾ ਆਮ ਪਾਰਟੀ ਦੇ ਨੇਤਾ ਵੀ ਹਾਜ਼ਰ ਸਨ।

# ਕਿਸਾਨ ਸੰਯੁਕਤ ਮੋਰਚੇ ਨੇ ਐਸ ਐਸ ਪੀ ਨੂੰ ਦਿੱਤਾ ਮੰਗ ਪੱਤਰ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਗ਼ੈਰ ਰਾਜਨੀਤਿਕ ਕਿਸਾਨ ਸੰਯੁਕਤ ਮੋਰਚੇ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਸੂਬਾ ਪ੍ਰਧਾਨ ਸੁਖਜਿੰਦਰ ਸਿੰਘ ਖੋਸਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਭਗਵਾਨ ਸਿੰਘਾ ਸੂਬਾ ਮੀਤ ਪ੍ਰਧਾਨ, ਦਰਸ਼ਨ ਸਿੰਘ ਜ਼ਿਲ੍ਹਾ ਪ੍ਰਧਾਨ, ਜਸਪਾਲ ਯੂਥ ਪ੍ਰਧਾਨ ਦੀ ਅਗਵਾਈ ਵਿੱਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਐਸਐਸਪੀ ਨੂੰ ਮੰਗ ਪੱਤਰ ਦਿੱਤਾ।

ਕੁਲਦੀਪ ਸਿੰਘ ਨੇਤਾ ਕੋਟ ਭਾਈ ਜ਼ਿਲ੍ਹਾ ਜਨਰਲ ਸਕੱਤਰ ਨੇ ਦੱਸਿਆ ਕਿ ਪੰਜਾਬ ਵਿੱਚ ਅਮਨ ਸ਼ਾਂਤੀ ਲਈ ਮੰਗ ਪੱਤਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਦੀ ਭਾਜਪਾ ਸਰਕਾਰ ਦੇ ਰਾਜ ਵਿਚ ਵੱਖ-ਵੱਖ ਰਾਜ ਵਿੱਚ ਫਿਰਕੂ ਦੰਗੇ ਫੈਲਣ ਅਤੇ ਮਨੁੱਖੀ ਜਾਨਾਂ ਦੇ ਨਾਲ ਔਰਤਾਂ ਦੀਆਂ ਬੇਪਤੀ ਨਾਲ ਸ਼ਰਮਨਾਕ ਘਟਨਾਵਾਂ ਵਾਪਰਨ ਤੇ ਰੋਸ ਪ੍ਰਗਟ ਕੀਤਾ ਗਿਆ ਹੈ।

ਇਸ ਸਬੰਧੀ ਗੈਰ ਰਾਜਨੀਤਿਕ ਕਿਸਾਨ ਸੰਯੁਕਤ ਮੋਰਚੇ ਵੱਲੋਂ ਪੰਜਾਬ ਵਿੱਚ ਆਪਸੀ ਭਾਈਚਾਰੇ ਨੂੰ ਕਾਇਮ ਰੱਖਣ ਲਈ ਐਸ ਐਸ ਪੀ ਸ੍ਰੀ ਮੁਕਤਸਰ ਸਾਹਿਬ ਨੂੰ ਜਾਣੂ ਕਰਾਇਆ। ਮੰਗ ਪੱਤਰ ਵਿੱਚ ਜੋ ਕਿ ਸਿੱਖ, ਮੁਸਲਿਮ, ਹਿੰਦੂ, ਇਸਾਈ ਕੌਮਾਂ ਨੂੰ ਸੁਰੱਖਿਅਤ ਰੱਖਣ ਲਈ ਜ਼ਰੂਰੀ ਹੈ ਕਿ ਜੋ ਵੀ ਦੰਗਾ ਭੜਕਾਉਂਦਾ ਹੈ, ਕਿਸੇ ਧਰਮ ਦੇ ਖਿਲਾਫ਼ ਬੋਲਦਾ ਹੈ ਉਸ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਤਾਂ ਜੁ ਪੰਜਾਬ ਦਾ ਮਾਹੌਲ ਸ਼ਾਂਤੀ ਬਣਿਆ ਰਹੇ।

# ਬੁੱਲ੍ਹੇਸ਼ਾਹ ਯਾਦਗਾਰੀ ਕਮੇਟੀ ਦੀ ਚੋਣ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਭਾਰਤ-ਪਾਕਿ ਦੇਸ਼ਾਂ ਦੀ ਸਾਂਝੀਵਾਲਤਾ ਦਾ ਪ੍ਰਤੀਕ ਸੂਫੀ ਦਰਵੇਸ਼ ਸਾਈਂ ਬੁੱਲ੍ਹੇਸ਼ਾਹ ਯਾਦਗਾਰੀ ਸਾਲਾਨਾ ਮੇਲਾ, ਜੋ ਹਰ ਸਾਲ 25 ਤੇ 26 ਭਾਦੋਂ, ਜੋ ਇਸ ਵਾਰ 10 ਤੇ 11 ਸਤੰਬਰ 2023 ਨੂੰ ਸਰਹੱਦੀ ਜ਼ਿਲ੍ਹਾ ਫਾਜ਼ਿਲਕਾ ਹਲਕਾ ਜਲਾਲਾਬਾਦ ਦੇ ਪਿੰਡ ਕੰਧਵਾਲਾ ਹਾਜ਼ਰ ਖਾਂ ਵਿਖੇ ਮਨਾਇਆ ਜਾਂਦਾ ਹੈ। ਮੇਲੇ ਦਿਆਂ ਤਿਆਰੀਆਂ ਸੰਬੰਧੀ ਇੱਕ ਜ਼ਰੂਰੀ ਇਕੱਤਰਤਾ ਬੁੱਲ੍ਹੇਸ਼ਾਹ ਮਜਾਰ 'ਤੇ ਹੋਈ ਤੇ ਉਸ ਦੇ ਅਹੁਦੇਦਾਰ ਦੀ ਚੋਣ ਹੋਈ, ਜਿਸ ਵਿੱਚ ਦਰਸ਼ਨ ਸਿੰਘ ਸੰਧੂ ਸੇਵਾਮੁਕਤ ਡੀ.ਐੱਸ.ਪੀ. ਨੂੰ ਸਰਪ੍ਰਸਤ ਜਗਤਾਰ ਸਿੰਘ ਸੰਧੂ ਗੈਰਤੀਆ ਨੂੰ ਪ੍ਰਧਾਨ, ਮਨਜੀਤ ਸਿੰਘ ਸੰਧੂ ਮੱਲ ਨੂੰ ਚੇਅਰਮੈਨ, ਪ੍ਰਗਟ ਸਿੰਘ ਛੀਨਾ ਨੂੰ ਵਾਈਸ ਚੇਅਰਮੈਨ, ਨਰੇਸ਼ ਕੁਮਾਰ ਮਲਹੋਤਰਾ ਸੀਨੀਅਰ ਮੀਤ ਪ੍ਰਧਾਨ, ਸੰਧੂ ਸਾਬਕਾ ਸਰਪੰਚ ਮਾਰਕੀਟ ਕਮੇਟੀ ਅਰਨੀਵਾਲਾ ਦੇ ਚੇਅਰਮੈਨ ਕੁਲਦੀਪ ਸਿੰਘ ਸੰਧੂ, ਗੁਰਪ੍ਰੀਤ ਸਿੰਘ ਗੋਰਾ ਤੇ ਪਿੰਡ ਦੇ ਸਮੁੱਚੇ ਪਤਵੰਤਿਆਂ ਨੇ ਨਗਰ ਵਾਸੀਆਂ ਦੇ ਸਹਿਯੋਗ ਨਾਲ ਨੇਪਰੇ ਚਾੜ੍ਹੀ ਮੇਲੇ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਮੇਲੇ ਨੂੰ ਸਮੁੱਚੇ ਢੰਗ ਨਾਲ ਮਨਾਉਣ ਲਈ ਵੱਖ ਵੱਖ ਕਮੇਟੀਆਂ ਦਾ ਵੀ ਜਲਦ ਗਠਨ ਕੀਤਾ ਜਾਵੇਗਾ।



# ਦੇਸ਼ ਭਗਤ ਯੂਨੀਵਰਸਿਟੀ 'ਚ ਚੰਦਰਯਾਨ-3 ਦੀ ਸਫਲਤਾ ਦਾ ਜਸ਼ਨ ਮਨਾਇਆ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਦੇਸ਼ ਭਗਤ ਯੂਨੀਵਰਸਿਟੀ ਤੇ ਦੀ ਹਿਮਾਲਿਯਨ ਫਾਉਂਡੇਸ਼ਨ ਵੱਲੋਂ ਭਾਰਤ ਦੇ ਚੰਦਰਯਾਨ-3 ਦੇ ਚੰਦਰਮਾ ਦੇ ਦੱਖਣੀ ਧਰੁਵ 'ਤੇ ਸਫਲ ਲੈਂਡਿੰਗ ਨੂੰ ਦੇਖਣ ਲਈ ਜਿੱਥੇ ਸਾਰਾ ਵਿਸ਼ਵ ਉਤਸ਼ਾਹਤ ਸੀ, ਉਥੇ ਹੀ ਦੇਸ਼ ਭਗਤ ਯੂਨੀਵਰਸਿਟੀ ਵਲੋਂ ਯੂਨੀਵਰਸਿਟੀ ਕੈਂਪਸ ਵਿਖੇ ਫੈਕਲਟੀ ਦੇ ਨਾਲ-ਨਾਲ ਵਿਦਿਆਰਥੀਆਂ ਲਈ ਲੈਂਡਿੰਗ ਦੀ ਲਾਈਵ ਸਟ੍ਰੀਮ ਵੀ ਕਰਵਾਈ ਗਈ ਤਾਂ ਜੋ ਇਸ ਜਸ਼ਨ ਨੂੰ ਭਾਰਤ ਦੇ ਹਰ ਕੋਨੇ ਵਿੱਚ ਮਨਇਆ ਜਾ ਸਕੇ। ਚੰਦਰਯਾਨ-3 ਦੀ ਸਫਲ ਲੈਂਡਿੰਗ ਤੋਂ ਬਾਅਦ ਯੂਨੀਵਰਸਿਟੀ ਵਿਖੇ ਇਸਰੋ ਦੀ ਜਿੱਤ ਲਈ ਜਸ਼ਨ ਮਨਾਇਆ ਗਿਆ। ਡਾ. ਜ਼ੋਰਾ ਸਿੰਘ ਚਾਂਸਲਰ ਨੇ ਭਾਰਤ ਦੇ ਚੰਦਰਯਾਨ-3 ਦੇ ਚੰਦਰਮਾ 'ਤੇ ਸਫਲ ਲੈਂਡਿੰਗ ਲਈ ਇਸਰੋ ਦੇ ਵਿਗਿਆਨਿਆਂ ਤੇ ਸਾਰੇ ਭਾਰਤੀਆਂ ਨੂੰ ਵਧਾਈ ਦਿੱਤੀ। ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਚੰਦਰਯਾਨ-3 ਦੇ ਚੰਦਰਮਾ 'ਤੇ ਉਤਰਨ ਵਾਲਾ ਭਾਰਤ ਪਹਿਲਾ ਦੇਸ਼ ਬਣਿਆ। ਇਸਰੋ ਦੇ ਵਿਗਿਆਨੀਆਂ ਦੀ ਇਸ 'ਵੱਡੀ' ਕਾਮਯਾਬੀ ਕਾਰਨ ਦੇਸ਼ ਭਰ 'ਚ ਖੁਸ਼ੀ ਦੀ ਲਹਿਰ ਹੈ।ਲੈਂਡਰ (ਵਿਕਰਮ) ਅਤੇ ਰੋਵਰ (ਪ੍ਰਗਿਆਨ), 1,752 ਕਿਲੋਗ੍ਰਾਮ ਦੇ ਕੁੱਲ ਪੁੰਜ ਵਾਲੇ, ਚੰਦਰਮਾ ਦੇ ਵਾਤਾਵਰਣ ਦਾ ਅਧਿਐਨ ਕਰਨ ਲਈ ਇੱਕ ਚੰਦਰ ਦਿਨ (ਲਗਭਗ 14 ਧਰਤੀ ਦਿਨ) ਲਈ ਕੰਮ ਕਰਨ ਲਈ ਤਿਆਰ ਕੀਤੇ ਗਏ ਹਨ। ਡਾ. ਜ਼ੋਰਾ ਸਿੰਘ ਨੇ ਆਸ ਪ੍ਰਗਟਾਈ ਕਿ ਇਹ ਵਿਗਿਆਨ ਤਕਨਾਲੋਜੀ ਤੇ ਖੋਜ ਦੇ ਖੇਤਰ ਵਿੱਚ ਭਾਰਤ ਨੂੰ ਇੱਕ ਰਾਸ਼ਟਰ ਵਜੋਂ ਹੋਰ ਮਜ਼ਬੂਤ ਕਰੇਗਾ।

## ਸਿਮਰਨਜੀਤ ਸਿੰਘ ਮਾਨ ਵੱਲੋਂ ਕਮਿਊਨਟੀ ਹੈਲਥ ਸੈਂਟਰ ਦਾ ਦੌਰਾ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਵੱਲੋਂ ਲੋਕਾਂ ਦੀਆਂ ਮੁਸ਼ਕਲਾਂ ਜਾਨਣ ਲਈ ਹਲਕੇ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਪੀ ਐਚ ਸੀ ਵਿਖੇ ਲੋਕਾਂ ਨੇ ਐਮ.ਪੀ. ਮਾਨ ਨੂੰ ਹਸਪਤਾਲ ਵਿਚ ਡਾਕਟਰਾਂ, ਸਟਾਫ਼ ਤੇ ਹੋਰ ਮਸੀਨਰੀਆਂ ਦੀ ਘਾਟ ਸੰਬੰਧੀ ਜਾਣਕਾਰੀ ਦਿੰਦਿਆਂ ਲੋੜਵੰਦਾਂ ਨੂੰ ਸਹੂਲਤ ਦੇ ਮੱਦੇਨਜ਼ਰ ਹਸਪਤਾਲ ਵਿਚਲੀਆਂ ਘਾਟਾਂ ਨੂੰ ਪੂਰਾ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਲੋਕਾਂ ਨੂੰ ਸਿਹਤ ਸਹੂਲਤਾਂ ਸੰਬੰਧੀ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਧਿਆਨ ਨਾਲ ਸੁਨਣ ਉਪਰੰਤ ਐਮ.ਪੀ. ਮਾਨ ਨੇ ਜਿੱਥੇ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਦੂਰ ਕਰਾਉਣ ਦਾ ਭਰੋਸਾ ਦਿੱਤਾ, ਉੱਥੇ ਹੀ ਲੋੜਵੰਦਾਂ ਦੀ ਸਹੂਲਤ ਲਈ ਸਿਵਲ ਹਸਪਤਾਲ ਨੂੰ ਇੱਕ ਐਂਬੂਲੈਂਸ ਦੇਣ ਦਾ ਐਲਾਨ ਵੀ ਕੀਤਾ।

## ਹੈਰੋਇਨ ਸਮੇਤ ਨੌਜਵਾਨ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)** : ਸਥਾਨਕ ਥਾਣਾ ਸਦਰ ਪੁਲਸ ਨੇ ਹੈਰੋਇਨ ਸਮੇਤ ਇੱਕ ਨੌਜਵਾਨ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਮਲੋਟ ਤੋਂ ਈਨਾਖੇੜਾ ਨੂੰ ਜਾ ਰਹੇ ਸੀ ਤਾਂ ਖੇਤ ਵਿੱਚ ਬਣੇ ਕੋਠੇ ਦੇ ਬਾਹਰ ਇੱਕ ਨੌਜਵਾਨ ਮਨਜੀਤ ਸਿੰਘ ਵਾਸੀ ਦਿਉਣ ਖੇੜਾ ਆਪਣੇ ਹੱਥ ਵਿੱਚ ਫੜੀ ਮੋਮੀ ਲਿਫ਼ਾਫ਼ੀ ਦੀ ਫਰੋਲਾ ਫਰਾਲੀ ਕਰ ਰਿਹਾ ਸੀ, ਜੋ ਪੁਲਸ ਪਾਰਟੀ ਨੂੰ ਦੇਖ ਕੇ ਆਪਣੇ ਹੱਥਾਂ ਵਿੱਚ ਫੜੀ ਮੋਮੀ ਲਿਫ਼ਾਫ਼ੀ ਧਰਤੀ 'ਤੇ ਸੁੱਟ ਕੇ ਭੱਜਣ ਲੱਗਾ ਤਾਂ ਪੁਲਸ ਨੇ ਸ਼ੱਕ ਦੇ ਆਧਾਰ 'ਤੇ ਉਸ ਨੂੰ ਕਾਬੂ ਕਰਕੇ ਤਲਾਸ਼ੀ ਲੈਣ ਉਪਰੰਤ ਉਸ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਕਰ ਲਈ। ਪੁਲਸ ਨੇ ਨੌਜਵਾਨ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।


**AMBIT Finvest** Pragati ke partner **AMBIT FINVEST PRIVATE LIMITED**

**Corporate Off:** Kanakia Wall Street, 5th floor, A 506-510, Andheri-Kurla Road, Andheri East, Mumbai-400093

**ਡਿਮਾਂਡ ਨੋਟਿਸ**

ਦਾ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ, 2002 ("ਦਾ ਐਕਟ") ਅਤੇ ਦਾ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ("ਦਾ ਰੂਲਜ਼") ਦੀਆਂ ਵਿਵਸਥਾਵਾਂ ਤਹਿਤ ਨਿਮਨਹਸਤਾਖਰੀ ਨੇ ਅੰਬਿਤ ਫਿਨਵੈਸਟ ਪ੍ਰਾ: ਲਿਮ: ਦੇ ਅਧਿਕਾਰਤ ਅਫਸਰ ਵਜੋਂ ਐਕਟ ਅਧੀਨ ਅਤੇ ਰੂਲ 3 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਐਕਟ ਦੇ ਸੈਕਸ਼ਨ 13 (2) ਤਹਿਤ ਹੇਠ ਲਿਖੇ ਕਰਜ਼ਦਾਰਾਂ ਨੂੰ ਸੰਬੰਧਤ ਨੋਟਿਸਾਂ 'ਚ ਦਰਸਾਈ ਰਕਮ, ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਸੀ। ਨਿਮਨਹਸਤਾਖਰੀ ਵਾਜਬ ਤੌਰ 'ਤੇ ਯਕੀਨ ਕਰਦਾ ਹੈ ਕਿ ਕਰਜ਼ਦਾਰ ਡਿਮਾਂਡ ਨੋਟਿਸਾਂ ਦੀ ਤਾਮੀਲ ਤੋਂ ਪ੍ਰਹੇਜ਼ ਕਰ ਰਹੇ ਹਨ, ਇਸ ਲਈ ਨੋਟਿਸ ਨੂੰ ਨਿਯਮਾਂ ਅਨੁਸਾਰ ਚਿਪਕਾਉਣ ਅਤੇ ਪ੍ਰਕਾਸ਼ਨਾ ਰਾਹੀਂ ਤਾਮੀਲ ਲਈ ਪ੍ਰਭਾਵਿਤ ਕੀਤਾ ਜਾ ਰਿਹਾ ਹੈ। ਡਿਮਾਂਡ ਨੋਟਿਸਾਂ ਦੀ ਸਮਗਰੀ ਦਾ ਸਾਰ ਹੇਠਾਂ ਦਿੱਤਾ ਜਾ ਰਿਹਾ ਹੈ :

| ਕਰਜ਼ਦਾਰਾਂ ਦਾ ਨਾਂਅ | ਡਿਮਾਂਡ ਨੋਟਿਸ ਦੀ ਮਿਤੀ ਰਕਮ | ਅਚੱਲ ਜਾਇਦਾਦ ਦਾ ਵੇਰਵਾ/ਗਹਿਣੇ ਰੱਖੀਆਂ ਜਾਇਦਾਦਾਂ |
|---|---|---|
| 1. ਨਿਰਮਲ ਸਿੰਘ 2. ਗੁਰਮੀਤ ਕੌਰ Lan Nos. LUI000000034970 | 22.08.2023 ਰੁਪਏ 21,18,831 (ਇੱਕੀ ਲੱਖ ਅਠਾਰਾਂ ਹਜ਼ਾਰ ਅੱਠ ਸੌ ਇਕੱਤੀ ਰੁਪਏ ਕੇਵਲ) 18.08.2023 ਨੂੰ | ਜਾਇਦਾਦ ਰਕਬਾ 03 ਕਨਾਲ-10 ਮਰਲੇ, ਖੱਤਾ ਨੰ. 49/50, ਖਸਰਾ ਨੰ.8//23, 24,25/1, 25/2, 13//3,4,5,8, 6/2, 7-ਮਿਨ, 14 ਮਿਨ, 13//15/1, ਜਮ੍ਹਾਂਬੰਦੀ ਸਾਲ 2016-2017, ਪਿੰਡ ਫਿਰੋਜ਼ੇਵਾਲ 07 ਮਿਨ, 07 ਮਿਨ, 13 ਮਿਨ, 13 ਮਿਨ, 14 ਮਿਨ, 13 ਮਿਨ, 14 ਮਿਨ, ਮੰਗਲ ਸਿੰਘ, ਤਹਿਸੀਲ ਧਰਮਕੋਟ ਅਤੇ ਜ਼ਿਲ੍ਹਾ ਮੋਗਾ (ਪੰਜਾਬ), ਹੱਦਾਂ : ਪੂਰਬ : ਬਲਵਿੰਦਰ ਸਿੰਘ 130+32 ਫੁੱਟ, ਪੱਛਮ : ਗਲੀ 165 ਫੁੱਟ, ਉੱਤਰ : ਗਲੀ 105 ਫੁੱਟ, ਦੱਖਣ : ਜਸਵਿੰਦਰ ਸਿੰਘ+ਜਗਤਾਰ ਸਿੰਘ 64+95 ਫੁੱਟ। |
| 1. ਮੁਖਤਿਆਰ ਸਿੰਘ 2. ਸਿਮਰਨ ਕੌਰ Lan Nos. HOD0000000265 | 22.08.2023 ਰੁਪਏ 31,54,873 (ਇਕੱਤੀ ਲੱਖ ਚੁਰੰਜਾ ਹਜ਼ਾਰ ਅੱਠ ਸੌ ਤਿਹੱਤਰ ਰੁਪਏ ਕੇਵਲ) 17.08.2023 ਨੂੰ | ਪਿੰਡ ਚੋਲਤਾ ਖੁਰਦ, ਖਰੜ, ਜ਼ਿਲ੍ਹਾ ਮੋਹਾਲੀ, ਰਕਬਾ ਕਨਾਲ-4 ਮਰਲੇ, 12/54 ਹਿੱਸਾ, ਖੇਵਟ ਨੰ. 45, ਖਤੌਨੀ ਨੰ. 49, ਮੁਸ਼ਤਿਲ ਨੰ. 36, ਖਸਰਾ ਨੰ. 23/2-15/149 ਹਿੱਸਾ ਖੇਵਟ ਨੰ. 45, ਖਤੌਨੀ ਨੰ. 49 ਮੁਸ਼ਤਿਲ ਨੰ. 36, ਖਸਰਾ ਨੰ. 24/2-53/151 ਹਿੱਸਾ, ਖੇਵਟ ਨੰ. 49, ਮੁਸ਼ਤਿਲ ਨੰ. 36, ਖਸਰਾ ਨੰ. 25/2-24/26 ਹਿੱਸਾ ਖੇਵਟ ਨੰ. 45, ਮੁਸ਼ਤਿਲ ਨੰ. 42, ਖਸਰਾ ਨੰ. 5/1/1, ਦਾ ਉਚਿੱਤ ਗਿਰਵੀਨਾਮਾ। ਹੱਦਾਂ : ਪੂਰਬ : ਐੱਨ ਏ, ਪੱਛਮ : ਐੱਨ ਏ, ਉੱਤਰ ਐੱਨ ਏ, ਦੱਖਣ : ਐੱਨ ਏ |

ਕਰਜ਼ਦਾਰਾਂ ਨੂੰ ਡਿਮਾਂਡ ਨੋਟਿਸਾਂ ਦੀ ਪਾਲਣਾ ਕਰਨ ਅਤੇ ਉਹਨਾਂ 'ਚ ਅਤੇ ਇੱਥੇ ਉੱਪਰ ਦਰਸਾਈ ਰਕਮ, ਸਮੇਤ ਲਾਗੂ ਵਿਆਜ, ਵਾਧੂ ਵਿਆਜ, ਬਾਊਂਸ ਚਾਰਜਜ, ਲਾਗਤਾਂ ਅਤੇ ਖਰਚਿਆਂ ਦੇ ਮੁਕੰਮਲ ਅਦਾਇਗੀ ਦੀ ਮਿਤੀ ਤੱਕ, ਇਸ ਪ੍ਰਕਾਸ਼ਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦੀ ਹਦਾਇਤ ਕੀਤੀ ਜਾਂਦੀ ਹੈ। ਕਰਜ਼ਦਾਰ ਧਿਆਨ ਦੇਣ ਕਿ ਏ ਐੱਫ ਪੀ ਐੱਲ ਇੱਕ ਸਕਿਊਰਡ ਕ੍ਰੈਡਿਟਰ ਹੈ ਅਤੇ ਕਰਜ਼ਦਾਰਾਂ ਵੱਲੋਂ ਪ੍ਰਾਪਤ ਕੀਤੀ ਗਈ ਕਰਜ਼ਾ ਸਹੂਲਤ ਅਚੱਲ ਜਾਇਦਾਦ/ਜਾਇਦਾਦਾਂ ਵਿਰੁੱਧ ਸਕਿਊਰਡ ਡੈਬਟ ਹੈ, ਜੋ ਕਿ ਕਰਜ਼ਦਾਰਾਂ ਵੱਲੋਂ ਰਹਿਣ ਕੀਤਾ ਗਿਆ ਹੁਣ ਸਕਿਊਰਡ ਐਸਟਸ ਹੈ। ਜੇਕਰ ਕਰਜ਼ਦਾਰ ਨਿਰਧਾਰਤ ਸਮੇਂ ਅੰਦਰ ਮੁਕੰਮਲ ਦੇਣਦਾਰੀਆਂ ਨਿਪਟਾਉਣ 'ਚ ਅਸਫਲ ਰਹਿੰਦੇ ਹਨ ਤਾਂ ਏ ਐੱਫ ਪੀ ਐੱਲ ਐਕਟ ਦੇ ਸੈਕਸ਼ਨ 13 (4) ਅਧੀਨ ਸਾਰੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸਕਿਊਰਡ ਐੱਸਟਸ ਦਾ ਕਬਜ਼ਾ ਪ੍ਰਾਪਤ ਕਰਨ ਤੱਕ ਹੀ ਸੀਮਤ ਨਹੀਂ, ਸਗੋਂ ਵਿਕਰੀ ਰਾਹੀਂ ਇਸ ਨੂੰ ਤਬਦੀਲ ਕਰ ਸਕਦਾ ਹੈ ਜਾਂ ਐਕਟ ਅਤੇ ਨਿਯਮਾਂ ਅਧੀਨ ਉਪਲੱਬਧ ਹੋਰ ਉਪਾਵਾਂ ਦੀ ਵਰਤੋਂ ਕਰਦਿਆਂ ਰਕਮ ਦੀ ਵਸੂਲੀ ਕਰੇਗਾ। ਏ ਐੱਫ ਪੀ ਐੱਲ ਨੂੰ ਵਿਕਰੀ ਜਾਂ ਤਬਾਦਲਾ ਕਰਨ ਦੇ ਅਧਿਕਾਰ ਦੀ ਵਰਤੋਂ ਕਰਨ ਤੋਂ ਪਹਿਲਾਂ ਸਕਿਊਰਡ ਐੱਸਟਸ ਅਟੈਚ/ਜਾਂ ਸੀਲ ਕਰਨ ਦਾ ਵੀ ਅਧਿਕਾਰ ਹੈ। ਸਕਿਊਰਡ ਐੱਸਟਸ ਦੀ ਵਿਕਰੀ ਕਰਨ ਤੋਂ ਇਲਾਵਾ ਏ ਐੱਫ ਪੀ ਐੱਲ ਨੂੰ ਬਕਾਇਆ ਰਕਮ ਵਸੂਲਣ ਲਈ ਵੱਖਰੀਆਂ ਕਾਨੂੰਨੀ ਕਾਰਵਾਈਆਂ ਕਰਨ ਦਾ ਵੀ ਅਧਿਕਾਰ ਹੈ, ਜੇਕਰ ਏ ਐੱਫ ਪੀ ਐੱਲ ਦੀਆਂ ਵਸੂਲੀਆਂ ਗਹਿਣੇ ਰੱਖੀਆਂ ਜਾਇਦਾਦਾਂ ਦੀ ਕੀਮਤ ਤੋਂ ਘੱਟ ਰਹਿਣਗੀਆਂ। ਏ ਐੱਫ ਪੀ ਐੱਲ ਕੋਲ ਕਿਸੇ ਵੀ ਹੋਰ ਕਾਨੂੰਨ ਤਹਿਤ ਉਪਲੱਬਧ ਹੋਰ ਹੱਲਾਂ ਤੋਂ ਇਲਾਵਾ ਇਹ ਵਾਧੂ ਅਤੇ ਅਜ਼ਾਦਾਨਾ ਹੱਲ ਹੈ। ਉਪਲੱਬਧ ਸਮੇਂ ਅੰਦਰ ਸਕਿਊਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 (8) ਵੱਲ ਦਿਵਾਇਆ ਜਾਂਦਾ ਹੈ ਅਤੇ ਨਾਲ ਹੀ ਐਕਟ ਦੇ ਸੈਕਸ਼ਨ 13 (13) ਤਹਿਤ ਕਰਜ਼ਦਾਰਾਂ 'ਤੇ ਸਕਿਊਰਡ ਐੱਸਟਸ ਦੇ ਕਿਸੇ ਵੀ ਹਿੱਸੇ ਨੂੰ ਨਿਪਟਾਉਣ, ਸੌਦੇਬਾਜ਼ੀ ਕਰਨ, ਵਿਕਰੀ ਰਾਹੀਂ ਤਬਦੀਲ ਕਰਨ, ਲੀਜ਼ ਜਾਂ ਹੋਰ ਤਰੀਕੇ ਨਾਲ (ਬਿਜ਼ਨੈੱਸ ਦੇ ਸਧਾਰਨ ਕੋਰਸ ਤੋਂ ਇਲਾਵਾ) ਏ ਐੱਫ ਪੀ ਐੱਲ ਦੀ ਅਗਾਊਂ ਲਿਖਤੀ ਮਨਜ਼ੂਰੀ ਦੇ ਰੋਕ/ਪਾਬੰਦੀ ਹੈ ਅਤੇ ਉਪਰੋਕਤ ਦੀ ਪਾਲਣਾ ਨਾ ਕਰਨਾ ਐਕਟ ਦੇ ਸੈਕਸ਼ਨ 29 ਤਹਿਤ ਦੰਡਯੋਗ ਹੈ। ਡਿਮਾਂਡ ਨੋਟਿਸ ਦੀ ਨਕਲ ਨਿਮਨਹਸਤਾਖਰੀ ਦੇ ਕੋਲ ਉਪਲੱਬਧ ਹੈ ਅਤੇ ਜੇਕਰ ਕਰਜ਼ਦਾਰ ਚਾਹੁਣ ਤਾਂ ਉਹ ਇਹ ਨਿਮਨਹਸਤਾਖਰੀ ਤੋਂ ਕਿਸੇ ਵੀ ਕੰਮਕਾਜ ਵਾਲੇ ਦਿਨ ਦਫਤਰ ਦੇ ਆਮ ਸਮੇਂ ਦੌਰਾਨ ਪ੍ਰਾਪਤ ਕਰ ਸਕਦੇ ਹਨ।

ਮਿਤੀ : 25.08.2023 ਸਥਾਨ : ਪੰਜਾਬ

ਸਹੀ/- ਵਿਜੇ ਸ਼ਰਮਾ, ਅਧਿਕਾਰਤ ਅਫਸਰ, ਅੰਬਿਤ ਫਿਨਵੈਸਟ ਪ੍ਰਾਈਵੇਟ ਲਿਮਟਿਡ



**ਉਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰਾਂ **ਅੰਤਮ ਮਿਤੀ 14.09.2023 ਸਮਾਂ 15:00 ਵਜੇ ਤਕ** www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| | |
|---|---|
| ਨਿਵਿਦਾ ਦਾ ਵੇਰਵਾ | ਫਗਵਾੜਾ-ਲੋਹਿਯਾ ਖਾਸ ਸੈਕਸ਼ਨ ਤੇ ਨੂਰਮਹਲ ਯਾਰਡ ਵਿਚ ਪੁਲ ਨੰਬਰ 30 ਅਤੇ 31 ਦਾ ਵਿਸਤਾਰ ਆਰਸੀਸੀ ਬਾਕਸ ਅੰਦਰੂਨੀ ਆਕਾਰ 2.00* 1.80 ਮੀਟਰ ਦੇ ਨਾਲ ਆਰਡੀਐਸਓ ਡ੍ਰਾਇੰਗ ਨੰਬਰ ਬੀ-10155 ਦੇ ਅਨੁਸਾਰ ਈ.ਆਈ. ਦੇ ਸਬੰਧ ਵਿਚ। |
| ਨਿਵਿਦਾ ਪ੍ਰਕਾਰ | ਖੁੱਲ੍ਹਾ |
| ਨਿਵਿਦਾ ਅਨੁਭਾਗ | ਕੰਮ |
| ਬੋਲੀ ਪ੍ਰਣਾਲੀ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | 23.08.2023 |
| ਬੋਲੀ ਸ਼ੁਰੂ ਦੀ ਮਿਤੀ | 31.08.2023 |
| ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ | 14.09.2023 / 15:00 ਵਜੇ |
| ਵਿਗਿਆਪਨ ਮੁੱਲ (ਰੁ.) | 37,66,307.26/- |
| ਬਿਆਨਾ ਰਾਸ਼ੀ | 75,300.00/- |
| ਆਫਰ ਦੀ ਵੈਲੇਡਿਟੀ | 60 ਦਿਨ |
| ਸਮਾਪਤੀ ਦਾ ਸਮਾਂ | 03 ਮਹੀਨੇ |
| ਸਮਾਨ ਨੇਚਰ ਦਾ ਕੰਮ:-ਲਾਗੂ ਨਹੀਂ। | |

ਨੋਟ 1. ਨਿਵਿਦਾ ਪਾਉਣ ਤੋਂ ਪਹਿਲਾਂ, ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। **ਨਿਵਿਦਾ ਸੂਚਨਾ ਪੱਤਰ ਨੰ. :166-2023-24-ADEN-JUC ਤਾਰੀਕ :23.08.2023** 2629/23

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**



**ਉਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ-ਸੈਕਿੰਡ ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 14.09.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁੱਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਕਰਨ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 22.08.2023 | 31.08.2023 | 14.09.2023 / 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1. | 138-2023-24-PTK-DRM-FZR | ਸਹਾਇਕ ਮੰਡਲ ਇੰਜੀਨੀਅਰ/ਪਠਾਨਕੋਟ ਦੇ ਤਹਿਤ ਅੰਮ੍ਰਿਤਸਰ-ਪਠਾਨਕੋਟ ਸੈਕਸ਼ਨ ਵਿਚ ਧਾਰੀਵਾਲ, ਗੁਰਦਾਸਪੁਰ, ਦੀਨਾਨਗਰ, ਸਰਨਾ ਅਤੇ ਜਕੋਲਾਰੀ ਸਟੇਸ਼ਨਾਂ ਤੇ ਈਆਈ ਕੰਮ ਦੇ ਨਾਲ ਵਖ-ਵਖ ਟ੍ਰੈਕ ਕੰਮ ਅਤੇ ਗੁਰਦਾਸਪੁਰ ਸਟੇਸ਼ਨ ਤੇ ਯਾਰਡ ਦੀ ਰੀਮਾਡਲਿੰਗ ਦੇ ਸਬੰਧ ਵਿਚ। |

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 5,06,61,619.59/- | 4,03,300.00/- | 60 ਦਿਨ | 10 ਮਹੀਨੇ |

**ਸਮਾਨ ਨੇਚਰ ਦਾ ਕੰਮ:** ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲ ਨਵੀਨੀਕਰਨ/ਪੂਰਾ ਫਿਟਿੰਗ ਨਵੀਨੀਕਰਨ/ ਪੂਰਾ ਟਰਨ ਆਊਟ ਨਵੀਨੀਕਰਨ ਟ੍ਰੈਕ ਦੇ ਉਠਾਨ ਦੀ ਜਾਂਚ/ ਛਨਾਈ, ਡਿਸਟ੍ਰੇ ਸਿੰਗ ਟ੍ਰੈਕਮੇਂਟੇਨੈਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਤੋਂ ਟਰਨ ਆਊਟ ਨਵੀਨੀਕਰਨ ਦਾ ਕੰਮ।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। **ਨਿਵਿਦਾ ਸੂਚਨਾ ਪੱਤਰ ਨੰ.:-138-2023-24-PTK-DRM-FZR Date : 23.08.2023** 2627/2023

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**



**ਉਤਰ ਰੇਲਵੇ**

**ਖੁਲ੍ਹੀ ਨਿਵਿਦਾ ਸੂਚਨਾ**

ਵ.ਮੰਡਲ ਬਿਜਲੀ ਇੰਜੀਨੀਅਰ/ਟੀ.ਆਰ.ਡੀ., ਉਤਰ ਰੇਲਵੇ, ਫਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਅੰਤਮ ਮਿਤੀ 10.09. 2023 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 18.09.2023 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

| | |
|---|---|
| ਟੈਂਡਰ ਨੰਬਰ | 514-ਟੀ.ਆਰ.ਡੀ.-ਫਿਰੋਜ਼ਪੁਰ-2023-24 |
| ਕੰਮਾਂ ਦਾ ਵੇਰਵਾ | ਫਿਰੋਜ਼ਪੁਰ ਮੰਡਲ ਦੇ ਲੋਹਿਆਂ ਖਾਸ-ਫਿਲੌਰ ਸੈਕਸ਼ਨ ਉਤੇ 4 ਸਟੇਸ਼ਨਾਂ (ਮਲਸਿਆਂ ਸ਼ਾਹਕੋਟ, ਨਕੋਦਰ, ਨੂਰਮਹਲ ਅਤੇ ਬਿਲਗਾ) ਤੇ ਇਲੈਕਟ੍ਰਾਨਿਕ (ਈ.ਆਈ.) ਦੇ ਮਾਨਕ-ਤੋਂ ਮਾਨਕ-IIR ਸਿਗਨਲਿੰਗ ਪ੍ਰਣਾਲੀ ਨਾਲ ਸਬੰਧਿਤ ਓਐਚਈ ਸੰਸ਼ੋਧਨ ਕੰਮ |
| ਅੰਦਾਜ਼ਨ ਲਾਗਤ (Rs.) | 3,21,73,660.94p |
| ਟੈਂਡਰ ਦੀ ਕੀਮਤ(Rs.) | ਜ਼ੀਰੋ |
| ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ | 18.09.2023 15:00 ਵਜੇ ਤਕ |
| ਬਿਆਨਾ ਰਾਸ਼ੀ # (Rs.) | 3,10,900/- |
| ਕੰਮ ਦਾ ਸਮਾਂ | 09 ਮਹੀਨੇ |
| ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | 18.09.2023 15:00 ਵਜੇ ਦੇ ਬਾਅਦ |
| ਵੈਬਸਾਈਟ | www.ireps.gov.in |

# ਨਿਵਿਦਾਕਰਤਾ ਕਿਰਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਿਨਾ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੈਂਟ ਗੇਟਵੇ ਦੇ ਮਾਧਿਅਮ ਨਾਲ ਨਕਦ ਵਿਚ ਜਾਂ ਭਾਰਤ ਦੇ ਕਿਸੇ ਵੀ ਅਨੁਸੂਚਿਤ ਵਾਣਿਜਕ ਬੈਂਕ ਤੋਂ ਬੈਂਕ ਗਾਰੰਟੀ ਬਾਂਡ ਦੇ ਰੂਪ ਵਿਚ ਜਾਂ ਨਿਵਿਦਾ ਦਸਤਾਵੇਜ਼ਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਲਿਡ ਹਨ। ਬੋਲੀ ਦੀ ਵੈਧਤਾ ਅਵਧੀ ਦੇ ਬਾਅਦ 90 ਦਿਨ ਦੇ ਲਈ ਅਧੂਰੇ ਅਤੇ ਅਣਵੈਲਿਡ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸ ਦੇ ਲਈ ਠੇਕੇਦਾਰ ਦਾ ਰੇਲਵੇ ਤੇ ਕੋਈ ਦਾਅਵਾ ਨਹੀਂ ਹੋਵੇਗਾ। **ਨੰ. 514-ਟੀ.ਆਰ.ਡੀ-ਫਿਰੋਜ਼ਪੁਰ-2023-24 ਮਿਤੀ: 23.08.2023**

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ** 2620/2023



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

25-August-PAGE-3.qxd 8/24/2023 10:41 PM Page 1



# ਪੰਜਾਬ ਰੋਡਵੇਜ਼ ਦੀ ਹਾਲਤ ਤਰਸਯੋਗ, ਸਰਕਾਰ ਫੜੇ ਬਾਂਹ : ਮੋਤੀ, ਚਾਹਲ, ਤਾਰੀ



**ਮੋਗਾ (ਅਮਰਜੀਤ ਬੱਬਰੀ)** ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ ਦੇ ਸਰਪ੍ਰਸਤ ਗੁਰਦੀਪ ਸਿੰਘ ਮੋਤੀ, ਜਨਰਲ ਸਕੱਤਰ ਜਗਦੀਸ਼ ਸਿੰਘ ਚਾਹਲ, ਜਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ, ਪ੍ਰਧਾਨ ਗੁਰਜੀਤ ਸਿੰਘ ਘੋੜੇਵਾਹ ਅਤੇ ਡਿਪਟੀ ਜਨਰਲ ਸਕੱਤਰ ਗੁਰਜੰਟ ਸਿੰਘ ਕੋਕਰੀ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਦੇਸ਼ ਦੀ ਵੰਡ ਉਪਰੰਤ ਪੰਜਾਬ ਸੂਬੇ ਨੂੰ 13 ਬੱਸਾਂ 'ਓਮਨੀ ਬੱਸ' ਦੇ ਨਾਂਅ ਥੱਲ੍ਹੇ ਮਿਲੀਆਂ ਸਨ। ਵਰਕਰਾਂ ਦੀ ਮਿਹਨਤ ਅਤੇ ਸਰਕਾਰਾਂ ਦੀ ਪਬਲਿਕ ਅਦਾਰਿਆਂ ਪ੍ਰਤੀ ਇਮਾਨਦਾਰੀ ਕਾਰਨ ਵਰਕਸ਼ਾਪਾਂ, ਦਫ਼ਤਰਾਂ ਅਤੇ ਬੱਸ ਅੱਡਿਆਂ ਦਾ ਨਿਰਮਾਣ ਹੋਇਆ ਅਤੇ ਬੱਸਾਂ ਦਾ ਇਹ ਫਲੀਟ ਵਧ ਕੇ 2407 ਬੱਸਾਂ ਦਾ ਹੋ ਗਿਆ। ਪਿਛਲੇ ਸਮੇਂ 'ਚ ਸਰਕਾਰਾਂ ਦੀ ਪਬਲਿਕ ਅਦਾਰਿਆਂ ਪ੍ਰਤੀ ਬੇਰੁਖੀ ਅਤੇ ਪ੍ਰਾਈਵੇਟ ਕਰਨ ਨੂੰ ਬੜ੍ਹਾਵਾ ਦੇਣ ਦੀ ਰੁਚੀ ਕਾਰਨ ਮਹਿਕਮੇ 'ਚ ਕਾਫ਼ੀ ਗਿਰਾਵਟ ਆਈ। ਪਿਛਲੀਆਂ ਸਰਕਾਰਾਂ 'ਚ ਮੁੱਖ ਅਹੁਦਿਆਂ ਤੇ ਬਿਰਾਜਮਾਨ ਸ਼ਖ਼ਸੀਅਤਾਂ ਖੁਦ ਟ੍ਰਾਂਸਪੋਰਟਰ ਹੋਣ ਕਰਕੇ ਨਿੱਜੀ ਫਾਇਦੇ ਲਈ ਇਸ ਮਹਿਕਮੇ ਵਿੱਚ ਜਿਆਦਾ ਨਿਘਾਰ ਆਇਆ ਹੈ, ਪਰ ਪਿਛਲੇ ਸਾਲ ਬਦਲਾਅ ਦੇ ਨਾਂਅ 'ਤੇ ਹੋਂਦ 'ਚ ਆਈ ਸਰਕਾਰ ਤੋਂ ਲੋਕਾਂ ਨੂੰ ਖਾਸ ਕਰਕੇ ਟ੍ਰਾਂਸਪੋਰਟ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਕਾਫ਼ੀ ਆਸਾਂ ਸਨ, ਪਰ ਲਗਭਗ ਡੇਢ ਸਾਲ ਸਰਕਾਰ ਬਣੀ ਨੂੰ ਹੋ ਚੁੱਕਾ ਹੈ ਜਿੰਨੀ ਗਿਰਾਵਟ ਮਹਿਕਮੇ 'ਚ ਹੁਣ ਆਈ ਹੈ ਪਹਿਲੀਆਂ ਸਰਕਾਰਾਂ ਮੌਕੇ ਵੀ ਨਹੀਂ ਆਈ। ਸਰਕਾਰ ਅਨੁਸਾਰ ਸਰਕਾਰ ਨੇ ਮਹਿਕਮੇ ਦੀ ਵਾਂਗਡੋਰ ਵੀ ਇਮਾਨਦਾਰ ਸ਼ਵੀ ਵਾਲੇ ਅਫ਼ਸਰਾਂ ਦੇ ਹਵਾਲੇ ਕੀਤੀ ਹੋਈ ਹੈ, ਪਰ ਏਨੇ ਸਮੇਂ 'ਚ ਪੰਜਾਬ ਦੇ ਹਰ ਡਿਪੂ ਵਿੱਚ ਹਰ ਰੋਜ਼ ਔਸਤਨ 40 ਤੋਂ 50 ਬੱਸਾਂ ਮਾਮੂਲੀ ਸਪੇਅਰ ਪਾਰਟਸ, ਟਾਇਰਾਂ, ਪਾਸਿੰਗ ਅਤੇ ਸਟਾਫ਼ ਦੀ ਘਾਟ ਕਾਰਨ ਖੜ੍ਹੀਆ ਰਹਿੰਦੀਆਂ ਹਨ। ਜਿਸ ਕਾਰਨ ਰੋਜ਼ਾਨਾ ਤਿੰਨ ਤੋਂ ਸਾਢੇ ਤਿੰਨ ਲੱਖ ਕਿਲੋਮੀਟਰ ਸਫ਼ਰ ਮਿਸ ਹੋ ਰਿਹਾ ਹੈ। ਪੰਜਾਬ ਰੋਡਵੇਜ਼/ਪਨਬੱਸ ਦਾ ਫਲੀਟ 2407 ਬੱਸਾਂ ਦਾ ਹੈ। ਵਿਭਾਗ ਕੋਲ ਸਿਰਫ਼ 1751 ਬੱਸਾਂ ਹਨ। ਟਾਈਮ ਟੇਬਲ ਵੀ 2407 ਬੱਸਾਂ ਦੇ ਫਲੀਟ ਦੇ ਮੁਤਾਬਕ ਹੈ। ਜਿਹੜੀ ਮਾਈਲੇਜ ਬੱਸਾਂ ਦੀ ਘਾਟ ਕਾਰਨ ਮਿਸ ਹੋ ਰਹੀ ਹੈ ਉਸ ਦਾ ਟੈਕਸ ਵੀ ਮਹਿਕਮਾ ਮਾਈਲੇਜ਼ ਦੇ ਹਿਸਾਬ ਨਾਲ ਹੀ ਭਰ ਰਿਹਾ ਹੈ। ਬੱਸਾਂ ਦੀ ਘਾਟ ਕਾਰਨ ਮਿਸ ਹੋ ਰਹੀ ਮਾਈਲੇਜ ਇਸ ਤੋਂ ਵੱਖਰੀ ਹੈ। ਨਵੀਂ ਸਰਕਾਰ ਬਣਨ ਤੋਂ ਬਾਅਦ ਹੀ ਮਹਿਕਮੇ ਨੂੰ ਇਮਾਨਦਾਰ ਡਾਇਰੈਕਟਰ ਮੈਡਮ ਮਿਲ ਗਈ ਸੀ, ਪਰ ਉਦੋਂ ਤੋਂ ਲੈ ਕੇ ਅੱਜ ਤੱਕ ਕੋਈ ਵੀ ਪਰਮੋਸ਼ਨ ਨਹੀਂ ਹੋਈ। ਮਹਿਕਮੇ ਅੰਦਰ ਪਹਿਲਾਂ ਹੀ ਪਰਮੋਸ਼ਨਾਂ ਦੇ ਮੌਕੇ ਕਾਫ਼ੀ ਘੱਟ ਹਨ। ਮੁਲਾਜ਼ਮ ਆਪਣੀਆਂ ਪ੍ਰਮੋਸ਼ਨਾਂ/ਬਦਲੀਆਂ ਦੀ ਉਡੀਕ 'ਚ ਰਿਟਾਇਰ ਹੋ ਰਹੇ ਹਨ, ਮੌਤ ਹੋਏ ਮੁਲਾਜ਼ਮਾਂ ਦੇ ਵਾਰਸਾਂ ਨੂੰ ਨੌਕਰੀਆਂ ਵੀ ਬਾਰ-ਬਾਰ ਮੰਗ ਕਰਨ 'ਤੇ ਹੁਣ ਜਾ ਕੇ ਕੁਝ ਕਰਮਚਾਰੀਆਂ ਨੂੰ ਨੌਕਰੀਆਂ ਮਿਲੀਆਂ ਹਨ ਪਰ ਅਜੇ ਵੀ ਕਾਫ਼ੀ ਉਡੀਕ 'ਚ ਹੀ ਹਨ। ਕਰਜ਼ਾ ਮੁਕਤ ਬੱਸਾਂ ਨੂੰ ਰੋਡਵੇਜ਼ ਵਿੱਚ ਸ਼ਾਮਲ ਕਰਨ ਮਾਮਲਾ ਵੀ ਉਠ ਦਾ ਬੁੱਲ੍ਹ ਬਣਿਆ ਹੋਇਆ ਹੈ ਪਤਾ ਨਹੀਂ ਕਦੋਂ ਡਿਗੂਗਾ ਕਿ ਨਹੀਂ। ਛੋਟੀਆਂ ਛੋਟੀਆਂ ਗਲਤੀਆਂ 'ਚ ਮੁਅੱਤਲ ਮੁਲਾਜ਼ਮਾਂ ਦੀਆ ਫਾਈਲਾਂ ਲਗਭਗ ਸਾਲ ਭਰ ਤੋਂ ਦਸਤਖਤਾਂ ਦੀ ਉਡੀਕ 'ਚ ਹਨ। ਡਾਇਰੈਕਟਰ ਮੈਡਮ ਵੱਲੋਂ ਚਿੱਠੀ ਕੱਢੀ ਗਈ ਹੈ ਕਿ ਕੋਈ ਵੀ ਕਰਮਚਾਰੀ ਆਪਣੀ ਮੁਸ਼ਕਲ ਲੈ ਕੇ ਚੰਡੀਗੜ੍ਹ ਦਫ਼ਤਰ ਨਹੀਂ ਆ ਸਕਦਾ। ਜਨਰਲ ਮੈਨੇਜਰ ਦੇ ਰਾਹੀਂ ਦਰਖਾਸਤ ਸਿਫ਼ਾਰਸ਼ ਸਹਿਤ ਡਾਇਰੈਕਟਰ ਦਫ਼ਤਰ ਆਉਣੀ ਚਾਹੀਦੀ ਹੈ। ਜੇਕਰ ਮੁਲਾਜ਼ਮ ਨੂੰ ਡਿਪੂ ਵਿੱਚ ਇਨਸਾਫ਼ ਮਿਲਦਾ ਹੋਵੇ ਤਾਂ ਉਸ ਨੂੰ ਚੰਡੀਗੜ੍ਹ ਦਫ਼ਤਰ ਵਿੱਚ ਜਾਣ ਦੀ ਕੀ ਲੋੜ ਹੈ? ਜਥੇਬੰਦੀਆਂ ਅਤੇ ਐਕਸ਼ਨ ਕਮੇਟੀ ਨੂੰ ਡਾਇਰੈਕਟਰ ਦਫ਼ਤਰ ਆਪਣੇ ਮਸਲਿਆ ਉੱਪਰ ਵਿਚਾਰ ਕਰਨ ਦੀ ਲਗਭਗ ਪਾਬੰਦੀ ਹੈ। ਡਿਪੂਆਂ ਅੰਦਰ ਵਰਕਸ਼ਾਪਾਂ ਦੇ ਸ਼ੈਡਾਂ ਦਾ ਏਨਾ ਮਾੜਾ ਹਾਲ ਹੈ ਕਿ ਉਥੇ ਮੀਂਹ ਅਤੇ ਗਰਮੀ ਵਿੱਚ ਕੰਮ ਕਰਨਾ ਤਾਂ ਕੀ, ਖੜ੍ਹਨਾ ਵੀ ਮੁਸ਼ਕਲ ਹੈ, ਪਰ ਆਪਣੇ ਇਸ ਪੀਰੀਅਡ ਵਿੱਚ ਮੈਡਮ ਨੇ ਕਦੀ ਵੀ ਕਿਸੇ ਡਿਪੂ ਦੀ ਵਿਜਟ ਨਹੀਂ ਕੀਤੀ ਤਾਂ ਕਿ ਪਤਾ ਲੱਗ ਸਕੇ ਕਿ ਮੁਲਾਜ਼ਮ ਕਿਹੜੀਆਂ ਕਿਹੜੀਆਂ ਮੁਸ਼ਕਲ ਹਾਲਤਾਂ ਵਿੱਚ ਕੰਮ ਕਰਦੇ ਹਨ। ਦਿੱਲੀ ਬੱਸ ਅੱਡੇ ਉੱਪਰ ਪੰਜਾਬ ਰੋਡਵੇਜ਼/ ਪਨਬੱਸ ਦੇ ਕੰਮ ਕਰਦੇ ਕਰਮਚਾਰੀਆਂ ਦੇ ਰਹਿਣ ਦੇ ਲਈ ਕੋਈ ਵੀ ਪ੍ਰਬੰਧ ਨਹੀਂ ਹੈ। ਉਹ ਬੱਸ ਅੱਡੇ ਦੇ ਬੈਂਚਾਂ ਉੱਪਰ ਸੌਂ ਕੇ ਰਾਤਾਂ ਕੱਟਦੇ ਹਨ। ਪਰ ਮਹਿਕਮੇ ਦੇ ਉੱਚ ਅਧਿਕਾਰੀਆਂ ਨੂੰ ਕੋਈ ਵੀ ਫਿਕਰ ਨਹੀਂ ਹੈ ਕਿ ਉਹਨਾਂ ਦੇ ਰਹਿਣ ਦਾ ਕੋਈ ਪ੍ਰਬੰਧ ਕੀਤਾ ਜਾਵੇ। ਹੁਣ ਜਦੋਂ ਪੰਜਾਬ ਸਰਕਾਰ ਨੇ ਡਿਪੂਆਂ ਅੰਦਰ ਖੜ੍ਹੀਆਂ ਬੱਸਾਂ ਦਾ ਨੋਟਿਸ ਲਿਆ ਹੈ ਤਾਂ ਉਸ ਦੇ ਜਵਾਬ ਲਈ ਡਿਪੂਆਂ ਤੋਂ ਕੰਡਮ ਬੱਸਾਂ ਦਾ ਰਿਕਾਰਡ ਮੰਗਵਾ ਕੇ ਖਾਨਾ ਪੂਰਤੀ ਕੀਤੀ ਜਾ ਰਹੀ ਹੈ। ਜਦਕਿ ਇਸ ਤੋਂ ਪਹਿਲਾਂ ਵੀ 15-15 ਸਾਲ ਬੱਸਾਂ ਚੱਲਦੀਆਂ ਰਹੀਆਂ ਹਨ।

ਫਿਰ ਜਾ ਕੇ ਕੰਡਮ ਕੀਤੀਆਂ ਜਾਂਦੀਆਂ ਸਨ। ਪਿਛਲੇ ਸਮੇਂ ਵਿੱਚ ਮਾਮੂਲੀ ਮੰਗਾਂ ਨੂੰ ਲੈ ਕੇ ਜਿਨ੍ਹਾਂ ਦਾ ਨਿਪਟਾਰਾ ਗੱਲਬਾਤ ਦੇ ਰਾਹੀਂ ਕੀਤਾ ਜਾ ਸਕਦਾ ਸੀ, ਪਰ ਡਾਇਰੈਕਟਰ ਮੈਡਮ ਦੇ ਲੇਬਰ ਵਿਰੋਧੀ ਵਤੀਰੇ ਦੇ ਚੱਲਦਿਆਂ ਲੰਬੀਆਂ ਹੜਤਾਲਾਂ ਹੋਈਆਂ। ਭ੍ਰਿਸ਼ਟਾਚਾਰ ਸਿਰਫ਼ ਪੈਸੇ ਦਾ ਨਹੀਂ ਹੁੰਦਾ ਪਰ ਲੰਮੀਆਂ ਹੜਤਾਲਾਂ ਅਤੇ ਮਾਮੂਲੀ ਕਾਰਨਾਂ ਕਰਕੇ ਖੜ੍ਹੀਆਂ ਬੱਸਾਂ ਨਾਲ ਜਿੱਥੇ ਮਹਿਕਮੇ ਦਾ ਆਰਥਿਕ ਨੁਕਸਾਨ ਅਤੇ ਪਬਲਿਕ ਵਿੱਚ ਬਦਨਾਮੀ ਹੋਈ ਉਥੇ ਪ੍ਰਾਈਵੇਟ ਟ੍ਰਾਂਸਪੋਰਟਰਾਂ ਦੇ ਵੀ ਹਿੱਤ ਪੂਰੇ ਗਏ। ਜਥੇਬੰਦੀ ਪੰਜਾਬ ਦੇ ਮੁੱਖ ਮੰਤਰੀ ਨੂੰ ਬੇਨਤੀ ਕਰਦੀ ਹੈ ਕਿ ਉਪਰੋਕਤ ਕਾਰਨਾਂ ਕਰਕੇ ਮਹਿਕਮੇ ਦੇ ਹੋਏ ਨੁਕਸਾਨ ਅਤੇ ਪਬਲਿਕ ਵਿੱਚ ਹੋਈ ਮਹਿਕਮੇ ਦੀ ਬਦਨਾਮੀ ਨਾਲ ਸਰਕਾਰ ਦੀ ਕਾਰਗੁਜ਼ਾਰੀ ਉੱਪਰ ਵੀ ਸਵਾਲੀਆ ਨਿਸ਼ਾਨ ਲੱਗਦਾ ਹੈ। ਇਸ ਕਰਕੇ ਇਸਦੀ ਇਨਕੁਆਰੀ ਕਰਕੇ ਦੋਸ਼ੀ ਅਫ਼ਸਰਾਂ ਉੱਪਰ ਬਣਦੀ ਕਾਰਵਾਈ ਕੀਤੀ ਜਾਵੇ।

## ਭਾਰਤੀ ਮਾਰਕਸਵਾਦੀ ਪਾਰਟੀ ਦੀ ਝੰਡਾ ਮਾਰਚ ਸੰਬੰਧੀ ਮੀਟਿੰਗ



**ਪੱਟੀ (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ)** - ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਖਿਲਾਫ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਸ਼ੁਰੂ ਕੀਤੇ ਜਾ ਰਹੇ ਝੰਡਾ ਮਾਰਚ ਨੂੰ ਲੈ ਕੇ ਪਿੰਡ ਲੌਹਕਾ ਵਿਚ ਦਿਹਾਤੀ ਮਜ਼ਦੂਰ ਸਭਾ ਦੀ ਮੀਟਿੰਗ ਪ੍ਰਧਾਨ ਦਿਆਲ ਸਿੰਘ ਲੌਹਕਾ ਦੀ ਪ੍ਰਧਾਨਗੀ ਵਿੱਚ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਧਰਮ ਸਿੰਘ ਪੱਟੀ ਤੇ ਹਰਭਜਨ ਸਿੰਘ ਚੂਸਲੇਵੜ ਨੇ ਕਿਹਾ ਕਿ ਆਪਣੀਆਂ ਗੱਦੀਆਂ ਕਾਇਮ ਰੱਖਣ ਲਈ ਰਾਜਨੀਤਕ ਲੋਕ ਫਿਰਕਾਪ੍ਰਸਤੀ ਜ਼ਹਿਰ, ਨਸ਼ੇ, ਬੇਰੁਜ਼ਗਾਰੀ ਫੈਲਾਉਂਦੇ ਹਨ, ਤਰ੍ਹਾਂ ਤਰ੍ਹਾਂ ਦੇ ਲੌਲੀਪੌਪ ਦੇ ਕੇ ਕਿਰਤੀਆਂ ਦੀਆਂ ਵੋਟਾਂ ਬਟੋਰੀਆਂ ਜਾਦੀਆਂ ਹਨ। ਸਿਆਸੀ ਪਾਰਟੀਆਂ ਵੱਲੋਂ ਸੱਤਾ ਹਥਿਆਉਣ ਲਈ ਦੇਸ਼ ਵਿੱਚ ਭਰਾ ਮਾਰੂ ਜੰਗ ਪੈਦਾ ਕੀਤੀ ਜਾਂਦੀ ਹੈ। ਮੋਦੀ ਸਰਕਾਰ ਦੇ ਰਾਜ 'ਚ ਮਨੀਪੁਰ, ਹਰਿਆਣਾ ਦੀਆਂ ਘਟਨਾਵਾਂ ਨੇ ਭਾਰਤ ਨੂੰ ਦੁਨੀਆ 'ਚ ਭਾਰਤ ਦੇ ਮੱਥੇ 'ਤੇ ਕਲੰਕ ਲਗਾ ਕੇ ਸ਼ਰਮਸਾਰ ਕਰ ਦਿੱਤਾ ਹੈ। ਪੱਟੀ ਨੇ ਆਖਿਆ ਕਿ ਹੜ੍ਹ ਪੀੜਤਾਂ ਦੀ ਮਦਦ ਕਰਨ 'ਚ ਸਰਕਾਰ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਈ। ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕਰਨ ਤੇ ਫਿਰਕੂ ਰਾਜਨੀਤੀ ਬਾਰੇ ਜਾਣਕਾਰੀ ਦੇਣ ਸੰਬੰਧੀ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਜਲ੍ਹਿਆਂਵਾਲਾ ਬਾਗ ਤੋਂ ਸ਼ੁਰੂ ਕੀਤਾ ਝੰਡਾ ਮਾਰਚ 2 ਸਤੰਬਰ ਨੂੰ 1 ਵਜੇ ਦੇ ਕਰੀਬ ਚੂਸਲੇਵੜ੍ਹ ਪੁੱਜੇਗਾ। ਸਮੂਹ ਹਾਜ਼ਰੀਨ ਨੇ ਵੱਡੀ ਗਿਣਤੀ ਵਿੱਚ ਇਸ ਝੰਡਾ ਮਾਰਚ ਵਿੱਚ ਸ਼ਾਮਲ ਹੋਣ ਦਾ ਅਹਿਦ ਕੀਤਾ। ਇਸ ਮੌਕੇ ਦਿਆਲ ਸਿੰਘ ਤੇ ਬਲਦੇਵ ਸਿੰਘ ਲੌਹਕਾ ਆਦਿ ਹਾਜ਼ਰ ਸਨ।

## ਜੇ ਈ ਦੇ ਤਬਾਦਲੇ ਖਿਲਾਫ ਮੁਲਾਜ਼ਮ ਜਥੇਬੰਦੀਆਂ ਨੇ ਲਗਾਇਆ ਧਰਨਾ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**- ਉੱਪ ਮੰਡਲ ਭਿੱਖੀਵਿੰਡ ਵਿਖੇ ਬਤੌਰ ਜੂਨੀਅਰ ਇੰਜੀਨੀਅਰ ਡਿਊਟੀ ਨਿਭਾ ਰਹੇ ਸੁਰਿੰਦਰ ਪਾਲ ਸਿੰਘ ਦੇ ਤਬਾਦਲੇ ਖਿਲਾਫ ਅੱਜ ਮੰਡਲ ਭਿੱਖੀਵਿੰਡ ਦੀਆਂ ਸਮੂਹ ਮੁਲਾਜ਼ਮ ਜਥੇਬੰਦੀਆਂ ਵੱਲੋਂ ਧਰਨਾ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਗੁਰਮੇਜ ਸਿੰਘ ਚੱਕ, ਨਰਿੰਦਰ ਸਿੰਘ ਵਲਟੋਹਾ ਅਤੇ ਗੁਲਜ਼ਾਰ ਸਿੰਘ ਪੱਧਰੀ ਨੇ ਕਿਹਾ ਕਿ ਜੇ ਈ ਸੁਰਿੰਦਰਪਾਲ ਸਿੰਘ ਦਾ ਤਬਾਦਲਾ ਸਿਆਸੀ ਸ਼ਹਿ 'ਤੇ ਕੀਤਾ ਗਿਆ ਹੈ। ਇਸ ਮੌਕੇ ਪੈਨਸ਼ਨਰਜ਼ ਯੂਨੀਅਨ ਹਲਕਾ ਤਰਨ ਤਾਰਨ ਤੋਂ ਆਗੂ ਪੂਰਨ ਸਿੰਘ ਮਾੜੀਮੇਘਾ, ਸੁਖਰਾਜ ਸਿੰਘ, ਬਲਦੇਵ ਰਾਜ, ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਦੇ ਆਗੂ ਦਿਲਬਾਗ ਸਿੰਘ ਗੱਗੋਬੂਹਾ, ਸੁਖਵੰਤ ਸਿੰਘ ਬਾਹਮਣੀਵਾਲਾ, ਜੇਈ ਹਰਜਿੰਦਰ ਸਿੰਘ ,ਜੇ ਈ ਮਨਜਿੰਦਰ ਸਿੰਘ, ਜਮਹੂਰੀ ਕਿਸਾਨ ਸਭਾ ਦੇ ਆਗੂ ਦਲਜੀਤ ਸਿੰਘ ਦਿਆਲਪੁਰਾ, ਕੇਵਲ ਸਿੰਘ ਕੰਬੋਕੇ, ਮਾਸਟਰ ਬੇਅੰਤ ਸਿੰਘ ਕੰਬਕੇ, ਕੌਮੀ ਕਿਸਾਨ ਸਭਾ ਦੇ ਇਕਬਾਲ ਸਿੰਘ, ਕਿਸਾਨ ਸੰਘਰਸ਼ ਕਮੇਟੀ ਦੇ ਤਰਸੇਮ ਸਿੰਘ ਕਲਸੀਆਂ ਆਦਿ ਆਗੂਆਂ ਵੱਲੋਂ ਜੇ ਈ ਸੁਰਿੰਦਰਪਾਲ ਸਿੰਘ ਦੇ ਤਬਾਦਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ। ਇਸ ਮੌਕੇ ਹਰਜਿੰਦਰ ਸਿੰਘ ਨੇ ਦੱਸਿਆ ਕਿ ਜੂਨੀਅਰ ਇੰਜੀਨੀਅਰ ਸੁਰਿੰਦਰਪਾਲ ਸਿੰਘ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਂਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਐਲਾਨ ਕੀਤਾ ਕਿ ਜੇ ਈ ਸੁਰਿੰਦਰਪਾਲ ਦੀ ਕੀਤੀ ਗਈ ਨਜਾਇਜ਼ ਬਦਲੀ ਦੇ ਵਿਰੋਧ 'ਚ ਭਿੱਖੀਵਿੰਡ ਮੰਡਲ ਦੇ ਸਾਰੇ ਜੇ ਈ 26 ਅਗਸਤ ਤੱਕ ਸਮੂਹਕ ਛੁੱਟੀ 'ਤੇ ਜਾ ਰਹੇ ਹਨ।

# ਚੋਰੀ ਦੇ ਅੱਠ ਮੋਟਰਸਾਈਕਲਾਂ ਸਮੇਤ ਤਿੰਨ ਕਾਬੂ



**ਪਠਾਨਕੋਟ, (ਦਵਿੰਦਰ ਸਿੰਘ)**-ਪਠਾਨਕੋਟ ਪੁਲਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਇਲਾਕੇ ਵਿੱਚ ਚੋਰੀਆਂ ਕਰਨ ਵਾਲੇ ਬਦਨਾਮ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਪਠਾਨਕੋਟ ਪੁਲਸ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਇੱਕ ਬਦਨਾਮ ਕਬਾੜੀਏ ਸਮੇਤ ਤਿੰਨ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ ਅਤੇ ਅੱਠ ਚੋਰੀ ਦੇ ਮੋਟਰਸਾਈਕਲ ਬਰਾਮਦ ਕੀਤੇ ਗਏ ਹਨ। ਫੜੇ ਗਏ ਵਿਅਕਤੀਆਂ ਦੀ ਪਛਾਣ ਗੌਰਵ ਉਰਫ ਖਾਂਡੂ ਵਾਸੀ ਲਹਿਰੀ ਮਹੰਤ, ਹਰਜੀਤ ਸਿੰਘ (ਸਕਰੈਪ ਡੀਲਰ) ਵਾਸੀ ਨਵੀਂ ਆਬਾਦੀ ਸੁਜਾਨਪੁਰ ਪਠਾਨਕੋਟ ਅਤੇ ਮੁਕੇਸ਼ ਉਰਫ ਸ਼ਾਲੂ ਵਾਸੀ ਸੁੰਦਰ ਚੱਕ ਵਜੋਂ ਹੋਈ ਹੈ। ਗੌਰਵ ਉਰਫ ਖਾਂਡੂ ਕੋਲ ਚੋਰੀ ਅਤੇ ਗਬਨ ਦਾ ਪੁਰਾਣਾ ਰਿਕਾਰਡ ਹੈ, ਜਿਸ ਦਾ ਪਤਾ ਜਾਂਚ ਦੌਰਾਨ ਸਾਹਮਣੇ ਆਇਆ ਹੈ। ਸੀਨੀਅਰ ਕਪਤਾਨ ਪੁਲਸ ਪਠਾਨਕੋਟ ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਇਸ ਸਫਲ ਆਪ੍ਰੇਸ਼ਨ ਦੀ ਅਗਵਾਈ ਐਸ.ਐਚ.ਓ ਥਾਣਾ ਸਦਰ ਹਰਪ੍ਰੀਤ ਕੌਰ ਬਾਜਵਾ ਨੇ ਡੀ ਐਸ ਪੀ ਦਿਹਾਤੀ ਸੁਖਜਿੰਦਰ ਸਿੰਘ ਦੀ ਦੇਖ-ਰੇਖ ਹੇਠ ਕੀਤੀ ਹੈ। ਪੁਲਸ ਟੀਮ ਵੱਲੋਂ ਅੱਡਾ ਸਰਨਾ ਵਿਖੇ ਰੁਟੀਨ ਚੈਕਿੰਗ ਕੀਤੀ ਜਾ ਰਹੀ ਸੀ ਤਦ ਬਿਨਾਂ ਨੰਬਰ ਪਲੇਟ ਵਾਲੇ ਹੀਰੋ ਹਾਂਡਾ ਡੀਲਕਸ ਮੋਟਰਸਾਈਕਲ 'ਤੇ ਸਵਾਰ ਦੋ ਸ਼ੱਕੀ ਵਿਅਕਤੀ ਦੇਖੇ ਗਏ। ਪੁਲਸ ਦੀ ਮੌਜੂਦਗੀ ਨੂੰ ਦੇਖ ਕੇ ਸ਼ੱਕੀ ਵਿਅਕਤੀਆਂ ਨੇ ਪਿੱਛੇ ਹਟਣ ਦੀ ਕੋਸ਼ਿਸ਼ ਕੀਤੀ ਪਰ ਪੁਲਸ ਪਾਰਟੀ ਨੇ ਉਨ੍ਹਾਂ ਨੂੰ ਦਬੋਚ ਲਿਆ। ਜਦੋਂ ਉਨ੍ਹਾਂ ਦੀ ਪਛਾਣ ਬਾਰੇ ਪੁੱਛਗਿੱਛ ਕੀਤੀ ਗਈ ਤਾਂ ਉਨ੍ਹਾਂ ਨੇ ਗਲਤ ਜਾਣਕਾਰੀ ਦੇ ਕੇ ਅਧਿਕਾਰੀਆਂ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕੀਤੀ। ਜਾਂਚ ਵਿੱਚ ਸਾਹਮਣੇ ਆਇਆ ਕਿ ਇਹ ਮੋਟਰਸਾਈਕਲ ਕੁਝ ਦਿਨ ਪਹਿਲਾਂ ਅੱਡਾ ਝਖੋਲਾਹੜੀ ਤੋਂ ਚੋਰੀ ਹੋਇਆ ਸੀ। ਮੁਲਜ਼ਮਾਂ ਨੇ ਇਹ ਵੀ ਖੁਲਾਸਾ ਕੀਤਾ ਕਿ ਉਹ ਚੋਰੀ ਕੀਤੇ ਮੋਟਰਸਾਈਕਲਾਂ ਨੂੰ ਨੇੜਲੇ ਸਕਰੈਪ ਡੀਲਰ ਨੂੰ ਵੇਚ ਦਿੰਦੇ ਸਨ। ਬਾਈਕ ਦੀ ਸਥਿਤੀ 'ਤੇ ਨਿਰਭਰ ਕਰਦੇ ਹੋਏ ਇਹ ਕਬਾੜੀਆਂ ਜਾਂ ਤਾਂ ਚੰਗੇ ਵਾਹਨ ਦਾ ਚੈਸੀ ਨੰਬਰ ਬਦਲ ਦਿੰਦਾ ਸੀ ਅਤੇ ਮਾੜੇ ਵਾਹਨ ਨੂੰ ਮੈਲਟ ਕਰ ਦਿੰਦਾ ਸੀ। ਪੁਲਸ ਨੇ ਤੁਰੰਤ ਸਕਰੈਪ ਡੀਲਰ ਦੇ ਅਹਾਤੇ 'ਤੇ ਛਾਪੇਮਾਰੀ ਕਰਕੇ ਚੋਰੀ ਹੋਏ ਬਾਈਕ ਬਰਾਮਦ ਕੀਤੇ ਅਤੇ ਇਸ ਮਾਮਲੇ ਦੇ ਸੰਬੰਧ ਵਿੱਚ ਉਸ ਉੱਪਰ ਮੁਕੱਦਮਾ ਦਰਜ ਕੀਤਾ ਗਿਆ ਹੈ। ਤਿੰਨਾਂ ਦੋਸ਼ੀਆਂ ਖਿਲਾਫ ਥਾਣਾ ਸਦਰ ਪਠਾਨਕੋਟ ਵਿਖੇ ਕੇਸ ਦਰਜ ਕੀਤਾ ਗਿਆ ਹੈ। ਹੋਰ ਪੁੱਛਗਿੱਛ ਦੌਰਾਨ ਮੁਲਜ਼ਮ ਗੌਰਵ ਨੇ ਮੋਟਰਸਾਈਕਲ ਚੋਰੀ ਦੀਆਂ ਕਈ ਵਾਰਦਾਤਾਂ ਵਿੱਚ ਸ਼ਾਮਲ ਹੋਣ ਦੀ ਗੱਲ ਕਬੂਲੀ ਹੈ। ਬਰਾਮਦ ਕੀਤੇ ਗਏ ਚੋਰੀ ਦੇ ਮੋਟਰਸਾਈਕਲਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ: -35—2281, ਮਾਰਕਾ ਸਪਲੈਂਡਰ, 35—4633, ਮਾਰਕਾ ਪੈਸ਼ਨ-35-0817, ਮਾਰਕਾ ਸਪਲੈਂਡਰ, 0-20-9583, ਮਾਰਕਾ ਪੈਸ਼ਨ, 06—4865, ਅਪਾਚੇ,-35—8109, ਹੀਰੋ ਹੌਂਡਾ ਸਾਈਨ, -35-4114, ਮਾਰਕਾ ਸਪਲੈਂਡਰ। ਐਸ ਐਸ ਪੀ ਖੱਖ ਵੱਲੋਂ ਪਠਾਨਕੋਟ ਅਤੇ ਆਸਪਾਸ ਦੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਲੋਕ ਜੋ ਚੋਰੀ ਦਾ ਸ਼ਿਕਾਰ ਹੋਏ ਸਨ, ਉਹ ਆਪਣੇ ਵਾਹਨ ਵਾਪਸ ਲੈਣ ਲਈ ਮਾਲਕੀ ਦੇ ਦਸਤਾਵੇਜ਼ਾਂ ਦੀ ਤਨਦੇਹੀ ਅਤੇ ਸੁਚੱਜੀ ਤਸਦੀਕ ਲਈ ਸਦਰ ਥਾਣਾ ਪਠਾਨਕੋਟ ਵਿਖੇ ਆ ਸਕਦੇ ਹਨ।

# ਸ਼ਮਸ਼ੇਰ ਸਿੰਘ ਵੱਲੋਂ ਹੜ੍ਹ ਪੀੜਤ ਪਰਵਾਰਾਂ ਦੀ ਸਹਾਇਤਾ ਲਗਾਤਾਰ ਜਾਰੀ

**ਜਗਤਪੁਰ ਕਲਾਂ ਤੇ 144 ਤੇ ਧੁੱਸੀ ਪਾਰਲੇ 25 ਡੇਰਿਆਂ ਨੂੰ ਵੰਡਿਆ ਰਾਸ਼ਨ**



**ਦੀਨਾਨਗਰ ( ਬਲਵਿੰਦਰ ਸਿੰਘ ਬਿੱਲਾ )**-ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਹੜ੍ਹ ਪੀੜਤ ਪਰਵਾਰਾਂ ਦੀ ਸਹਾਇਤਾ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਦੂਜੇ ਦਿਨ ਵੀ ਜਗਤਪੁਰ ਕਲਾਂ ਦੇ 144 ਲੋੜਵੰਦ ਪਰਵਾਰਾਂ ਅਤੇ ਤੀਜੇ ਦਿਨ ਧੁੱਸੀ ਪਾਰਲੇ 25 ਡੇਰਿਆਂ ਦੇ ਹੜ੍ਹ ਪੀੜਤਾਂ ਨੂੰ ਰਾਸ਼ਨ ਮੁਹੱਈਆ ਕਰਵਾਇਆ ਗਿਆ। ਇਸ ਮੌਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਲੋਕਾਂ ਦੀਆਂ ਮੁਸ਼ਕਲਾਂ ਵੀ ਜਾਣੀਆਂ ਅਤੇ ਉਨ੍ਹਾਂ ਦੇ ਹੱਲ ਦਾ ਭਰੋਸਾ ਵੀ ਦਿਵਾਉਂਦਿਆਂ ਕਿਹਾ ਕਿ ਉਹ ਹਲਕੇ ਦੇ ਲੋਕਾਂ ਦੀ ਸੇਵਾ ਵਿੱਚ ਦਿਨ ਰਾਤ ਹਾਜ਼ਰ ਹਨ। ਉਨ੍ਹਾਂ ਕਿਹਾ ਕਿ ਫਿਲਹਾਲ ਉਨ੍ਹਾਂ ਦਾ ਮੰਤਵ ਅਜਿਹੇ ਲੋੜਵੰਦ ਗਰੀਬ ਪਰਵਾਰਾਂ ਤੱਕ ਭੋਜਨ ਦੀ ਸਹਾਇਤਾ ਪਹੁੰਚਾਉਣਾ ਹੈ ਜਿਨ੍ਹਾਂ ਪਰਵਾਰਾਂ ਦਾ ਹੜ੍ਹ ਦੀ ਮਾਰ ਹੇਠ ਆਉਣ ਨਾਲ ਜੀਵਨ ਅਸਤ ਵਿਅਸਤ ਹੋਇਆ ਹੈ ਅਤੇ ਅਜਿਹੇ ਲੋਕ ਜਿਹੜੇ ਜਿਹੜੇ ਪਿੰਡਾਂ ਅੰਦਰ ਵੀ ਉਨ੍ਹਾਂ ਦੇ ਧਿਆਨ ਵਿੱਚ ਆ ਰਹੇ ਹਨ ਉਹ ਉੱਥੇ ਪਹੁੰਚ ਕੇ ਉਨ੍ਹਾਂ ਨੂੰ ਭੋਜਨ ਦੀਆਂ ਲੋੜਾਂ ਪੂਰੀਆਂ ਕਰਨ ਦਾ ਯਤਨ ਕਰ ਰਹੇ ਹਨ। ਇਸ ਮੌਕੇ ਪ੍ਰਿੰਸੀਪਲ ਸੁਖਦੇਵ ਰਾਜ, ਜੋਗਿੰਦਰ ਪਾਲ ਸਾਬਕਾ ਸਰਪੰਚ, ਗੁਰਨਾਮ ਸਿੰਘ ਪੁਰਾਣਾ ਸ਼ਾਲਾ, ਕੈਪਟਨ ਪਿਆਰਾ ਸਿੰਘ, ਬਲਜੀਤ ਸਿੰਘ ਪੁਰਾਣਾ ਸ਼ਾਲਾ, ਨਿਸ਼ਾਨ ਸਿੰਘ ਗੁੰਝੀਆਂ, ਰਕੇਸ਼ ਟਾਂਡਾ, ਗੋਰਾ ਕੱਤੋਵਾਲ, ਡੀ ਐਸ ਪੀ ਰਘੁਨਾਥ ਸਿੰਘ, ਮਲਵਿੰਦਰ ਸਿੰਘ, ਦੀਪਕ ਚੇਚੀਆਂ ਅਤੇ ਰਾਜਨ ਮੀਲਵਾਂ ਵੀ ਹਾਜ਼ਰ ਸਨ।

## ਸੈਂਪਲ ਭਰਨ ਗਈ ਸਿਹਤ ਵਿਭਾਗ ਦੀ ਟੀਮ ਖਾਨਾਪੂਰਤੀ ਕਰਕੇ ਮੁੜੀ



**ਭਿੱਖੀਵਿੰਡ/ ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**- ਭਿੱਖੀਵਿੰਡ 'ਚ ਸਥਿਤ ਮਠਿਆਈਆਂ ਦੀ ਦੁਕਾਨ ਤੋਂ ਖਾਧ ਪਦਾਰਥਾਂ ਦੇ ਨਮੂਨੇ ਲੈਣ ਗਈ ਸਿਹਤ ਵਿਭਾਗ ਤਰਨ ਤਾਰਨ ਦੀ ਟੀਮ ਖਾਨਾਪੂਰਤੀ ਕਰਨ ਮਗਰੋਂ ਵਾਪਸ ਪਰਤ ਗਈ। ਜ਼ਿਲ੍ਹਾ ਸਿਹਤ ਅਫਸਰ ਡਾਕਟਰ ਸੁਖਬੀਰ ਕੌਰ ਦੀ ਅਗਵਾਈ 'ਚ ਪਹੁੰਚੀ ਟੀਮ ਦੁਕਾਨ 'ਚ ਮੌਜੂਦ ਰੰਗਦਾਰ ਮਠਿਆਈਆਂ ਦੇ ਨਮੂਨੇ ਲੈਣ ਦੀ ਬਜਾਏ ਰੁਟੀਨ ਚੈਕਿੰਗ ਦਾ ਹਵਾਲਾ ਦਿੰਦਿਆਂ ਵਾਪਸ ਮੁੜ ਗਈ। ਇਸ ਮੌਕੇ ਜਦੋਂ ਪੱਤਰਕਾਰਾਂ ਵੱਲੋਂ ਜ਼ਿਲ੍ਹਾ ਸਿਹਤ ਅਫਸਰ ਡਾਕਟਰ ਸੁਖਬੀਰ ਕੌਰ ਨੂੰ ਸਵੀਟ ਸ਼ਾਪ 'ਚ ਮੌਜੂਦ ਰੰਗਦਾਰ ਮਠਿਆਈਆਂ ਦੇ ਨਮੂਨੇ ਨਾ ਲੈਣ ਬਾਰੇ ਸਵਾਲ ਪੁੱਛੇ ਗਏ ਤਾਂ ਉਹ ਅੱਗੋਂ ਕਹਿੰਦੇ ਨਜ਼ਰ ਆਏ ਕਿ ਅੱਜ ਮੈਂ ਰੁਟੀਨ ਚੈਕਿੰਗ ਲਈ ਇੱਥੇ ਆਈ ਹਾਂ। ਮੈਂ ਦੁਕਾਨ ਮਾਲਕ ਦੇ ਰਾਅ ਮਟੀਰੀਅਲ ਦੇ ਸੈਂਪਲ ਭਰੇ ਹਨ ਅਤੇ ਨਾਲ ਹੀ ਉਨ੍ਹਾਂ ਨੂੰ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ ਸੰਬੰਧੀ ਆਦੇਸ਼ ਜਾਰੀ ਕੀਤੇ ਹਨ। ਹੁਣ ਸਵਾਲ ਇੱਥੇ ਇਹ ਪੈਦਾ ਹੁੰਦਾ ਹੈ ਕਿ ਜੇਕਰ ਰੱਖੜੀ ਵਰਗਾ ਤਿਉਹਾਰ ਜਦੋਂ ਲੋਕ ਬਜ਼ਾਰ 'ਚੋਂ ਮਠਿਆਈਆਂ ਖਰੀਦਦੇ ਹਨ, ਮੌਕੇ ਖਾਧ ਪਦਾਰਥਾਂ ਦੇ ਨਮੂਨੇ ਨਹੀਂ ਲੈਣੇ ਤਾਂ ਫਿਰ ਲੈਣੇ ਕਦੋਂ ਨੇ? ਜਦੋਂ ਇਸ ਮਾਮਲੇ ਸੰਬੰਧੀ ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਰਾਏ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਹ ਇਸ ਚੈਕਿੰਗ ਬਾਰੇ ਜ਼ਿਲ੍ਹਾ ਸਿਹਤ ਅਫਸਰ ਕੋਲੋਂ ਰਿਪੋਰਟ ਮੰਗਣਗੇ।

# ਵਿਦਿਆਰਥੀਆਂ ਨੂੰ ਪੁਲਸ ਦੇ ਕੰਮਕਾਜ ਬਾਰੇ ਨੇੜਿਓਂ ਜਾਣਨ ਦਾ ਮੌਕਾ ਹਾਸਲ ਹੋਵੇਗਾ : ਸ਼ੈਰੀ ਕਲਸੀ

**ਬਟਾਲਾ ( ਡਾਕਟਰ ਮਲਵਿੰਦਰ ਸਿੰਘ)**- ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਹਲਕਾ ਵਿਧਾਇਕ ਬਟਾਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਪੁਲਸ ਦੀ ਕਾਰਜ ਪ੍ਰਣਾਲੀ ਬਾਰੇ ਨੇੜਿਓਂ ਜਾਣਨ ਅਤੇ ਸ਼ਾਸਨ ਤੇ ਸੁਰੱਖਿਆ 'ਚ ਸਰਗਰਮ ਭਾਈਵਾਲ ਬਣਾਉਣ ਦਾ ਮੌਕਾ ਪ੍ਰਦਾਨ ਕਰਨ ਲਈ ਸੂਬੇ 'ਚ 'ਸਟੂਡੈਂਟ ਪੁਲਸ ਕੈਡਿਟ' ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ। ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਇਸ ਸਕੀਮ ਤਹਿਤ ਪਹਿਲੇ ਪੜਾਅ 'ਚ ਸੂਬੇ ਦੇ 280 ਸਰਕਾਰੀ ਸਕੂਲਾਂ ਦੇ 8ਵੀਂ ਜਮਾਤ ਦੇ 11200 ਵਿਦਿਆਰਥੀਆਂ ਦੀ ਚੋਣ ਕੀਤੀ ਗਈ ਹੈ। ਇਸ ਦਾ ਕੋਰਸ ਬਿਊਰੋ ਆਫ ਪੁਲਿਸ ਰਿਸਰਚ ਐਂਡ ਡਿਵੈਲਪਮੈਂਟ ਵੱਲੋਂ ਤਿਆਰ ਕੀਤਾ ਗਿਆ ਜੋ ਮੌਜੂਦਾ ਵਿੱਦਿਅਕ ਸਾਲ 2023-24 ਵਿਚ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਦੋ ਸਾਲਾਂ 'ਚ ਕਰਵਾਇਆ ਜਾਵੇਗਾ। ਦੋ ਸਾਲਾ ਕੋਰਸ ਤਹਿਤ ਏਹੀ ਵਿਦਿਆਰਥੀ ਵਿੱਦਿਅਕ ਵਰ੍ਹੇ 2024-25 ਵਿਚ ਨੌਵੀਂ ਜਮਾਤ ਵਿਚ ਇਸ ਸਕੀਮ ਦਾ ਹਿੱਸਾ ਬਣੇ ਰਹਿਣਗੇ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਨੇ ਇਸ ਸਕੀਮ ਨੂੰ ਲਾਗੂ ਕਰਨ ਲਈ ਹਰੇਕ ਸਕੂਲ ਲਈ 50 ਹਜ਼ਾਰ ਰੁਪਏ ਸਾਲਾਨਾ ਅਲਾਟ ਕੀਤੇ ਹਨ। ਇਹ ਸਕੀਮ ਸੂਬੇ ਦੇ 28 ਜ਼ਿਲ੍ਹਿਆਂ (23 ਮਾਲ ਜ਼ਿਲ੍ਹੇ ਅਤੇ ਪੰਜ ਪੁਲਸ ਜ਼ਿਲ੍ਹੇ) 'ਚ ਲਾਗੂ ਕੀਤੀ ਜਾਵੇਗੀ। ਇਸ ਸਕੀਮ ਤਹਿਤ ਹਰੇਕ ਜ਼ਿਲ੍ਹੇ 'ਚ 10 ਸਕੂਲਾਂ ਵਿੱਚੋਂ ਪ੍ਰਤੀ ਸਕੂਲ 40 ਵਿਦਿਆਰਥੀਆਂ ਦੀ ਚੋਣ ਕੀਤੀ ਗਈ ਹੈ ਜਿਸ ਨਾਲ ਕੁੱਲ 11200 ਵਿਦਿਆਰਥੀ ਚੁਣੇ ਗਏ ਹਨ। ਸ਼ੈਰੀ ਕਲਸੀ ਨੇ ਦੱਸਿਆ ਕਿ ਇਸ ਉਪਰਾਲੇ ਨਾਲ ਵਿਦਿਆਰਥੀਆਂ ਨੂੰ ਪੁਲਸ ਦੇ ਕੰਮਕਾਜ ਬਾਰੇ ਨੇੜਿਓਂ ਜਾਣਨ ਅਤੇ ਸ਼ਾਸਨ ਤੇ ਸੁਰੱਖਿਆ 'ਚ ਸਰਗਰਮ ਭਾਈਵਾਲ ਬਣਨ ਦਾ ਮੌਕਾ ਹਾਸਲ ਹੋਵੇਗਾ। ਦੋ ਸਾਲਾ ਕੋਰਸ ਦੇ ਵਿਸ਼ਿਆਂ ਬਾਰੇ ਜਾਣਕਾਰੀ ਦਿੰਦੇ ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੂੰ 'ਸਟੂਡੈਂਟ ਕੈਡਿਟ ਸਕੀਮ' ਬਾਰੇ ਮੁਢਲੀ ਜਾਣਕਾਰੀ, ਭ੍ਰਿਸ਼ਟਾਚਾਰ, ਸਾਈਬਰ ਅਪਰਾਧ, ਅਪਰਾਧ ਦੇ ਵੱਖ-ਵੱਖ ਸਰੂਪ, ਭਰੂਣ ਹੱਤਿਆ, ਸੜਕ ਸੁਰੱਖਿਆ, ਬੱਚਿਆਂ ਦੀ ਸੁਰੱਖਿਆ, ਨਸ਼ਿਆਂ ਦੀ ਲਾਹਨਤ ਬਾਰੇ ਜਾਗਰੂਕਤਾ ਸੈਸ਼ਨ, ਘਰੇਲੂ ਹਿੰਸਾ, ਫਸਟ ਏਡ, ਆਫਤ ਮੌਕੇ ਹੰਗਾਮੀ ਸੇਵਾਵਾਂ ਅਤੇ ਕੁਇੰਜ਼ ਮੁਕਾਬਲੇ ਕਰਵਾਏ ਜਾਣਗੇ। ਇਸ ਸਕੀਮ ਤਹਿਤ ਵਿਦਿਆਰਥੀ ਪੁਲਸ ਦਫਤਰਾਂ, ਪੁਲਸ ਥਾਣਿਆਂ, ਸਾਈਬਰ ਸੈੱਲ, ਫੌਰੈਂਸਿਕ ਲੈਬ, ਪੁਲਸ ਸਿਖਲਾਈ ਕੇਂਦਰ ਅਤੇ ਹੋਰ ਸੰਬੰਧਤ ਸਰਕਾਰੀ ਸੰਸਥਾਵਾਂ ਦਾ ਦੌਰਾ ਕਰਨਗੇ। ਇਨ੍ਹਾਂ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕ ਕਰਨ, ਗਣਤੰਤਰ ਦਿਵਸ/ਆਜ਼ਾਦੀ ਦਿਵਸ ਪਰੇਡ ਵਿਚ ਹਿੱਸਾ ਲੈਣ, ਗੈਰ-ਹਥਿਆਰਬੰਦ ਮੁਕਾਬਲੇ ਬਾਰੇ ਸਿਖਲਾਈ, ਕਾਨੂੰਨੀ ਹੱਕਾਂ ਤੇ ਜ਼ਿੰਮੇਵਾਰੀਆਂ ਬਾਰੇ ਸਿਖਲਾਈ ਦੇਣ ਦੇ ਨਾਲ-ਨਾਲ ਕਾਨੂੰਨੀ ਵਿਵਸਥਾ ਲਈ ਵੱਖ-ਵੱਖ ਡਿਊਟੀਆਂ ਬਾਰੇ ਪੁਲਸ ਨਾਲ ਇੰਟਰਸ਼ਿਪ ਪ੍ਰੋਗਰਾਮ ਵੀ ਕਰਵਾਏ ਜਾਣਗੇ। ਇਸ ਤੋਂ ਇਲਾਵਾ ਸਮਾਜ ਸੇਵਾ ਨਾਲ ਸੰਬੰਧਤ ਸਰਗਰਮੀਆਂ ਨਾਲ ਵਿਦਿਆਰਥੀਆਂ ਨੂੰ ਜੋੜਿਆ ਜਾਵੇਗਾ ਅਤੇ ਚਰਿੱਤਰ ਨਿਰਮਾਣ ਤੇ ਕਦਰਾਂ-ਕੀਮਤਾਂ ਨੂੰ ਕੋਰਸ ਦਾ ਹਿੱਸਾ ਬਣਾਇਆ ਗਿਆ ਹੈ।

# ਮਾਂ ਦੇ ਦੁੱਧ ਦੀ ਮਹੱਤਤਾ 'ਤੇ ਸੈਮੀਨਾਰ ਸੰਪੰਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਖ਼ਾਲਸਾ ਕਾਲਜ ਆਫ਼ ਨਰਸਿੰਗ ਵਿਖੇ 'ਵਰਲਡ ਬ੍ਰੈਸਟ ਫ਼ੀਡਿੰਗ ਵੀਕ' ਤਹਿਤ ਬੱਚੇ ਦੀ ਪੈਦਾਇਸ਼ ਸਮੇਂ ਦੌਰਾਨ 'ਮਾਂ ਦੇ ਦੁੱਧ ਦੀ ਮਹੱਤਤਾ' 'ਤੇ ਸੈਮੀਨਾਰ ਸੰਪੰਨ ਹੋ ਗਿਆ। ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਉਕਤ ਸੈਮੀਨਾਰ ਦੌਰਾਨ ਸਿਵਲ ਹਸਪਤਾਲ ਐੱਸਐੱਮਓ ਡਾ. ਸਵਰਨਜੀਤ ਧਵਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਡਾ. ਧਵਨ ਨੇ ਸ਼ਮ੍ਹਾ ਰੌਸ਼ਨ ਕਰ ਕੇ ਪ੍ਰੋਗਰਾਮ ਦਾ ਆਗਾਜ਼ ਕਰਨ ਉਪਰੰਤ ਵਿਦਿਆਰਥੀਆਂ ਨਾਲ ਬੱਚਿਆਂ ਦੇ ਜਨਮ ਅਤੇ ਉਸ ਦੀ ਪੈਦਾਇਸ਼ ਦੌਰਾਨ ਖੁਰਾਕ ਵਜੋਂ ਦਿੱਤੇ ਜਾਣ ਵਾਲੇ ਮਾਂ ਦੇ ਦੁੱਧ ਨੂੰ ਅੰਮ੍ਰਿਤ ਦਾ ਕੰਮ ਕਰਨ ਸਬੰਧੀ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਨਵਜੰਮੇ ਬੱਚਿਆਂ ਦੇ ਵੱਧਣ-ਫੁੱਲਣ ਅਤੇ ਪੌਸ਼ਟਿਕ ਖ਼ੁਰਾਕ ਵਜੋਂ ਮਾਂ ਦੁੱਧ ਬਹੁਤ ਲਾਹੇਵੰਦ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜਿਹੜੀਆਂ ਮਾਂਵਾਂ ਆਪਣੇ ਬੱਚੇ ਨੂੰ ਦੁੱਧ ਪਿਲਾਉਂਦੀਆਂ ਹਨ, ਉਸ ਬੱਚੇ 'ਚ ਦਸਤ, ਕਬਜ਼ ਆਦਿ ਬਿਮਾਰੀਆਂ ਤੋਂ ਬਚਾਅ ਰਹਿੰਦਾ ਹੈ। ਇਸ ਮੌਕੇ ਉਚੇਚੇ ਤੌਰ 'ਤੇ ਪੁੱਜੇ ਸੀਐੱਮਸੀ ਲੁਧਿਆਣਾ ਤੋਂ ਪ੍ਰੋਫ਼ੈਸਰ ਸ਼ਹਿਨਾਜ਼ ਜਾਨਸਨ ਨੇ ਵਿਦਿਆਰਥੀਆਂ ਨਾਲ ਮਾਰੂ ਬਿਮਾਰੀਆਂ ਨਾਲ ਪੀੜਤ ਮਾਂਵਾਂ ਦੇ ਨਵਜੰਮੇ ਬੱਚਿਆਂ ਨੂੰ ਮਾਂ ਦਾ ਦੁੱਧ ਦੇਣ ਸਬੰਧੀ ਵਿਚਾਰ ਸਾਂਝੇ ਕੀਤੇ ਜਦਕਿ ਕਾਲਜ ਲੈਕਚਰਾਰ ਕਮਲਪ੍ਰੀਤ ਕੌਰ ਨੇ ਮਾਂ ਅਤੇ ਬੱਚੇ ਲਈ ਮਾਂ ਦੇ ਦੁੱਧ ਦੇ ਫ਼ਾਇਦੇ ਅਤੇ ਦੁੱਧ ਪਿਲਾਉਣ ਦੇ ਤਰੀਕੇ ਵਿਦਿਆਰਥੀਆਂ ਨਾਲ ਸਾਂਝੇ ਕੀਤੇ।

ਇਸ ਮੌਕੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਬੱਚੇ ਲਈ ਮਾਂ ਦਾ ਦੁੱਧ ਪ੍ਰਮਾਤਮਾ ਦੁਆਰਾ ਬਖ਼ਸ਼ੀ ਬਹੁਤ ਵੱਡੀ ਨਿਆਮਤ ਹੈ। ਇਸ ਲਈ ਜਣੇਪੇ ਤੋਂ ਤੁਰੰਤ ਬਾਅਦ ਮਾਂ ਬੱਚੇ ਨੂੰ ਦੁੱਧ ਜ਼ਰੂਰ ਪਿਲਾਏ।

# ਯਾਦਗਾਰੀ ਹੋ ਨਿੱਬੜਿਆ 'ਕਥਾਕਾਰ ਦਲਬੀਰ ਚੇਤਨ ਯਾਦਗਾਰੀ ਪੁਰਸਕਾਰ' ਸਮਾਰੋਹ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਹਰ ਵਰ੍ਹੇ ਦਿੱਤੇ ਜਾਣ ਵਾਲੇ "ਕਥਾਕਾਰ ਦਲਬੀਰ ਚੇਤਨ ਯਾਦਗਾਰੀ ਪੁਰਸਕਾਰ" ਪੰਜਾਬ ਨਾਟਸ਼ਾਲਾ ਵਿਖੇ ਹੋਏ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਵਿਚ ਇਸ ਵਰ੍ਹੇ ਦੇ ਜੇਤੂ ਕਹਾਣੀਕਾਰਾ ਪਰਵੇਜ਼ ਸੰਧੂ, ਦੀਪ ਦੇਵਿੰਦਰ ਸਿੰਘ ਅਤੇ ਦੀਪਤੀ ਬਬੂਟਾ ਨੂੰ ਭੇਟ ਕੀਤੇ ਗਏ। ਮੰਚ ਦੇ ਕਨਵੀਨਰ ਪਰਵਾਸੀ ਸਾਹਿਤਕਾਰ ਅਜੇ ਤਨਵੀਰ ਹੁਰਾਂ ਦੇ ਸੰਦੇਸ਼ ਰਾਹੀਂ ਸ਼ੁਰੂ ਹੋਏ ਇਸ ਸਮਾਗਮ ਵਿਚ ਨਵਚੇਤਨ ਨੇ ਸਵਾਗਤੀ ਸ਼ਬਦ ਕਹੇ ਅਤੇ ਡਾ. ਸਰਘੀ ਨੇ ਚੇਤਨ ਪਰਿਵਾਰ ਵਲੋਂ ਦਿੱਤੇ ਜਾਣ ਵਾਲੇ ਇਨ੍ਹਾਂ ਪੁਰਸਕਾਰਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਵੇਰਾਂ ਮੁਕਾਬਲੇ ਲਈ ਆਈਆਂ ਪੁਸਤਕਾਂ ਵਿੱਚੋਂ ਪਰਵੇਜ ਸੰਧੂ ਦੀ ਦੇ ਕਹਾਣੀ ਸੰਗ੍ਰਹਿ "ਬਲੌਰੀ ਅੱਖ ਵਾਲਾ ਮੁੰਡਾ" ਦੀਪ ਦੇਵਿੰਦਰ ਸਿੰਘ ਦੀ "ਤਿਰਕਾਲ-ਸੰਧਿਆ" ਅਤੇ ਦੀਪਤੀ ਬਬੂਟਾ ਦੀ "ਭੁੱਖ ਇਉਂ ਵੀ ਸਾਹ ਲੈਂਦੀ ਹੈ" ਆਦਿ ਪੁਸਤਕਾਂ ਨੂੰ ਸਨਮਾਨ ਮਿਲੇ ਜਿਨ੍ਹਾਂ ਵਿਚ ਕਰਮ ਵਾਰ ਇੱਕੀ ਹਜ਼ਾਰ ਅਤੇ ਗਿਆਰਾਂ ਹਜ਼ਾਰ ਰੁਪਏ ਦੀ ਰਾਸ਼ੀ ਅਤੇ ਸਨਮਾਨ ਚਿੰਨ੍ਹ ਸ਼ਾਮਲ ਹਨ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਾ ਪਰਮਿੰਦਰ ਸਿੰਘ ਨੇ ਕਿਹਾ ਕਿ ਅਜਿਹੇ ਪੁਰਸਕਾਰ ਜਿਥੇ ਗਲਪ ਲੇਖਕਾਂ ਅੰਦਰ ਜਿੰਮੇਵਾਰੀ ਅਤੇ ਊਰਜਾ ਬਣਾਈ ਰਖਦੇ ਹਨ ਉਥੇ ਦਲਬੀਰ ਚੇਤਨ ਵਰਗੇ ਲੇਖਕ ਅਗਲੀ ਪੀੜ੍ਹੀ ਦੇ ਪ੍ਰੇਰਨਾ ਸ੍ਰੋਤ ਵੀ ਬਣਦੇ ਹਨ। ਸ਼ਾਇਰ ਬੀਬਾ ਬਲਵੰਤ ਨੇ ਦਲਬੀਰ ਚੇਤਨ ਹੁਰਾਂ ਨਾਲ ਆਪਣੀ ਅਦਬੀ ਸਾਂਝ ਦੇ ਹਵਾਲੇ ਨਾਲ ਭਾਵੁਕ ਗੱਲਾਂ ਕਰਦਿਆਂ ਕਿਹਾ ਕਿ ਚੇਤਨ ਕਲ ਕਥਾ ਜਗਤ ਦਾ ਗਹਿਰਾ ਅਨੁਭਵ ਸੀ। ਜਗੀਰ ਕੌਰ ਮੀਰਾਂਕੋਟ ਨੇ ਕਿਹਾ ਕਿ ਪਰਵੇਜ ਸੰਧੂ, ਦੀਪ ਦੇਵਿੰਦਰ ਸਿੰਘ ਅਤੇ ਦੀਪਤੀ ਬਬੂਟਾ ਦਾ ਅਜੋਕੀ ਪੰਜਾਬੀ ਕਹਾਣੀ ਵਿਚ ਗੌਲਣਯੋਗ ਸਥਾਨ ਹੈ। ਡਾ. ਬਲਜੀਤ ਢਿੱਲੋਂ, ਪੂਰਨ ਪਿਆਸਾ ਅਤੇ ਡਾ. ਅਰਵਿੰਦਰ ਕੌਰ ਧਾਲੀਵਾਲ ਨੇ ਸਮਾਗਮ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਹ ਪਹਿਲਕਦਮੀ ਨਵੇਂ ਲੇਖਕਾਂ ਅੰਦਰ ਨਵੀਆਂ ਲੀਹਾਂ ਸਿਰਜੇਗੀ। ਅਰਤਿੰਦਰ ਸੰਧੂ, ਸ਼ਾਇਰ ਮਲਵਿੰਦਰ ਅਤੇ ਸ਼ੈਲਿੰਦਰਜੀਤ ਰਾਜਨ ਨੇ ਵਧਾਈ ਦਿੰਦਿਆਂ ਕਿਹਾ ਕਿ ਪੰਜਾਬੀ ਕਹਾਣੀ ਲਈ ਅਜਿਹੇ ਪੁਰਸਕਾਰ ਸ਼ੁੱਭ ਸ਼ਗਨ ਹਨ। ਇਸ ਮੌਕੇ ਡਾ. ਹੀਰਾ ਸਿੰਘ, ਰਜਿੰਦਰ ਰਿਖੀ, ਡਾ. ਪਰਮਜੀਤ ਸਿੰਘ ਬਾਠ, ਮਖਣ ਭੈਣੀਵਾਲਾ, ਮਨਮੋਹਨ ਸਿੰਘ ਢਿੱਲੋਂ, ਪਿੰ ਕੁਲਵੰਤ ਸਿੰਘ ਅਣਖੀ, ਅਮਰੀਕ ਡੋਗਰਾ, ਸੁਖਰਾਜ ਸਰਕਾਰੀਆ, ਹਰਜਿੰਦਰ ਸਿੰਘ ਕਲਸੀ, ਗੁਰਬਾਜ, ਸੁਰਿੰਦਰ ਖਿਲਚੀਆਂ, ਡਾ. ਸਤਨਾਮ ਰੰਧਾਵਾ, ਡਾ. ਰਵਿੰਦਰ ਕੌਰ, ਸਿਮਰਜੀਤ ਸਿਮਰ, ਰਸ਼ਪਿੰਦਰ ਗਿੱਲ, ਵਿਪਨ ਧਵਨ, ਲਖਬੀਰ ਸਿੰਘ ਨਿਜ਼ਾਮਪੁਰ, ਪ੍ਰਤੀਕ ਸਹਿਦੇਵ, ਮੋਹਿਤ ਸਹਿਦੇਵ, ਰਾਜ ਖੁਸ਼ਵੰਤ ਸਿੰਘ ਸੰਧੂ, ਧਰਵਿੰਦਰ ਔਲਖ, ਪ੍ਰੋ. ਸਿਮਰਜੀਤ ਗਿੱਲ, ਪ੍ਰਿਤਪਾਲ ਸਿੰਘ, ਭਗਵੰਤ ਸਿੰਘ, ਮਨਜੀਤ ਸਿੰਘ ਅਤੇ ਡਾ. ਵਿਕਰਮ ਨੇ ਵੀ ਕਥਾਕਾਰ ਦਲਬੀਰ ਚੇਤਨ ਨੂੰ ਯਾਦ ਕਰਦਿਆਂ ਜੇਤੂ ਸਾਹਿਤਕਾਰਾਂ ਨੂੰ ਵਧਾਈ ਦਿੱਤੀ। ਸਮਾਗਮ ਦੇ ਅੰਤ 'ਤੇ ਚੇਤਨ ਪਰਿਵਾਰ ਵੱਲੋਂ ਅਮਰਜੋਤ ਕੌਰ ਨੇ ਆਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਜਦਕਿ ਸਮੁੱਚੇ ਸਮਾਗਮ ਦੀ ਕਾਰਵਾਈ ਡਾ. ਪਰਮਜੀਤ ਸਿੰਘ ਨੇ ਨਿਭਾਈ।

# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੇ ਜੌੜਾ ਛੱਤਰਾਂ 'ਚ ਵਿਸ਼ੇਸ਼ ਕੈਂਪ ਲਗਾਇਆ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਦਾ ਅੱਗ ਲਗਾਏ ਬਗੈਰ ਨਿਪਟਾਰਾ ਕਰਨ ਸਬੰਧੀ ਸਿਖਲਾਈ ਦੇਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਬਲਾਕ ਗੁਰਦਾਸਪੁਰ ਦੇ ਪਿੰਡ ਜੌੜਾ ਛੱਤਰਾਂ ਵਿਖੇ ਵਿਸ਼ੇਸ਼ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਜਦਕਿ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਡਾ. ਕਿਰਪਾਲ ਸਿੰਘ ਢਿਲੋਂ ਨੇ ਕੈਂਪ ਦੀ ਪ੍ਰਧਾਨਗੀ ਕੀਤੀ। ਖੇਤੀਬਾੜੀ ਅਧਿਕਾਰੀ ਡਾ. ਰਵਿੰਦਰ ਸਿੰਘ ਅਤੇ ਏਡੀਓ ਡਾ. ਮਨਜੀਤ ਸਿੰਘ ਦੇ ਪ੍ਰਬੰਧਾਂ ਹੇਠ ਲਗਾਏ ਗਏ ਇਸ ਕੈਂਪ ਵਿਚ ਕਿਸਾਨ ਸਮੂਹ ਗਰੁੱਪਾਂ ਵੱਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ ਅਤੇ ਨਾਲ ਹੀ ਨਵੇਂ ਖੇਤੀ ਸੰਦਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਕੈਂਪ ਦੌਰਾਨ ਸੰਬੋਧਨ ਕਰਦਿਆਂ ਡਾ. ਹਿਮਾਂਸ਼ੂ ਅਗਰਵਾਲ ਨੇ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਕਿਸੇ ਵੀ ਸੂਰਤ ਵਿਚ ਫਸਲੀ ਰਹਿੰਦ-ਖੂੰਹਦ ਨੂੰ ਅੱਗ ਬਿਲਕੁਲ ਨਾ ਲਗਾਈ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਾਨ ਨੂੰ ਰਹਿੰਦ-ਖੂੰਹਦ ਦਾ ਨਿਪਟਾਰਾ ਕਰਨ ਵਿਚ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਖੇਤੀ ਮਾਹਿਰਾਂ ਦੇ ਧਿਆਨ ਵਿਚ ਲਿਆਂਦਾ ਜਾਵੇ ਜਿਸ ਦੇ ਬਾਅਦ ਖੇਤੀਬਾੜੀ ਵਿਭਾਗ ਖੁਦ ਉਸ ਕਿਸਾਨ ਦੀ ਸਮੱਸਿਆ ਦਾ ਹੱਲ ਕਰਵਾ ਕੇ ਦੇਵੇਗਾ। ਉਨ੍ਹਾਂ ਕਿਹਾ ਕਿ ਅੱਗ ਲਗਾਉਣ ਨਾਲ ਮਿੱਟੀ, ਹਵਾ, ਬਨਸਪਤੀ ਤੇ ਜੀਵ ਜੰਤੂਆਂ ਦਾ ਬਹੁਤ ਵੱਡਾ ਨੁਕਸਾਨ ਹੁੰਦਾ ਹੈ। ਇਸ ਮੌਕੇ ਉਨ੍ਹਾਂ ਜੰਗਲਾਤ ਵਿਭਾਗ ਵੱਲੋਂ ਕਿਸਾਨਾਂ ਨੂੰ 1000 ਬੂਟੇ ਵੰਡੇ ਅਤੇ ਨਾਲ ਹੀ ਅਪੀਲ ਕੀਤੀ ਕਿ ਵਾਤਾਵਾਰਣ ਦੀ ਸ਼ੁੱਧਤਾ ਬਣਾਈ ਰੱਖਣ ਲਈ ਜ਼ਿਆਦਾ ਤੋਂ ਜ਼ਿਆਦਾ ਪੌਦੇ ਲਗਾਏ ਜਾਣ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ. ਕ੍ਰਿਪਾਲ ਸਿੰਘ ਢਿੱਲੋਂ ਨੇ ਕਿਹਾ ਕਿ ਅੱਜ ਦੇ ਕੈਂਪ ਦਾ ਮੁੱਖ ਮਕਸਦ ਇਹੀ ਹੈ ਕਿ ਇਸ ਪਿੰਡ ਅਤੇ ਇਲਾਕੇ ਦੇ ਕਿਸਾਨਾਂ ਨੂੰ ਰਹਿੰਦ-ਖੂੰਹਦ ਦਾ ਅੱਗ ਲਗਾਏ ਬਗੈਰ ਨਿਪਟਾਉਣ ਸਬੰਧੀ ਸਿਖਲਾਈ ਦਿੱਤੀ ਜਾ ਸਕੇ।

ਇਸ ਤੋਂ ਪਹਿਲਾਂ ਏਡੀਓ ਡਾ. ਮਨਜੀਤ ਸਿੰਘ ਨੇ ਸਟੇਜ ਸਕੱਤਰ ਦੇ ਫਰਜ਼ ਨਿਭਾਉਂਦਿਆਂ ਕਿਸਾਨਾਂ ਖੇਤੀਬਾੜੀ ਵਿਭਾਗ ਦੀਆਂ ਯੋਜਨਾਵਾਂ ਤੇ ਹੋਰ ਅਹਿਮ ਨੁਕਤਿਆਂ ਤੋਂ ਜਾਣੂ ਕਰਵਾਇਆ। ਡਾ. ਦਿਲਰਾਜ ਸਿੰਘ ਨੇ ਪੀਐਮ ਕਿਸਾਨ ਸਨਮਾਨ ਯੋਜਨਾ ਬਾਰੇ, ਡਾ. ਏਐਸ ਬੱਲ ਨੇ ਫਸਲਾਂ ਦੀ ਕਾਸ਼ਤ ਸਬੰਧੀ, ਪਿੰਦਰਪਾਲ ਸਿੰਘ ਆਦਿ ਨੇ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਹੈਪੀ ਪੱਡਾ ਨੇ ਕੈਂਪ ਦੇ ਪ੍ਰਬੰਧਾਂ ਵਿਚ ਵਿਸ਼ੇਸ਼ ਸਹਿਯੋਗ ਦਿੱਤਾ। ਕੈਂਪ ਦੌਰਾਨ ਹਨੀ ਬਹਿਲ, ਡਿਪਟੀ ਡਾਇਰੈਕਟਰ ਡਾ. ਤਜਿੰਦਰ ਸਿੰਘ, ਨਿਸ਼ਾਨ ਸਿੰਘ ਆਪ ਆਗੂ, ਖੇਤੀਬਾੜੀ ਵਿਭਾਗ ਦੇ ਅਧਿਕਾਰੀ, ਆਤਮਾ ਸਟਾਫ ਅਤੇ ਕਿਸਾਨ ਵੱਡੀ ਗਿਣਤੀ ਵਿਚ ਮੌਜੂਦ ਸਨ।

# ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਵੱਲੋਂ ਧਰਨਾ ਚੌਥੇ ਦਿਨ ਵੀ ਜਾਰੀ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਵੱਲੋਂ ਬਟਾਲਾ ਸ੍ਰੀ ਹਰਗੋਬਿੰਦਪੁਰ ਰੋਡ 'ਤੇ ਪਿੰਡ ਬੋਪਾਰਾਏ ਵਿਖੇ ਚਲ ਰਿਹਾ ਧਰਨਾ ਅੱਜ ਚੌਥੇ ਦਿਨ ਵੀ ਜਾਰੀ ਰਿਹਾ। ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਜਥੇਬੰਦਕ ਸਕੱਤਰ ਸਵਿੰਦਰਪਾਲ ਮੋਹਲੋਵਾਲੀ ਅਤੇ ਲੋਕ ਸੰਗਰਾਮ ਮੋਰਚਾ ਪੰਜਾਬ ਦੇ ਆਗੂ ਮਾਸਟਰ ਗੁਰਚਰਨ ਸਿੰਘ ਟਾਹਲੀ ਨੇ ਕਿਹਾ ਕਿ ਕਿਸਾਨਾਂ ਦੀ ਜਥੇਬੰਦਕ ਸ਼ਕਤੀ ਦੇ ਅੱਗੇ ਝੁਕ ਕੇ ਸ਼ਹੀਦ ਹੋਏ ਅਤੇ ਜ਼ਖਮੀ ਹੋਏ ਕਿਸਾਨਾਂ ਲਈ ਮੁਆਵਜ਼ਾ, ਗੱਡੀਆਂ ਦੀ ਭੰਨ ਤੋੜ ਦਾ ਹਰਜਾਨਾ ਸਮੇਤ ਹੋਰ ਮੰਗਾਂ ਮੰਨਣੀਆਂ ਕਿਸਾਨ ਘੋਲ ਦੀ ਵੱਡੀ ਜਿੱਤ ਹੈ। ਪ੍ਰੈਸ ਸਕੱਤਰ ਡਾ. ਅਸ਼ੋਕ ਭਾਰਤੀ ਨੇ ਕਿਹਾ ਕਿ ਕਿਸਾਨਾਂ ਨੂੰ ਚੰਡੀਗੜ੍ਹ ਪਹੁੰਚਣ ਤੋਂ ਰੋਕਣ ਲਈ ਸੱਤ ਪਰਤਾਂ ਵਾਲੀ ਸੁਰੱਖਿਆ ਵਿਵਸਥਾ ਲਾ ਕੇ ਸਾਬਤ ਕਰ ਦਿੱਤਾ ਹੈ ਕਿ ਭਗਵੰਤ ਮਾਨ ਸ ਰਕਾਰ ਚੰਡੀਗੜ੍ਹ ਨੂੰ ਪੰਜਾਬ ਦਾ ਹਿੱਸਾ ਹੀ ਨਹੀਂ ਮੰਨਦੀ ਸਗੋਂ ਇਸ ਦੇ ਕੇਂਦਰ ਦੀ ਮਲਕੀਅਤ ਹੋਣ 'ਤੇ ਮੋਹਰ ਲਾ ਰਹੀ ਹੈ। ਕੁਲਵਿੰਦਰ ਜੀਤ ਸਿੰਘ ਅਠਵਾਲ, ਦਲਜੀਤ ਸਿੰਘ ਮਜੀਠਾ ਅਤੇ ਹੋਰ ਆਗੂਆਂ ਨੇ ਕਿਹਾ ਕਿ ਬਾਕੀ ਰਹਿੰਦੀਆਂ ਮੰਗਾਂ ਸਰਕਾਰ ਜਲਦੀ ਪੂਰੀਆਂ ਕਰੇ ਨਹੀਂ ਤਾਂ ਸੰਘਰਸ਼ ਇਸੇ ਤਰ੍ਹਾਂ ਜਾਰੀ ਰਹੇਗਾ। ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਦਾਦੂਜੋਧ ਜਿਨ੍ਹਾਂ ਨੂੰ ਪੁਲਸ ਵੱਲੋਂ 21 ਅਗਸਤ ਨੂੰ ਸਵੇਰੇ ਗ੍ਰਿਫ਼ਤਾਰ ਕਰ ਲਿਆ ਸੀ ਅੱਜ ਰਿਹਾਅ ਕਰ ਦਿੱਤਾ ਗਿਆ। ਉਹ ਸਿੱਧੇ ਧਰਨੇ ਵਿਚ ਪਹੁੰਚੇ ਜਿਥੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਅੱਜ ਧਰਨੇ 'ਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ ਅਤੇ ਸੰਘਰਸ਼ ਵਿੱਚ ਲਗਾਤਾਰ ਸਹਿਯੋਗ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਦਿਲਬਾਗ ਸਿੰਘ ਪੱਬਾਂ ਰਾਹੀ, ਹਰਜੰਤ ਸਿੰਘ ਪੰਨਵਾਂ, ਰਣਜੀਤ ਸਿੰਘ ਖਜਾਨੇ ਕੋਟ, ਕੁਲਦੀਪ ਸਿੰਘ ਸੈਰੋਵਾਲ, ਪਾਲ ਸਿੰਘ ਚੀਮਾ ਖੁੱਡੀ, ਜਗੀਰ ਸਿੰਘ ਅਤੇਪੁਰ, ਗੁਰਨਾਮ ਸਿੰਘ ਪੱਬਾਂ ਰਾਲੀ, ਜ਼ਿਲ੍ਹਾ ਕਮੇਟੀ ਮੈਂਬਰ ਬੀਬੀ ਗੁਰਜੀਤ ਕੌਰ ਚੀਮਾ ਖੁੱਡੀ, ਵੇਰਕਾ ਕ੍ਰਾਂਤੀਕਾਰੀ ਯੂਨੀਅਨ ਦੇ ਗੁਰਪ੍ਰੀਤ ਸਿੰਘ ਨੰਗਲ ਝੌਰ, ਬਲਵਿੰਦਰ ਸਿੰਘ ਨਾਗ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਘਰਪਿੰਦਰ ਸਿੰਘ ਕੋਹਾਲੀ, ਸ਼ਮਸ਼ੇਰ ਸਿੰਘ ਹਰਪੁਰਾ ਨੇ ਸੰਬੋਧਨ ਕੀਤਾ। ਹਰਭਜਨ ਕੌਰ ਅਤੇਪੁਰ, ਦਲੀਪ ਸਿੰਘ ਪੱਬਾਂ ਰਾਲੀ, ਮਾਸਟਰ ਅਜੀਤ ਸਿੰਘ ਤੇਜਾ ਆਦਿ ਹਾਜ਼ਰ ਸਨ।

# ਪੰਜਾਬ ਲੌਂਗੋਵਾਲ ਪਲਟਨ ਦੇ ਉੱਚ ਅਧਿਕਾਰੀਆਂ ਦੀ ਜਵਾਨਾਂ ਨਾਲ ਮੀਟਿੰਗ



**ਚੋਹਲਾ ਸਾਹਿਬ (ਰਮਨ ਚੱਢਾ)**-ਬੀਤੇ ਦਿਨੀਂ ਪਠਾਨਕੋਟ ਵਿਖੇ ਪੰਜਾਬ ਲੌਂਗੋਵਾਲ ਪਲਟਨ ਦੇ ਉੱਚ ਅਧਿਕਾਰੀ ਅਤੇ ਜਵਾਨ ਇੱਕ ਮੀਟਿੰਗ ਦੌਰਾਨ ਇੱਕਠੇ ਹੋਏ ਜਿੱਥੇ ਜੇਸੀਓ ਬਲਾਕ ਚੋਹਲਾ ਸਾਹਿਬ ਦੇ ਨਾਲ ਨਾਲ ਹੋਰ ਵੀ ਸਾਬਕਾ ਫੌਜੀ ਹਾਜ਼ਰ ਹੋਏ। ਇਸ ਸਮੇਂ ਉੱਚ ਅਧਿਕਾਰੀਆਂ ਵੱਲੋਂ ਵੱਖ-ਵੱਖ ਮਸਲਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਹ ਜਾਣਕਾਰੀ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੂਬੇਦਾਰ ਹਰਦੀਪ ਸਿੰਘ ਚੋਹਲਾ ਸਾਹਿਬ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਮੀਟਿੰਗ ਵਿੱਚ ਪੰਜਾਬ ਲੌਂਗੋਵਾਲ ਪਲਟਨ ਦੇ ਸਾਰੇ ਉੱਚ ਅਧਿਕਾਰੀਆਂ ਸਮੇਤ ਜਵਾਨ ਹਾਜ਼ਰ ਸਨ। ਇਸ ਸਮੇਂ 23 ਪੰਜਾਬ ਲੌਂਗੋਵਾਲ ਪਲਟਨ ਦੇ ਸਾਬਕਾ ਸੈਨਿਕਾਂ ਵੱਲੋਂ ਮੀਟਿੰਗ ਵਿੱਚ ਹਾਜ਼ਰ ਹੋਏ ਸਾਰੇ ਅਧਿਕਾਰੀਆਂ ਅਤੇ ਜਵਾਨਾਂ ਦੀ ਆਓ ਭਗਤ ਕਰਦੇ ਹੋਏ ਉਨ੍ਹਾਂ ਨੂੰ ਖਾਣਾ ਖਵਾਇਆ ਗਿਆ। ਇਸ ਸਮੇਂ ਬਟਾਲੀਅਨ ਦੇ ਕਮਾਂਡਿੰਗ ਅਫਸਰ ਸੂਬੇਦਾਰ ਮੇਜਰ ਜਰਨੈਲ ਸਿੰਘ, ਕੈਪਟਨ ਬਲਬੀਰ ਸਿੰਘ ਪੰਨੂ, ਸੂਬੇਦਾਰ ਮਹਿੰਦਰ ਸਿੰਘ, ਸੂਬੇਦਾਰ ਤਰਸੇਮ ਸਿੰਘ, ਸੂਬੇਦਾਰ ਬਿੱਲਾ ਅਤੇ ਸਟਾਲੀਅਨ ਲੌਂਗੋਵਾਲ ਦੇ ਸਾਰੇ ਅਧਿਕਾਰੀ ਅਤੇ ਜਵਾਨ ਹਾਜ਼ਰ ਸਨ।


## ਸੇਲ ਅਤੇ ਮਾਰਕੀਟਿੰਗ ਨੋਟਿਸ: ਖਾਦਾਂ ਦੇ 100 ਪ੍ਰਤੀਸ਼ਤ ਪਾਣੀ ਵਿੱਚ ਘੁਲਨਸ਼ੀਲ ਮਿਸ਼ਰਣ ਲਈ

ਆਰਡਰ ਨੰ.ਐਸ.ਓ. 2900 (ਈ) ਮਿਤੀ 24 ਅਕਤੂਬਰ, 2015 ਅਤੇ ਇਸਦੀ ਸੋਧ ਮਿਤੀ 30 ਦਸੰਬਰ 2017, ਖੇਤੀਬਾੜੀ ਸਹਿਕਾਰਤਾ ਅਤੇ ਕਿਸਾਨ ਭਲਾਈ ਵਿਭਾਗ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ, ਭਾਰਤ ਸਰਕਾਰ ਦੁਆਰਾ ਜਾਰੀ ਕੀਤੀ ਗਈ ਹੈ। ਮੈਸਰਜ਼ ਸ਼੍ਰੀਰਾਮ ਐਗਸਮਾਰਟ ਲਿਮਿਟੇਡ, (ਪਹਿਲਾਂ ਡੀ ਸੀ ਐਮ ਸ਼੍ਰੀਰਾਮ ਐਗਸਮਾਰਟ ਲਿਮਿਟੇਡ ਵਜੋਂ ਜਾਣਿਆ ਜਾਂਦਾ ਸੀ) ਰਜਿਸਟਰਡ ਦਫ਼ਤਰ ਦੂਜੀ ਮੰਜ਼ਿਲ, (ਵੈਸਟ ਵਿੰਗ), ਵਰਲਡ ਮਾਰਕ -1, ਐਰੋਸਿਟੀ, ਨਵੀਂ ਦਿੱਲੀ - 110037 ਭਾਰਤ (ਡੀਸੀਐਮ ਸ਼੍ਰੀਰਾਮ ਲਿਮਟਿਡ ਦੀ ਸਬਸੀਡੇਅਰੀ) ਇੱਥੇ ਸੂਚਿਤ ਕਰਦਾ ਹੈ ਕਿ ਇਹ ਹੇਠਾਂ ਦਿੱਤੇ ਗਏ ਵਿਵਰਣ ਦੇ ਅਨੁਸਾਰ ਖਾਦਾਂ ਦੇ ਗ੍ਰੇਡਾਂ ਦੇ 100 ਪ੍ਰਤੀਸ਼ਤ ਪਾਣੀ ਵਿੱਚ ਘੁਲਨਸ਼ੀਲ ਮਿਸ਼ਰਣ ਵੇਚਣ ਦਾ ਇਰਾਦਾ ਰੱਖਦਾ ਹੈ।

| Sl No. | Grades | 'NPK 15:05: 35 | 'NPKSB 08:32: 16:2:0.2 | 'NPKSB 06:35: 25:2:0.1 | 'NPKSB 05:05: 41:5:0.2 | 'NPKSB 15:30: 15:2:0.1 | 'NPKS 08:30: 25:2 | 'NPKSB 07:15: 40:2:0.1 | 'NPKSB 10:05: 40:2.5:0.2 | 'NPKS 10:05: 40:2 | 'NPKSB 13:10: 27:4:0.2 | 'NPKSB 18:15: 16:4:0.1 | 'NPK 20:20: 20 | 'NPKS 15:26: 16:2 | 'NPK 19:19 :19 | 'NPKSB 00:15: 15:10:1 | 'NPKSB 06:12:36: 4:0.3 | 'NPKB 10:30: 20:0.1 | 'NPK 13:40: 13 | 'NPKS 15:10: 30:4 | 'NPKB 16:08: 24:0.2 | 'NPKSMgZn MnB 00:15:15: 10:4:1:3.5:01 |
|---|---|---|---|---|---|---|---|---|---|---|---|---|---|---|---|---|---|---|---|---|---|---|
| 1 | Moisture per cent by weight, Maximum | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 |
| 2 | Total Nitrogen per cent by weight, Minimum | 15 | 8 | 6 | 5 | 15 | 8 | 7 | 10 | 10 | 13 | 18 | 20 | 15 | 19 | 0 | 6 | 10 | 13 | 15 | 16 | 0 |
| 3 | Water Soluble Phosphates (as P2O5) per cent by weight, Minimum | 5 | 32 | 35 | 5 | 30 | 30 | 15 | 5 | 5 | 10 | 15 | 20 | 26 | 19 | 15 | 12 | 30 | 40 | 10 | 8 | 15 |
| 4 | Water Soluble Potash (as K2O) per cent by weight, Minimum | 35 | 16 | 25 | 41 | 15 | 25 | 40 | 40 | 40 | 27 | 16 | 20 | 16 | 19 | 15 | 36 | 20 | 13 | 30 | 24 | 15 |
| 5 | Sulphate Sulphur (as S) per cent by weight, Minimum | | 2 | 2 | 5 | 2 | 2 | 2 | 2.5 | 2 | 4 | 4 | | 2 | | 10 | 4 | | | 4 | | 10 |
| 6 | Magnesium (as Mg) per cent by weight, Minimum | | | | | | | | | | | | | | | | | | | | | 4 |
| 7 | Zinc (as Zn) per cent by weight, Minimum | | | | | | | | | | | | | | | | | | | | | 1 |
| 8 | Manganese (as Mn) per cent by weight, Minimum | | | | | | | | | | | | | | | | | | | | | 3.5 |
| 9 | Boron (as B) per cent by weight, Minimum | | 0.2 | 0.1 | 0.2 | 0.1 | | 0.1 | 0.2 | | 0.2 | 0.1 | | | | 1 | 0.3 | 0.1 | | | 0.2 | 1 |
| 10 | Total Chloride per cent by Weight, Maximum | 1.5 | 1.5 | 1.5 | 1.5 | 1.5 | 1.5 | 1.5 | 1.5 | 1.5 | 1.5 | 1.5 | 1.5 | 1.5 | 1.5 | 1.5 | 1.5 | 1.5 | 1.5 | 1.5 | 1.5 | 1.5 |
| 11 | Matter Insoluble in water per cent by weight, Maximum | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 |
| 12 | Sodium (as NaCl) per cent by weight, Maximum | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 | 0.5 |
| 13 | Lead (as Pb) per cent by weight, Maximum | 0.003 | 0.003 | 0.003 | 0.003 | 0.003 | 0.003 | 0.003 | 0.003 | 0.003 | 0.003 | 0.003 | 0.003 | 0.003 | 0.003 | 0.003 | 0.003 | 0.003 | 0.003 | 0.003 | 0.003 | 0.003 |
| 14 | Cadmium (as Cd) per cent by weight, Maximum | 0.0025 | 0.0025 | 0.0025 | 0.0025 | 0.0025 | 0.0025 | 0.0025 | 0.0025 | 0.0025 | 0.0025 | 0.0025 | 0.0025 | 0.0025 | 0.0025 | 0.0025 | 0.0025 | 0.0025 | 0.0025 | 0.0025 | 0.0025 | 0.0025 |
| 15 | Arsenic (as As) per cent by weight, Maximum | 0.01 | 0.01 | 0.01 | 0.01 | 0.01 | 0.01 | 0.01 | 0.01 | 0.01 | 0.01 | 0.01 | 0.01 | 0.01 | 0.01 | 0.01 | 0.01 | 0.01 | 0.01 | 0.01 | 0.01 | 0.01 |

ਖੁਰਾਕਾਂ, ਸਪ੍ਰੇ ਦੀ ਵਿਧੀ ਅਤੇ ਲਾਭਾਂ ਬਾਰੇ ਹੋਰ ਜਾਣਨ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਮਾਰਕੀਟਿੰਗ ਦਫ਼ਤਰ ਦੇ ਪਤੇ ਅਤੇ ਸ਼੍ਰੀਰਾਮ ਐਗਸਮਾਰਟ ਲਿਮਿਟੇਡ ਦੇ ਸੰਪਰਕ ਵੇਰਵਿਆਂ ਨਾਲ ਸੰਪਰਕ ਕਰੋ
ਪਲਾਟ ਨੰ. 82, ਸੰਸਥਾਗਤ ਖੇਤਰ, ਸੈਕਟਰ 32, ਗੁਰੂਗ੍ਰਾਮ - 122003, ਹਰਿਆਣਾ (ਭਾਰਤ), CIN No.U24232DL2022PLC401518,ਨ ਕਸਟਮਰ ਕੇਅਰ ਨੰਬਰ 0120 - 4040188, ਈਮੇਲ: info@shriramagsmart.com, ਵੈੱਬਸਾਈਟ: www.dcmshriram.com

ਨਵਾਂ ਜ਼ਮਾਨਾ
ਸ਼ੁੱਕਰਵਾਰ, 25 ਅਗਸਤ 2023

# ਮੋਦੀ ਪਹਿਲਾਂ, ਚੰਨ ਬਾਅਦ 'ਚ

*ਬੁੱਧਵਾਰ ਚੰਦਰਯਾਨ-3 ਦੇ ਚੰਨ ਦੇ ਦੱਖਣੀ ਧਰੁਵ 'ਤੇ ਉਤਰਦਿਆਂ ਹੀ ਪੁਲਾੜ ਖੋਜ ਸੰਸਥਾ (ਇਸਰੋ) ਦੇ ਬੇਂਗਲੂਰੂ ਮਿਸ਼ਨ ਕੰਟਰੋਲ ਸੈਂਟਰ ਵਿਚ ਲੱਗੀ ਵਿਸ਼ਾਲ ਸਕਰੀਨ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਲਵਾਫਿਰੋਜ਼ ਹੋ ਗਏ। ਬ੍ਰਿਕਸ ਸਿਖਰ ਸੰਮੇਲਨ ਵਿਚ ਹਿੱਸਾ ਲੈਣ ਦੱਖਣੀ ਅਫਰੀਕਾ ਦੇ ਸ਼ਹਿਰ ਜੋਹਾਨਸਬਰਗ ਪੁੱਜੇ ਹੋਏ ਮੋਦੀ ਨੇ ਤਿਰੰਗਾ ਝੰਡਾ ਲਹਿਰਾਉਂਦਿਆਂ ਆਪਣੇ ਨਾਅਰੇ 'ਨਿਊ ਇੰਡੀਆ' ਨੂੰ ਵਰਤਦਿਆਂ ਕਿਹਾ ਕਿ ਇਸ ਇਤਿਹਾਸਕ ਪ੍ਰਾਪਤੀ ਨੇ 'ਵਿਕਸਤ ਭਾਰਤ' ਦਾ ਬਿਗਲ ਵਜਾ ਦਿੱਤਾ ਹੈ। ਇਸ ਦੇ ਛੇਤੀ ਬਾਅਦ ਭਾਜਪਾ ਵਾਲਿਆਂ ਨੇ ਉਨ੍ਹਾ ਨੂੰ 'ਚੰਨ ਮਿਸ਼ਨ ਦਾ ਕੈਪਟਨ' ਕਹਿਣਾ ਸ਼ੁਰੂ ਕਰ ਦਿੱਤਾ। ਮੋਦੀ ਨੇ ਇਸ ਕਾਮਯਾਬੀ ਨੂੰ ਭਾਰਤ ਨੂੰ 'ਵਿਸ਼ਵ ਗੁਰੂ' ਵੱਲੋਂ ਪ੍ਰਚਾਰਨ ਦੇ ਆਪਣੇ ਨਾਅਰੇ ਨਾਲ ਵੀ ਰਲਗਡ ਕਰ ਦਿੱਤਾ। ਹਿੰਦੀ ਤੋਂ ਬਾਅਦ ਦੁਨੀਆ ਦੇ ਲੋਕਾਂ ਲਈ ਅੰਗਰੇਜ਼ੀ ਵਿਚ ਬੋਲਦਿਆਂ ਉਨ੍ਹਾ ਕਿਹਾ—ਮੈਂ ਦੁਨੀਆ ਦੇ ਲੋਕਾਂ ਨੂੰ ਦੱਸਣਾ ਚਾਹਾਂਗਾ ਕਿ ਇਹ ਮਿਸ਼ਨ ਇਕੱਲੇ ਭਾਰਤ ਦਾ ਨਹੀਂ, ਇਹ ਕਾਮਯਾਬੀ ਸਾਰੀ ਮਨੁੱਖਤਾ ਦੀ ਹੈ। ਚੰਨ ਨੂੰ ਭਾਰਤੀਆਂ ਵੱਲੋਂ ਚੰਦਾ ਮਾਮਾ ਕਹਿਣ ਦੇ ਹਵਾਲੇ ਨਾਲ ਮੋਦੀ ਨੇ ਕਿਹਾ ਕਿ ਹੁਣ ਅਸੀਂ ਚੰਨ ਦੀ ਸੈਰ ਕਰਨ ਬਾਰੇ ਸੋਚ ਸਕਦੇ ਹਾਂ। ਲੋਕਪ੍ਰਿਆ ਹਿੰਦੀ ਗੀਤ ਚੰਦਾ ਮਾਮਾ ਦੂਰ ਕੇ...ਦੇ ਹਵਾਲੇ ਨਾਲ 'ਦੂਰ' ਦੀ ਥਾਂ 'ਟੂਰ' ਵਰਤਦਿਆਂ ਕਿਹਾ ਕਿ ਚੰਨ ਦਾ ਟੂਰ ਲਾ ਸਕਦੇ ਹਾਂ।*

*ਪ੍ਰਧਾਨ ਮੰਤਰੀ ਨੇ ਵਿਗਿਆਨੀਆਂ ਦੀ ਸਿਫਤ ਕਰਨ ਦਾ ਖਿਆਲ ਰੱਖਿਆ, ਪਰ ਉਨ੍ਹਾ ਦੇ ਮੰਤਰੀਆਂ ਤੇ ਪਾਰਟੀ ਆਗੂਆਂ ਨੇ ਇਸ ਕਾਮਯਾਬੀ ਪਿੱਛੇ ਉਨ੍ਹਾ ਦੀ ਲੀਡਰਸ਼ਿਪ ਤੇ ਦ੍ਰਿਸ਼ਟੀਕੋਣ ਦਾ ਹੀ ਢੰਡੋਰਾ ਪਿੱਟਿਆ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਇਹ ਅੰਮ੍ਰਿਤਕਾਲ ਵਿਚ ਭਾਰਤ ਨੂੰ ਪੁਲਾੜ ਵਿਚ ਵਿਸ਼ਵ ਗੁਰੂ ਬਣਾਉਣ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੇ ਯਤਨਾਂ ਦਾ ਆਰੰਭ ਹੈ। ਦੇਸ਼ ਵਿਚ ਗੰਭੀਰ ਰੁਜ਼ਗਾਰ ਸੰਕਟ ਨੂੰ ਧਿਆਨ ਵਿਚ ਰੱਖਦਿਆਂ ਸ਼ਾਹ ਨੇ ਇਹ ਵੀ ਕਹਿ ਦਿੱਤਾ ਕਿ ਚੰਨ ਮਿਸ਼ਨ ਦੀ ਸਫਲਤਾ ਨਾਲ ਰੁਜ਼ਗਾਰ ਦੇ ਬੇਤਹਾਸ਼ਾ ਮੌਕੇ ਪੈਦਾ ਹੋਣਗੇ। ਪ੍ਰਧਾਨ ਮੰਤਰੀ ਵੱਲੋਂ ਇਸਰੋ ਦੇ ਚੇਅਰਮੈਨ ਨੂੰ ਜੋਹਾਨਸਬਰਗ ਤੋਂ ਫੋਨ ਕਾਲ ਕਰਨ ਦੀ ਵੀਡੀਓ ਨੱਥੀ ਕਰਦਿਆਂ ਵਣਜ ਮੰਤਰੀ ਪਿਯੂਸ਼ ਗੋਇਲ ਨੇ ਟਵੀਟ ਕੀਤਾ—ਰਾਸ਼ਟਰ ਦੇ ਕੈਪਟਨ ਤੋਂ ਮਿਸ਼ਨ ਦੇ ਕੈਪਟਨ ਤੱਕ।*

*ਆਪਣੀ ਆਦਤ ਮੁਤਾਬਕ ਭਾਜਪਾ ਵਾਲੇ ਚੰਨ ਮਿਸ਼ਨ ਦੀ ਸਫਲਤਾ ਨੂੰ ਲੋਕ ਸਭਾ ਚੋਣਾਂ ਵਿਚ ਵਰਤਣ ਲਈ ਪੂਰਾ ਤਾਣ ਲਾਉਣਗੇ, ਕਿਉਂਕਿ ਪਿਛਲੇ ਸਾਢੇ 9 ਸਾਲ ਦੀ ਮੋਦੀ ਸਰਕਾਰ ਦੀ ਕਾਰਗੁਜ਼ਾਰੀ ਉਨ੍ਹਾਂ ਨੂੰ ਤੀਜੀ ਵਾਰ ਆਸਾਨੀ ਨਾਲ ਸੱਤਾ ਵਿਚ ਲਿਆਉਂਦੀ ਨਹੀਂ ਲੱਗਦੀ। ਆਪਣੇ ਵਾਅਦੇ ਮੁਤਾਬਕ ਮੋਦੀ ਸਰਕਾਰ ਲੋਕਾਂ ਨੂੰ ਰੁਜ਼ਗਾਰ ਦੇ ਨਹੀਂ ਸਕੀ। ਮਹਿੰਗਾਈ ਵੀ ਲਗਾਤਾਰ ਵਧ ਰਹੀ ਹੈ।*

# ਕਾਲੀ-ਪੀਲੀ ਪੱਤਰਕਾਰੀ ਦੇ ਮਾਇਨੇ



ਗੁਰਮੀਤ ਸਿੰਘ ਪਲਾਹੀ

ਦੇਸ਼ ਭਾਰਤ ਵਿੱਚ 900 ਪ੍ਰਾਈਵੇਟ ਸੈਟੇਲਾਇਟ ਟੀ ਵੀ ਸਟੇਸ਼ਨ ਹਨ, ਜਿਹੜੇ 197 ਮਿਲੀਅਨ ਟੀ ਵੀ ਘਰਾਂ 'ਚ ਸੈਟੇਲਾਇਟ ਰਾਹੀਂ ਆਪਣੀਆਂ ਸੇਵਾਵਾਂ ਦਿੰਦੇ ਹਨ। ਇਨ੍ਹਾਂ ਤੋਂ ਬਿਨਾਂ ਦੂਰਦਰਸ਼ਨ, ਰੇਡੀਓ ਅਤੇ ਹੋਰ ਸਾਧਨ ਦੇਸ਼ ਦੀ ਲਗਭਗ 99 ਫ਼ੀਸਦੀ ਆਬਾਦੀ ਤੱਕ ਪਹੁੰਚ ਕਰੀ ਬੈਠੇ ਹਨ। ਦੇਸ਼ 'ਚ 70 ਹਜ਼ਾਰ ਤੋਂ ਵੱਧ ਅਖ਼ਬਾਰਾਂ ਹਨ। 2022 ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਭਰ ਵਿੱਚ 833 ਮਿਲੀਅਨ ਲੋਕ ਇੰਟਰਨੈੱਟ ਦੀ ਵਰਤੋਂ ਕਰਦੇ ਹਨ ਅਤੇ 515 ਮਿਲੀਅਨ ਲੋਕ ਫੇਸਬੁਕ ਨਾਲ ਜੁੜੇ ਹੋਏ ਹਨ।

ਜਦੋਂ ਦਾ ਦੇਸ਼ ਦੀ ਸਿਆਸਤ ਉਤੇ ਧਨ ਕੁਬੇਰਾਂ (ਕਾਰਪੋਰੇਟਾਂ) ਦਾ ਗਲਬਾ ਵਧਿਆ ਹੈ, ਉਹਨਾਂ ਪੱਤਰਕਾਰੀ ਖ਼ਾਸਕਰ ਚੈਨਲ ਪੱਤਰਕਾਰੀ ਉਤੇ ਆਪਣਾ ਪ੍ਰਭਾਵ ਵਧਾ ਲਿਆ ਹੈ। ਦੇਸ਼ ਦੀਆਂ ਅਖਬਾਰਾਂ (ਪ੍ਰਿੰਟ ਮੀਡੀਆ), ਇਲੈਕਟ੍ਰੋਨਿਕ ਮੀਡੀਆ (ਚੈਨਲ, ਸੋਸ਼ਲ ਮੀਡੀਆ) ਨੂੰ ਇਸ ਢੰਗ ਨਾਲ ਆਪਣੀ ਗੋਦ ਵਿੱਚ ਲਿਆ ਹੋਇਆ ਹੈ ਕਿ ਇਹ ਮੀਡੀਆ ਹੁਣ 'ਗੋਦੀ ਮੀਡੀਆ' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ।

ਇਸ ਵੇਲੇ ਦੇਸ਼ ਵਿਚ ਵੱਡੀ ਗਿਣਤੀ ਵਿੱਚ ਟੀ ਵੀ ਚੈਨਲ ਹਨ, ਇਹਨਾਂ ਚੈਨਲਾਂ ਵਿੱਚ 90 ਫੀਸਦੀ ਮਾਲਕੀ ਦੇਸ਼ ਦੇ ਵੱਡੇ ਘਰਾਣਿਆਂ ਦੀ ਹੈ। ਇਹ ਘਰਾਣੇ ਆਪਣੇ ਹਿੱਤਾਂ ਦੀ ਪੂਰਤੀ ਲਈ, ਆਪਣੇ ਵਪਾਰਕ ਹਿੱਤ ਸਾਧਣ ਲਈ ਤਾਂ ਚੈਨਲ ਪੱਤਰਕਾਰੀ ਦਾ ਫ਼ਾਇਦਾ ਲੈਂਦੇ ਹੀ ਹਨ, ਪਰ ਸਿਆਸੀ ਘਾਗਾਂ ਨੂੰ ਥਾਂ-ਸਿਰ ਰੱਖਣ ਲਈ ਵੀ ਇਹਨਾਂ ਚੈਨਲਾਂ ਤੇ ਪੱਤਰਕਾਰਾਂ ਦੀ ਵਰਤੋਂ ਕਰਦੇ ਹਨ।

ਪਿਛਲੇ ਦਿਨਾਂ 'ਚ ਇਕ ਸਰਵੇ ਛਪਿਆ ਹੈ ਕਿ ਦੇਸ਼ ਦੀਆਂ ਸਮੱਸਿਆਵਾਂ ਨੂੰ ਨੁਕਰੇ ਲਾਉਣ ਲਈ ਇਹਨਾਂ ਚੈਨਲਾਂ ਅਤੇ ਇਹਨਾਂ ਚੈਨਲਾਂ 'ਚ ਕੰਮ ਕਰਦੇ ਬੜਬੋਲੇ ਪੱਤਰਕਾਰਾਂ ਦੀ ਵੱਡੀ ਭੂਮਿਕਾ ਹੈ, ਜਿਹੜੇ ਇਕ ਸਧਾਰਨ ਖ਼ਬਰ ਨੂੰ ਤਾਂ ਪੂਰਾ-ਪੂਰਾ ਦਿਨ ਸਨਸਨੀਖੇਜ਼ ਬਣਾ ਕੇ ਪੇਸ਼ ਕਰਦੇ ਹਨ ਅਤੇ ਵਾਰ-ਵਾਰ ਆਪਣੇ ਚੈਨਲ ਉੱਤੇ ਵਿਖਾਉਂਦੇ ਹਨ, ਪਰ ਦੇਸ਼ ਦੀਆਂ ਸਮੱਸਿਆਵਾਂ ਸਮੇਤ ਦੇਸ਼ 'ਚ ਹੜ੍ਹਾਂ ਦੀ ਸਥਿਤੀ, ਦੇਸ਼ 'ਚ ਭੁੱਖਮਰੀ, ਲੋਕਾਂ ਦੇ ਰਿਹਾਇਸ਼ ਸਥਾਨਾਂ, ਸਕੂਲਾਂ ਦੇ ਭੈੜੇ ਹਾਲਤਾਂ ਬਾਰੇ ਉਹ ਕੁਝ ਵੀ ਦਿਖਾਉਣ ਤੋਂ ਪਰਹੇਜ਼ ਕਰਦੇ ਹਨ। ਇਹ ਦੇਸ਼ ਦੀ, ਦੇਸ਼ ਦੇ ਲੋਕਾਂ ਦੀ ਕੀ ਵੱਡੀ ਤ੍ਰਾਸਦੀ ਨਹੀਂ ਹੈ?

ਕੋਰੋਨਾ ਕਾਲ 'ਚ ਦੇਸ਼ 'ਚ ਜੋ ਕੁਝ ਵਾਪਰਿਆ, ਕੀ ਇਹਨਾਂ ਪੱਤਰਕਾਰਾਂ ਨੇ ਆਪਣੇ ਚੈਨਲਾਂ ਉਤੇ ਵਿਖਾਇਆ? ਅਮੀਰਾਂ ਦੇ ਹੋਰ ਅਮੀਰ ਅਤੇ ਗਰੀਬਾਂ ਦੇ ਹੋਰ ਗਰੀਬ ਹੋਣ ਵੱਲ ਜਾਂਦੇ ਭਾਰਤ ਦੀ ਤਸਵੀਰ ਪੇਸ਼ ਕੀਤੀ? ਦਰਿਆਵਾਂ ਕੰਢੇ ਕੋਰੋਨਾ ਕਾਲ 'ਚ ਮਰਦੇ ਲੋਕਾਂ ਦੀਆਂ ਲਾਸ਼ਾਂ ਇਹਨਾਂ ਪੱਤਰਕਾਰਾਂ ਨੇ ਵਿਖਾਈਆਂ? ਉਹਨਾਂ 'ਤੇ ਚਰਚਾ ਕੀਤੀ? ਇਹ ਚੈਨਲਾਂ ਵਾਲੇ ਤਾਂ ਸਰਕਾਰੀ ਬੋਲੀ ਬੋਲਦੇ ਰਹੇ ਅਤੇ ਕਹਿੰਦੇ ਰਹੇ ਕਿ ਕੋਰੋਨਾ ਉਤੇ ਸਰਕਾਰ ਨੇ ਕਾਬੂ ਪਾ ਲਿਆ ਹੈ, ਪਰ ਲੋਕ ਹਸਪਤਾਲਾਂ ਵਿੱਚ ਲੁੱਟੇ ਜਾਂਦੇ ਰਹੇ, ਮਰਦੇ ਰਹੇ। ਫਾਰਮਾ-ਕੰਪਨੀਆਂ ਦੀ ਚਾਂਦੀ ਹੁੰਦੀ ਰਹੀ। ਗਰੀਬਾਂ ਦੀ ਕਿਸੇ ਸਾਰ ਨਾ ਲਈ।

ਇਹਨਾ ਚੈਨਲਾਂ ਨੇ ਉਹਨਾ ਲੋਕਾਂ ਦੇ ਵਿਰੁੱਧ ਜਿਹੜੇ ਕਿਸਾਨ ਅੰਦੋਲਨ ਵਰਗੇ ਲੋਕ ਅੰਦੋਲਨ ਕਰਦੇ ਸਨ, ਉਨ੍ਹਾਂ ਉਤੇ ਵੱਡੇ-ਵੱਡੇ ਮਾਹਰ ਪੱਤਰਕਾਰ ਚਰਚਾ ਲਈ ਬਿਠਾ ਦਿੱਤੇ। ਇਹਨਾ ਮਾਹਰ ਪੱਤਰਕਾਰਾਂ ਦੀ ਬੋਲੀ ਬਿਲਕੁਲ ਉਵੇਂ ਦੀ ਹੀ ਸੀ, ਜਿਵੇਂ ਕਿ ਅੱਜਕੱਲ੍ਹ ਦੇਸ਼ ਦੇ ਸਿਆਸੀ ਲੋਕ ਬੋਲਦੇ ਹਨ। ਇੱਕ-ਦੂਜੇ ਨੂੰ ਲਿਤਾੜਨ ਵਾਲੀ, ਬੇਇੱਜ਼ਤ ਕਰਨ ਵਾਲੀ ਅਤੇ ਬਹੁਤੀਆਂ ਹਾਲਤਾਂ ਵਿੱਚ ਸਰਕਾਰੀ ਬੋਲੀ।

ਦੇਸ਼ 'ਚ ਕਾਰਪੋਰੇਟ ਜਗਤ ਦੇ ਲੋਕ ਤਾਂ ਆਪਣੇ ਹਿੱਤ ਸਾਧਣ ਲਈ ਤੱਤਪਰ ਤਾਂ ਰਹਿੰਦੇ ਹੀ ਹਨ, ਪਰ ਦੇਸ ਦੇ ਸਿਆਸਤਦਾਨ ਦੋ ਰੱਤੀਆਂ ਉਪਰ ਜਾ ਕੇ ਆਪਣੇ ਹਿੱਤਾਂ ਲਈ ਚੈਨਲਾਂ ਦੀ ਦੁਰਵਰਤੋਂ ਕਰਦੇ ਹਨ, ਪੱਤਰਕਾਰਾਂ ਨਾਲ ਉਹਨਾਂ ਦੀਆਂ ਸਾਂਝਾਂ ਲੁਕੀਆਂ-ਛੁਪੀਆਂ ਨਹੀਂ ਰਹਿੰਦੀਆਂ। ਆਪਣੀ ਮਰਜ਼ੀ ਨਾਲ ਅਖਬਾਰਾਂ 'ਚ ਖਬਰਾਂ ਲਗਵਾਉਣਾ ਤਾਂ ਆਮ ਸ਼ੌਕ ਹੈ, ਪਰ ਚੈਨਲਾਂ ਉੱਤੇ ਕਾਲੀ-ਪੀਲੀ ਪੱਤਰਕਾਰੀ ਰਾਹੀਂ ਵਿਰੋਧੀਆਂ ਨੂੰ ਠਿੱਠ ਕਰਨਾ ਅਤੇ ਆਪਣਾ ਅਕਸ ਸੁਧਾਰਨਾ ਸਦਾ ਚਰਚਾ 'ਚ ਰਹਿੰਦਾ ਹੈ।

ਕੀ ਕਿਸੇ ਚੈਨਲ ਨੇ ਕਦੇ ਦੇਸ਼ ਦੀ ਪਾਰਲੀਮੈਂਟ ਅਤੇ ਵਿਧਾਨ ਸਭਾ 'ਚ ਬੈਠੇ ਉਹਨਾਂ ਲੋਕਾਂ ਬਾਰੇ ਚਰਚਾ ਕੀਤੀ, ਜਿਹਨਾਂ ਉਤੇ ਅਪਰਾਧਿਕ ਮਾਮਲੇ ਦਰਜ ਹਨ। ਰਿਪੋਰਟਾਂ ਅਨੁਸਾਰ ਤਾਂ ਪਾਰਲੀਮੈਂਟ 'ਚ 48 ਫੀਸਦੀ ਐੱਮ.ਪੀਜ਼. ਉਤੇ ਅਪਰਾਧਿਕ ਮਾਮਲੇ ਹਨ, ਜਿਨ੍ਹਾਂ 'ਚ ਲਗਭਗ ਹਰ ਪਾਰਟੀ ਦੇ ਨੇਤਾ ਸ਼ਾਮਲ ਹਨ। ਕੀ ਕਦੇ ਇਹਨਾਂ ਲੋਕਾਂ ਬਾਰੇ ਪੱਤਰਕਾਰਾਂ ਨੇ ਚਰਚਾ ਕੀਤੀ? ਕੀ ਇਹਨਾਂ ਚਰਚਾਵਾਂ 'ਚ ਕਦੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਉਹਨਾ ਦਾ ਉਹ ਬਿਆਨ ਯਾਦ ਕਰਵਾਇਆ, ਜਿਹੜਾ ਉਹਨਾ 2014 'ਚ ਪਾਰਲੀਮੈਂਟ 'ਚ ਬਹੁਤ ਹੀ ਜੋਸ਼ੋ-ਖਰੋਸ਼ ਨਾਲ ਦਿੱਤਾ ਸੀ ਕਿ ਪਾਰਲੀਮੈਂਟ 'ਚ ਕੋਈ ਅਪਰਾਧੀ ਬਿਰਤੀ ਵਾਲਾ ਵਿਅਕਤੀ ਨਹੀਂ ਬੈਠ ਸਕੇਗਾ।

ਚੈਨਲ ਪੱਤਰਕਾਰੀ ਦੀਆਂ ਲੋਕ ਵਿਰੋਧੀ ਭਾਵਨਾਵਾਂ ਕਿਸਾਨ ਅੰਦੋਲਨ ਦੌਰਾਨ ਦਿੱਲੀ ਦੀਆਂ ਬਰੂਹਾਂ ਉੱਤੇ ਵੇਖਣ ਨੂੰ ਮਿਲਦੀਆਂ ਰਹੀਆਂ, ਜਿਹਨਾਂ ਵਿੱਚ ਕਿਸਾਨਾਂ ਨੂੰ ਦੇਸ਼ ਧ੍ਰੋਹੀ ਹੋਣ ਦਾ ਖਿਤਾਬ ਦਿੱਤਾ ਗਿਆ, ਉਹਨਾਂ ਨੂੰ ਖਾਲਿਸਤਾਨੀ ਤੱਕ ਆਖਿਆ ਗਿਆ। ਇਹ ਪੱਤਰਕਾਰ ਆਪਣੇ 'ਆਕਾ ਨੇਤਾਵਾਂ' ਦਾ ਵਿਸ਼ਵ ਪੱਧਰੀ ਅਕਸ ਸੁਧਾਰਨ ਲਈ ਤਾਂ ਨੇਤਾਵਾਂ ਦੀਆਂ ਫੋਟੋਆਂ ਹੜ੍ਹਾਂ ਦੌਰਾਨ ਜਾਂ ਹੋਰ ਆਪਦਾ ਵੇਲੇ ਲੋਕਾਂ ਨਾਲ ਵਾਰਤਾਲਾਪ ਕਰਦਿਆਂ ਵਿਖਾਉਂਦੇ ਹਨ, ਪਰ ਉਹਨਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਇਹ ਪੱਤਰਕਾਰ ਕੁਝ ਵੀ ਨਹੀਂ ਕਰਦੇ।

ਦੇਸ਼ 'ਚ ਮਨੀਪੁਰ ਦੇ ਲੋਕਾਂ ਨਾਲ ਜੋ ਹੋ ਰਿਹਾ ਸੀ, ਫਿਰਕੂ ਅੱਗ ਭੜਕਾਈ ਜਾ ਰਹੀ ਸੀ। ਔਰਤਾਂ ਨਾਲ ਬੇਇੰਤਹਾ ਬੇਸ਼ਰਮੀ ਵਾਲੀਆਂ ਘਟਨਾਵਾਂ ਭੀੜ ਵੱਲੋਂ ਹੋ ਰਹੀਆਂ ਸਨ, ਪਰ ਇਹ ਚੈਨਲਾਂ ਵਾਲੇ ਪਤਾ ਨਹੀਂ ਕਿਹੜੀ ਗੁਫਾ 'ਚ ਤਪੱਸਿਆ ਕਰ ਰਹੇ ਸਨ। ਦੇਸ਼ ਦਾ ਪ੍ਰਧਾਨ ਮੰਤਰੀ ਬੇਸ਼ਰਮੀ ਵਾਲੀ ਘਟਨਾ 'ਤੇ ਚੁੱਪ ਰਹਿੰਦਾ ਹੈ, 79ਵੇਂ ਦਿਨ ਦੋ ਅੱਖਰ ਬੋਲਦਾ ਹੈ, ਇਹ ਤਾਂ ਉਹਦੀ ਸਿਆਸੀ ਚਾਲ ਅਤੇ ਵੋਟਾਂ ਦੀ ਭੁੱਖ ਵਾਲੀ ਮਜਬੂਰੀ ਹੈ, ਪਰ ਚੈਨਲਾਂ ਦੀ, ਗੋਦੀ ਮੀਡੀਆ ਦੀ ਫਿਰਕੂ ਅੱਗ ਫੈਲਾਉਣ, ਔਰਤਾਂ ਦੀ ਹੋ ਰਹੀ ਬੇਇੱਜ਼ਤੀ ਕਰਨ ਵਾਲੇ ਲੋਕਾਂ, ਨੇਤਾਵਾਂ ਦੇ ਚਿਹਰੇ ਲੋਕਾਂ ਸਾਹਵੇਂ ਨਾ ਲਿਆਉਣ ਦੀ ਆਖ਼ਰ ਕਿਹੜੀ ਮਜਬੂਰੀ ਰਹੀ?

ਪਿਛਲਾ ਇੱਕ ਦਹਾਕਾ ਖ਼ਾਸ ਤੌਰ 'ਤੇ ਕਾਲੀ-ਪੀਲੀ ਪੱਤਰਕਾਰੀ ਦਾ ਦੌਰ ਕਿਹਾ ਜਾ ਸਕਦਾ ਹੈ। ਇਸ ਦੌਰ 'ਚ ਆਪਣੇ ਹਾਕਮਾਂ ਨੂੰ ਖੁਸ਼ ਕਰਨ ਲਈ ਜਿਹੜੇ ਨਵੇਂ ਖੁਸ਼ਾਮਦੀ ਸ਼ਬਦ ਘੜੇ ਗਏ ਹਨ। ਉਹ ਪੱਤਰਕਾਰੀ 'ਤੇ ਧੱਬਾ ਹਨ। ਹਾਕਮਾਂ ਵੱਲੋਂ ਵਿਰੋਧੀਆਂ ਨੂੰ ਲਿਤਾੜਨ ਲਈ ਜਿਵੇਂ ਹਾਕਮਾਂ ਨੇ ਜਾਲ ਵਿਛਾਏ ਹਨ, ਉਸ 'ਚ ਬਕਾਇਦਾ ਭਾਈਵਾਲ ਬਣ ਕੇ 'ਚੌਥਾ ਥੰਮ੍ਹ' ਕਹਾਏ ਜਾਣ ਵਾਲੇ ਬਹੁ-ਗਿਣਤੀ ਮੀਡੀਏ ਨੇ ਜਿਵੇਂ ਲੋਕਤੰਤਰ ਦਾ ਨਾਸ਼ ਮਾਰਿਆ, ਉਹਦੀ ਉਦਾਹਰਨ ਸ਼ਾਇਦ ਅਜ਼ਾਦੀ ਦੇ 75 ਸਾਲਾਂ ਦੇ ਇਤਿਹਾਸ ਵਿੱਚ ਕਿਧਰੇ ਨਹੀਂ ਮਿਲਦੀ।

1984 ਦੇ ਸਿੱਖ ਕਤਲੇਆਮ ਸਮੇਂ ਵੱਡੀ ਗਿਣਤੀ ਮੀਡੀਏ ਦੀ ਚੁੱਪ ਖਟਕਦੀ ਰਹੀ ਸੀ। ਗੁਜਰਾਤ ਦੰਗਿਆਂ 'ਚ ਵੀ ਮੀਡੀਏ ਦੀ ਖਾਮੋਸ਼ੀ ਦੁੱਖਦਾਈ ਸੀ। ਦਿੱਲੀ ਦੇ ਕੁਝ ਵਰ੍ਹੇ ਪਹਿਲਾਂ ਹੋਏ ਦੰਗਿਆਂ, ਫ਼ਸਾਦਾਂ ਬਾਅਦ ਬੁਲਡੋਜ਼ਰ ਨੀਤੀ ਉਤੇ ਚੈਨਲ ਪੱਤਰਕਾਰਾਂ ਵੱਲੋਂ ਮੂੰਹ ਸੀਅ ਲੈਣਾ ਜਾਂ ਇਹੋ ਜਿਹੇ ਨਾਦਰਸ਼ਾਹੀ ਹੁਕਮਾਂ ਦੀ ਇਹ ਕਹਿ ਕੇ ਹਮਾਇਤ ਕਰਨਾ ਕਿ ਇਹ ਲੋਕ ਹਿੱਤੂ ਫ਼ੈਸਲੇ ਹਨ, ਕੀ ਪੱਤਰਕਾਰੀ ਦੇ ਮੱਥੇ ਉਤੇ ਧੱਬਾ ਨਹੀਂ ਹੈ।

ਜਦੋਂ ਲੋਕ-ਹਿਤੈਸੀ ਪੱਤਰਕਾਰਾਂ ਦੇ ਦੇਸ਼ ਭਰ 'ਚ ਸਮੇਂ-ਸਮੇਂ ਕਤਲ ਹੋਏ। ਬੁੱਧੀਜੀਵੀਆਂ, ਪੱਤਰਕਾਰਾਂ, ਲੇਖਕਾਂ ਉਤੇ ਸਾਜ਼ਿਸ਼ਾਨਾ ਅਤੇ ਮਿੱਥ ਕੇ ਮੁਕੱਦਮੇ ਦਰਜ ਹੋਏ, ਉਹਨਾ ਨੂੰ ਦੇਸ਼ ਧ੍ਰੋਹੀ ਗਰਦਾਨਿਆ ਗਿਆ। ਉਹਨਾ ਸਾਜ਼ਿਸ਼ਾਂ 'ਚ ਇਹਨਾਂ ਕਾਲੀ-ਪੀਲੀ ਪੱਤਰਕਾਰੀ ਕਰਨ ਵਾਲੇ ਪੱਤਰਕਾਰਾਂ ਦਾ ਰੋਲ ਨਿੰਦਿਆ ਜਾਂਦਾ ਰਿਹਾ, ਤਦ ਵੀ ਇਹ ਪੱਤਰਕਾਰ ਆਪਣੇ ਆਕਾਵਾਂ ਦੇ ਇਸ਼ਾਰੇ ਉਤੇ ਅਤੇ ਉਹਨਾਂ ਦੀ ਤਾਕਤ ਦੇ ਬਲਬੂਤੇ ਚੈਨਲਾਂ ਉਤੇ ਇਹੋ ਜਿਹੇ ਸਿਆਣੇ ਲੋਕਾਂ ਨੂੰ ਆਪਣੀ ਭੈੜੀ ਜ਼ੁਬਾਨ ਨਾਲ ਲਿਤਾੜਦੇ ਰਹੇ।

ਦੇਸ਼ ਦੇ ਹਰ ਖਿੱਤੇ 'ਚ ਚੱਲ ਰਹੇ ਚੈਨਲਾਂ ਦਾ ਲਗਭਗ ਇਕੋ ਜਿਹਾ ਹਾਲ ਹੈ। ਕੀ ਪੰਜਾਬ ਦਾ ਕੋਈ ਪੱਤਰਕਾਰ ਨਿੱਤ ਨਸ਼ੇ ਦੇ ਵਾਧੂ ਡੋਜ਼ ਨਾਲ ਮਰ ਰਹੇ ਨੌਜਵਾਨਾਂ ਦੀ ਦਰਦ ਭਰੀ ਕਹਾਣੀ ਆਪਦੇ ਚੈਨਲ ਨੂੰ ਭੇਜਦਾ ਹੈ? ਕੀ ਖ਼ੁਦਕੁਸ਼ੀਆਂ ਕਰ ਰਹੇ ਕਿਸਾਨਾਂ ਦੀ ਦਾਸਤਾਨ 'ਚੈਨਲ ਪੱਤਰਕਾਰੀ' ਕਰਦੀ ਹੈ? ਲੋਕਾਂ ਦੀਆਂ ਸਮੱਸਿਆਵਾਂ ਨੂੰ ਛੱਡ ਕੇ ਇੰਸਟਾਗਰਾਮ ਜਾਂ ਫੇਸਬੁਕ 'ਤੇ ਨੇਤਾਵਾਂ ਦੇ ਬਿਆਨਾਂ, ਉਹਨਾਂ ਦੀਆਂ ਹੋਲੀਆਂ ਖੇਡਦੇ ਦੀਆਂ ਫੋਟੋਆਂ, ਉਹਨਾਂ ਦੇ ਮੁਰਗੇ ਛਕਣ ਦੀਆਂ ਫੋਟੋਆਂ ਕੀ ਲੋਕਾਂ ਦੇ ਪੱਲੇ ਕੁਝ ਪਾ ਸਕਦੀਆਂ ਹਨ? ਜਾਪਦਾ ਹੈ ਕਿ ਜਿਵੇਂ ਦੇਸ਼ ਦੇ ਨੇਤਾ ਲੋਕ-ਸਮੱਸਿਆਵਾਂ ਤੋਂ ਪਾਸਾ ਵੱਟ ਕੇ ਬੈਠ ਗਏ ਹਨ, ਪਰ ਉਵੇਂ ਹੀ ਬਹੁਤੇ ਪੱਤਰਕਾਰ ਹਊ ਪਰੇ ਕਰਦਿਆਂ ਲੱਤ 'ਤੇ ਲੱਤ ਧਰ ਕੇ 'ਜੋ ਹੋਵੇਗਾ' ਵੇਖੀ ਜਾਊ ਵਾਲੀ ਨੀਤੀ ਅਪਣਾ ਕੇ ਡੰਗ ਟਪਾ ਰਹੇ ਹਨ।

ਤਦ ਵੀ ਇਸ ਸਭ ਕੁਝ ਦੇ ਬਾਵਜੂਦ ਹਾਲੇ 'ਕੋਈ ਹਰਿਆ ਬੂਟ ਰਹਿਓ ਰੀ' ਵਾਂਗਰ ਚੰਗੇ ਨਿਧੜਕ ਪੱਤਰਕਾਰ, ਫੋਟੋ ਪੱਤਰਕਾਰ, ਨਲਾਇਕ ਨੇਤਾਵਾਂ ਦੀਆਂ ਕਾਰਗੁਜ਼ਾਰੀਆਂ ਲੋਕਾਂ ਸਾਹਮਣੇ ਲਿਆਉਣ ਵਾਲੇ ਇਲੈਕਟ੍ਰਾਨਿਕ ਅਤੇ ਮੀਡੀਆ ਘਰਾਂ ਦੀ ਵੀ ਕਮੀ ਨਹੀਂ। ਇਹ ਲੋਕ ਭ੍ਰਿਸ਼ਟ ਹੋ ਚੁੱਕੀ ਪੱਤਰਕਾਰੀ ਦੇ ਪਰਖੱਚੇ ਉਡਾਉਂਦੇ ਹਨ, ਕਾਲੀ-ਪੀਲੀ ਚੈਨਲ ਪੱਤਰਕਾਰੀ ਤੋਂ ਵੀ ਪਰਦੇ ਚੁੱਕਣ ਤੋਂ ਗੁਰੇਜ਼ ਨਹੀਂ ਕਰਦੇ।

ਚੈਨਲਾਂ ਦੀ ਵੀਡੀਓਗ੍ਰਾਫੀ ਤੋਂ ਪਰੇ ਹਟ ਕੇ ਕੁਝ ਲੋਕ ਫੋਟੋ ਪੱਤਰਕਾਰੀ ਕਰਦੇ ਹਨ, ਜਿਸ ਵਿੱਚ ਸੁਹਜ ਹੈ, ਸੂਖਮਤਾ ਹੈ, ਲੋਕਾਂ ਦੀ ਗੱਲ ਹੈ, ਦਰਦ ਹੈ। ਇਹੋ ਜਿਹੀ ਪੱਤਰਕਾਰੀ, ਫੋਟੋ ਪੱਤਰਕਾਰੀ, ਕ੍ਰਾਂਤੀਕਾਰੀ ਕਵਿਤਾ ਵਾਂਗ ਇਨਕਲਾਬ ਦੀ ਸਾਧਕ ਬਣਦੀ ਹੈ।

*# ਸੰਪਰਕ : 98158-02070*

# ਬੱਚਿਆਂ ਦੀ ਤਕਦੀਰ ਦਾ ਰਚੇਤਾ ਹੈ ਅਧਿਆਪਕ



ਚੰਨਦੀਪ ਸਿੰਘ 'ਬੁਤਾਲਾ'

ਵਿਦਿਅਕ ਪ੍ਰਕਿਰਿਆ ਇੱਕ ਦੂਹਰਾ ਅਮਲ ਹੁੰਦਾ ਹੈ, ਇਸ ਵਿੱਚ ਅਧਿਆਪਕ ਤੇ ਵਿਦਿਆਰਥੀ ਆਪਸੀ ਪ੍ਰਤੀਕ੍ਰਿਆਵਾਂ ਰਾਹੀਂ ਇੱਕ-ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਅਧਿਆਪਕ ਸਮਾਜ ਦੇ ਅਜਿਹੇ ਸ਼ਿਲਪਕਾਰ ਹਨ, ਜੋ ਰਾਸ਼ਟਰ ਦੇ ਭਵਿੱਖ ਦੇ ਹੋਣਹਾਰ ਬੱਚਿਆਂ ਨੂੰ ਤਰਾਸ਼ਣ ਤੇ ਉਹਨਾ ਦਾ ਆਗੂ ਬਣ ਤੁਰਨਾ ਹੁੰਦਾ ਹੈ। ਉਸ ਨੇ ਉਸ ਵਿੱਚ ਪ੍ਰੇਰਨਾ ਪੈਦਾ ਕਰਨੀ ਹੈ। ਭਾਵ ਉਸ ਨੂੰ ਕੁੱਝ ਸਿੱਖਣ, ਜਾਨਣ, ਤੇ ਸਮਝਣ ਲਈ ਉਤਸ਼ਾਹਿਤ ਤੇ ਪ੍ਰੇਰਤ ਕਰਨਾ ਹੁੰਦਾ ਹੈ ਤੇ ਉਸ ਦੇ ਮਨ ਦੇ ਬੂਹੇ, ਖਿੜਕੀਆਂ ਖੋਲ੍ਹਣੀਆਂ ਹੁੰਦੀਆਂ ਹਨ। ਘੁੱਟਿਆ, ਵੱਟਿਆ, ਦੱਬਿਆ, ਦਬਕਿਆ, ਡਰਿਆ, ਸਹਿਮਿਆ ਬੱਚਾ ਆਪਣੇ ਮਨ ਨੂੰ ਹਮੇਸ਼ਾ ਹੀ ਬੰਦ ਕਮਰੇ ਵਾਂਗ ਰੱਖਦਾ ਹੈ ਤੇ ਉਸ ਵਿਚ ਚਾਨਣ ਦੀਆਂ ਕਿਰਨਾਂ ਨੂੰ ਪ੍ਰਵੇਸ਼ ਨਹੀਂ ਕਰਨ ਦਿੰਦਾ ਹੈ। ਇਸ ਵਾਸਤੇ ਅਧਿਆਪਕ ਨੂੰ ਬੱਚੇ ਨਾਲ ਇੱਕਸੁਰ ਹੋਣਾ ਪੈਂਦਾ ਹੈ ਤੇ ਜਜ਼ਬਾਤੀ ਪੱਧਰ 'ਤੇ ਉਸ ਦਾ ਵਿਸ਼ਵਾਸ ਜਿੱਤਣਾ ਹੁੰਦਾ ਹੈ, ਜੇ ਅਧਿਆਪਕ ਇਹ ਕੁੱਝ ਪ੍ਰਾਪਤ ਨਹੀਂ ਕਰ ਸਕਦਾ ਤਾਂ ਸਮਝ ਲਵੋ ਕਿ ਬੱਚੇ ਦੀ ਸਿੱਖਿਆ ਕੁਰਾਹੇ ਪੈ ਗਈ ਹੈ ਤੇ ਅਧਿਆਪਕ ਤੇ ਵਿਦਿਆਰਥੀ ਕਿਤੇ ਵੀ ਪੁੱਜ ਨਹੀ ਸਕਣਗੇ। ਵਿੱਦਿਆ ਦੇ ਸੂਖਮ ਉਦੇਸ਼, ਜਿਸ ਤਰ੍ਹਾਂ ਆਚਰਣ ਉਸਾਰੀ, ਗਿਆਨ ਪ੍ਰਾਪਤੀ, ਉਚਿੱਤ ਸਮਝਾਂ ਤੇ ਹੋਰ ਜ਼ਰੂਰੀ ਹੁਨਰ ਆਦਿ ਸਭ ਇਕ ਪਾਸੇ ਰਹਿ ਜਾਣਗੇ ਤੇ ਉਹ ਪ੍ਰਾਪਤ ਕੀ ਕਰਨਗੇ? ਕੇਵਲ ਡਿਗਰੀ ਤੇ ਸਰਟੀਫਿਕੇਟ ਜਿਹੜੀ ਅਜੋਕੀ ਇਮਤਿਹਾਨੀ ਪ੍ਰਣਾਲੀ ਕਾਰਨ ਕੇਵਲ ਬਾਹਰੀ ਦਿੱਖ ਵਾਲੀ ਮੋਹਰ ਹੀ ਹੁੰਦੀ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਅਧਿਆਪਕ ਦੀ ਸਫਲਤਾ ਬੱਚੇ ਵਿਚ ਪੜ੍ਹਨ ਤੇ ਸਿੱਖਣ ਲਈ ਜ਼ਰੂਰੀ ਪ੍ਰੇਰਨਾ 'ਤੇ ਹੀ ਨਿਰਭਰ ਕਰਦੀ ਹੈ।

ਇਸ ਲਈ ਅਧਿਆਪਕ ਲਈ ਬੱਚੇ ਦੀ ਸਿੱਖਿਆ ਆਰੰਭ ਕਰਨ ਤੋਂ ਪਹਿਲਾਂ ਇਹ ਜਾਨਣਾ ਪਵੇਗਾ ਕਿ ਉਹ ਸਕੂਲ ਪ੍ਰਵੇਸ਼ ਕਰਨ ਸਮੇਂ ਆਪਣੇ ਪਿਛੋਕੜ ਵਿਚੋਂ ਕੀ ਕੁੱਝ ਪ੍ਰਾਪਤ ਕਰਕੇ ਆ ਰਿਹਾ ਹੈ। ਬੱਚਾ ਪਹਿਲੇ ਪੰਜ ਸਾਲਾਂ ਵਿਚ ਸਮਾਜਿਕ ਪ੍ਰਭਾਵਾਂ ਤੋਂ ਨਿਰਲੇਪ ਕਿਵੇਂ ਰਹਿ ਸਕਦਾ ਹੈ? ਇਹ ਵਿਗਿਆਨਿਕ ਸਿਧਾਂਤ ਹੈ ਕਿ ਮਾਪੇ ਜਿਸਮਾਨੀ ਜਨਮ ਦੇਂਦੇ ਹਨ, ਪਰ ਸਮਾਜਿਕ ਜਨਮ ਵਾਤਾਵਰਣ ਦਿੰਦਾ ਹੈ।

ਸ਼ੁਰੂ ਵਿੱਚ ਹੀ ਅਧਿਆਪਕ ਸਾਹਮਣੇ ਇਹ ਪ੍ਰਸ਼ਨ ਮਹੱਤਵਪੂਰਨ ਹੁੰਦੇ ਹਨ। ਬੱਚੇ ਦੀ ਮਾਨਸਿਕ ਅਵਸਥਾ ਕੀ ਹੈ? ਉਹ ਕੀ ਸੋਚਦਾ ਤੇ ਮਹਿਸੂਸ ਕਰਦਾ ਹੈ? ਉਹ ਕਿੱਥੇ ਖੜ੍ਹਾ ਹੈ? ਉਹ ਕਿੱਧਰ ਨੂੰ ਜਾਣ ਦੀ ਸੋਚਦਾ ਹੈ? ਉਸ ਦੀਆਂ ਕੀ ਖਾਹਿਸ਼ਾਂ ਤੇ ਉਮੰਗਾਂ ਹਨ? ਉਹ ਕਿਹੋ ਜਿਹੀਆਂ ਤੰਗੀਆਂ-ਤਕਲੀਫਾ ਵਿੱਚੋਂ ਲੰਘ ਰਿਹਾ ਹੈ? ਇਹਨਾਂ ਸਭ ਪ੍ਰਸ਼ਨਾਂ ਦੇ ਉੱਤਰ ਲੱਭਣ ਲਈ ਅਧਿਆਪਕ ਨੂੰ ਬੱਚੇ ਦੇ ਪਿਛੋਕੜ ਦਾ ਵਿਸ਼ਲੇਸ਼ਣ ਕਰਨਾ ਪਵੇਗਾ। ਇਸ ਲਈ ਅਧਿਆਪਕ ਨੂੰ ਬੱਚੇ ਨੂੰ ਖੁੱਲ੍ਹ ਕੇ ਗੱਲਾਂ ਕਰਨ ਲਾਉਣਾ ਚਾਹੀਦਾ ਹੈ। ਜਦੋਂ ਬੱਚਾ ਖੁੱਲ੍ਹ ਕੇ ਅਧਿਆਪਕ ਨਾਲ ਗੱਲਾਂ ਕਰਨ ਲੱਗ ਪਵੇਗਾ ਤਾਂ ਉਸ ਦੀ ਸਿੱਖਿਆ ਨੂੰ ਸਹੀ ਵਿਗਿਆਨਕ ਤਰੀਕੇ ਨਾਲ ਤਰਤੀਬਬੱਧ ਕੀਤਾ ਜਾ ਸਕੇਗਾ।

ਅਧਿਆਪਕ ਇਹ ਕਿਸ ਤਰ੍ਹਾਂ ਪ੍ਰਾਪਤ ਕਰੇਗਾ? ਉਹ ਬੱਚੇ ਦੇ ਮਨ ਨਾਲ ਆਪਣੇ ਆਪ ਨੂੰ ਕਿਸ ਤਰ੍ਹਾਂ ਜੋੜੇਗਾ? ਇਸ ਮਸਲੇ 'ਤੇ ਅਧਿਆਪਕ ਨੂੰ ਗੰਭੀਰਤਾ ਨਾਲ ਆਪਣੀ ਸੋਚ ਨੂੰ ਕੇਂਦਰਿਤ ਕਰਨਾ ਪਵੇਗਾ। ਇਸ ਵਿੱਚ ਹੀ ਅਧਿਆਪਕ ਦੀ ਸਫ਼ਲਤਾ ਦਾ ਰਾਜ ਛੁਪਿਆ ਹੋਇਆ ਹੈ ਅਤੇ ਇਸ ਵਿੱਚ ਹੀ ਵਿੱਦਿਅਕ ਅਮਲ ਦੀ ਸਾਰਥਕਤਾ ਜੁੜੀ ਹੋਈ ਹੈ। ਅਧਿਆਪਕ ਲਈ ਬੱਚੇ ਦਾ ਸਮਾਜਿਕ ਪਿਛੋਕੜ ਜਿਸ ਵਿੱਚ ਉਹ ਪਲਦਾ, ਖੇਡਦਾ ਤੇ ਵਿਸਰ ਰਿਹਾ ਹੁੰਦਾ ਹੈ, ਉਸ ਬਾਰੇ ਜਾਨਣਾ ਜ਼ਰੂਰੀ ਹੁੰਦਾ ਹੈ। ਏਸੇ ਪਿਛੋਕੜ ਦੇ ਕੁੱਝ ਹਾਂ-ਪੱਖੀ ਜਾਂ ਨਾਂਹ-ਪੱਖੀ ਪ੍ਰਭਾਵ ਲੈ ਕੇ ਉਹ ਸਕੂਲ ਪਹੁੰਚਦਾ ਹੈ। ਬੱਚੇ ਬਾਰੇ ਮਨੋ-ਵਿਗਿਆਨਕ ਸੂਝ ਤਾਂ ਅਧਿਆਪਕ ਨੂੰ ਉਸ ਦੀ ਪ੍ਰੋਫੈਸ਼ਨਲ ਸਿੱਖਿਆ ਦੌਰਾਨ ਪ੍ਰਾਪਤ ਹੋ ਚੁੱਕੀ ਹੁੰਦੀ ਹੈ, ਜੋ ਉਸ ਲਈ ਹਰ ਸਮੇਂ ਪ੍ਰਾਪਤ ਕਰਦੇ ਰਹਿਣ ਦੀ ਜ਼ਰੂਰਤ ਹੈ। ਅਧਿਆਪਕ ਨੇ ਬੱਚੇ ਨੂੰ ਉਸ ਸਮਾਜਿਕ ਵਾਤਾਵਰਨ ਲਈ ਵੀ ਤਿਆਰ ਕਰਨਾ ਹੁੰਦਾ ਹੈ, ਜਿਸ ਵਾਤਾਵਰਨ ਵਿੱਚੋਂ ਬੱਚਾ ਆ ਰਿਹਾ ਹੈ ਤੇ ਜਿੱਥੇ ਉਸ ਨੇ ਅੱਗੋਂ ਜ਼ਿੰਦਗੀ ਦੇ ਯਥਾਰਥ ਨਾਲ ਕਿਰਿਆਸ਼ੀਲ ਹੋਣਾ ਹੈ।

ਬੱਚੇ ਦਾ ਪਰਵਾਰਕ ਪਿਛੋਕੜ ਕੀ ਹੈ? ਕੀ ਉਹ ਇੱਕ ਪੜ੍ਹੇ-ਲਿਖੇ ਪਰਵਾਰ ਵਿੱਚੋਂ ਆ ਰਿਹਾ ਹੈ? ਉਸ ਦੇ ਪਰਵਾਰ ਦਾ ਸਮਾਜਿਕ ਰੁਤਬਾ ਕੀ ਹੈ? ਵੱਡਾ ਪਰਵਾਰ ਹੈ ਜਾਂ ਛੋਟਾ? ਮਾਪਿਆਂ ਦੀ ਸਮਾਜਿਕ ਪ੍ਰਵਾਨਤਾ ਕੀ ਹੈ? ਅਧਿਆਪਕ ਨੂੰ ਇਨ੍ਹਾਂ ਤੱਥਾਂ ਦੀ ਜਾਣਕਾਰੀ ਹੋਣਾ ਜ਼ਰੂਰੀ ਹੈ। ਇਹ ਜਾਣਕਾਰੀ ਤਾਂ ਹੀ ਪ੍ਰਾਪਤ ਹੋ ਸਕੇਗੀ ਜੇ ਉਹ ਬੱਚੇ ਨਾਲ ਨਿੱਜੀ ਤੇ ਅਪਣੱਤ ਵਾਲਾ ਰਵੱਈਆ ਅਪਣਾਏਗਾ। ਮਾਪਿਆਂ ਨਾਲ ਹੋਰ ਵੀ ਮੇਲ-ਜੋਲ ਜ਼ਰੂਰੀ ਹੈ। ਇਸ ਮੇਲ-ਜੋਲ ਨਾਲ ਅਧਿਆਪਕ ਮਾਪਿਆਂ ਦਾ ਸਹਿਯੋਗ ਪ੍ਰਾਪਤ ਕਰ ਸਕੇਗਾ। ਮਾਪੇ ਬੱਚੇ ਦੀਆਂ ਸਭ ਗਤੀਵਿਧੀਆਂ ਤੋਂ ਜਾਣੂ ਹੁੰਦੇ ਹਨ। ਉਹ ਉਸ ਦੇ ਗੁਣਾਂ, ਘਾਟਾਂ, ਰੁਚੀਆਂ, ਸ਼ੌਕਾਂ ਆਦਿ ਤੋਂ ਜਾਣੂ ਹੁੰਦੇ ਹਨ। ਇਹ ਜਾਣਕਾਰੀ ਉਸ ਨੂੰ ਮਾਪਿਆਂ ਨਾਲ ਨਿਰੰਤਰ ਸੰਪਰਕ ਰੱਖਿਆਂ ਹੀ ਪ੍ਰਾਪਤ ਹੋ ਸਕਦੀ ਹੈ। ਅਧਿਆਪਨ ਪੱਖ ਤੋਂ ਇਹ ਇੱਕ ਬਹੁਤ ਹੀ ਮਹੱਤਵਪੂਰਨ ਤੱਥ ਹੈ। ਬੱਚਾ ਘਰ ਦੇ ਵਾਤਾਵਰਨ ਤੋਂ ਬਾਹਰ ਆਪਣੇ ਹਾਣੀਆਂ, ਮਿੱਤਰਾਂ ਤੇ ਸਾਥੀਆਂ ਦੀ ਸੰਗਤ ਵਿੱਚੋਂ ਵੀ ਬਹੁਤੀ ਸ਼ਖ਼ਸੀ ਰੰਗਤ ਪ੍ਰਾਪਤ ਕਰਦਾ ਹੈ। ਉਸ ਦੇ ਸ਼ੌਕ ਤੇ ਰੁਝਾਨ ਇਹਨਾਂ ਸੰਗੀ-ਸਾਥੀਆਂ ਦੀ ਸੰਗਤ ਵਿੱਚੋਂ ਹੀ ਪੈਦਾ ਹੁੰਦੇ ਹਨ। ਉਸ ਦੇ ਸਾਥੀ ਕਿਹੋ ਜਿਹੇ ਹਨ, ਕੀ ਸ਼ੌਕ ਰੱਖਦੇ ਹਨ, ਇਸ ਦਾ ਗਿਆਨ ਵੀ ਅਧਿਆਪਕ ਲਈ ਅਵੱਸ਼ਕ ਹੈ।

ਭਾਈਚਾਰਾ ਇੱਕ ਸਮੁੱਚਾ ਵਾਤਾਵਰਨ ਪੈਦਾ ਕਰਦਾ ਹੈ। ਜਿਸ ਦਾ ਪ੍ਰਭਾਵ ਬੱਚੇ ਦੀ ਸ਼ਖ਼ਸੀਅਤ 'ਤੇ ਨਿਰੰਤਰ ਪੈਂਦਾ ਰਹਿੰਦਾ ਹੈ। ਅਧਿਆਪਕ ਦਾ ਕੰਮ ਪਿਛੋਕੜ ਨੂੰ ਸਮਝ ਕੇ ਉਸ ਦਾ ਵਿਸ਼ਲੇਸ਼ਣ ਕਰਕੇ ਆਪਣੇ ਅਧਿਆਪਨ ਦਾ ਪ੍ਰੋਗਰਾਮ ਉਲੀਕਣਾ ਹੁੰਦਾ ਹੈ। ਲੋੜ ਹੈ ਇਹਨਾਂ ਸਮਾਜਿਕ ਪ੍ਰਸਥਿਤੀਆਂ ਦਾ ਅਧਿਐਨ ਕਰਕੇ ਆਪਣੇ ਅਧਿਆਪਨ ਨੂੰ ਜਿਉਂਦਾ-ਜਾਗਦਾ, ਰੌਚਕ ਤੇ ਲਾਭਦਾਇਕ ਬਣਾਉਣ ਦੀ। ਅਧਿਆਪਕ ਨੇ ਇਸ ਵਾਤਾਵਰਨ ਵਿੱਚੋਂ ਚੰਗੇ ਤੇ ਮਾੜੇ ਪ੍ਰਭਾਵਾਂ ਦੀ ਪਹਿਚਾਣ ਵੀ ਕਰਨੀ ਹੈ। ਚੰਗੇ ਪ੍ਰਭਾਵ ਬੱਚੇ ਵਿੱਚ ਹੋਰ ਮਜ਼ਬੂਤ ਕਰਨੇ ਹੁੰਦੇ ਹਨ। ਬੁਰੇ ਅਤੇ ਸਮਾਜਿਕ ਤੇ ਵਿਅਕਤੀਗਤ ਤੌਰ 'ਤੇ ਹਾਨੀਕਾਰਕ ਪ੍ਰਭਾਵਾਂ ਵਿਰੁੱਧ ਬੱਚੇ ਨੂੰ ਉਹਨਾਂ ਤੋਂ ਬਚਣ ਲਈ ਸੁਚੇਤ ਵੀ ਕਰਨਾ ਹੈ ਤੇ ਮਜ਼ਬੂਤ ਵੀ ਬਣਾਉਣਾ ਹੈ। ਅੱਜ ਸਾਡੇ ਸਮਾਜ ਵਿੱਚ ਕੋਹਰਾਪਨ, ਭੋਗਵਾਦ, ਦਿਖਾਵਾਵਾਦ, ਨਸ਼ੇ, ਘਟੀਆ ਤੇ ਲੱਚਰ ਮਨੋਰੰਜਨ ਦੇ ਪ੍ਰੋਗਰਾਮ ਸਾਡੇ ਨੌਜਵਾਨਾਂ ਨੂੰ ਤਬਾਹੀ ਵੱਲ ਲੈ ਜਾ ਰਹੇ ਹਨ। ਅਧਿਆਪਕ ਨੇ ਹੀ ਇਨ੍ਹਾਂ ਤੋਂ ਜਾਣੂ ਕਰਾਉਣਾ ਹੈ, ਸਕੂਲ ਵਿੱਚ ਅਧਿਆਪਕ ਨੂੰ ਚੰਗੇ ਸੱਭਿਆਚਾਰਕ ਪ੍ਰੋਗਰਾਮ ਅਯੋਜਿਤ ਕਰਨੇ ਚਾਹੀਦੇ ਹਨ। ਪਿੰਡ ਤੇ ਸ਼ਹਿਰ ਨਿਵਾਸੀਆਂ ਦਾ ਇਹਨਾਂ ਕੁਰੀਤੀਆਂ ਵਿਰੁੱਧ ਲੜਨ ਲਈ ਸਹਿਯੋਗ ਜ਼ਰੂਰ ਲੈਣਾ ਚਾਹੀਦਾ ਹੈ।

ਅੱਜ ਦਾ ਨੌਜਵਾਨ ਉਦਾਸ ਹੈ, ਵਿਦਰੋਹ ਵਿੱਚ ਹੈ, ਇਹੋ ਜਿਹੀ ਅਵਸਥਾ ਕਿਉਂ ਪੈਦਾ ਹੋ ਗਈ? ਇਹ ਤੱਥ ਅਜੋਕੇ ਸਮਾਜ ਦੇ ਨੰਗੇ-ਚਿੱਟੇ ਸੱਚ ਹਨ। ਇਨ੍ਹਾਂ ਤੋਂ ਅੱਖਾਂ ਮੀਟਣੀਆਂ ਇਕ ਮਹਾਨ ਗਲਤੀ ਹੀ ਨਹੀਂ ਅਪਰਾਧ ਵੀ ਹੈ ਅਤੇ ਨੌਜਵਾਨਾਂ ਨਾਲ ਘੋਰ ਅਨਿਆਂ ਵੀ ਹੈ, ਜ਼ਿੰਮੇਵਾਰ ਵਿਅਕਤੀਆਂ ਨੂੰ ਇਤਿਹਾਸ ਨੇ ਮਾਫ ਨਹੀਂ ਕਰਨਾ। ਅਧਿਆਪਕ ਦਾ ਫਰਜ਼ ਬਣਦਾ ਹੈ ਕਿ ਇਸ ਸਥਿਤੀ ਦਾ ਵਿਸ਼ਲੇਸ਼ਣ ਕਰੇ, ਉਸ ਪ੍ਰਤੀ ਠੀਕ ਸੁਝਾਅ ਸਬੰਧਤ ਅਧਿਕਾਰੀਆਂ ਨੂੰ ਪ੍ਰਦਾਨ ਕਰਦਾ ਰਹੇ। ਇਸ ਦੇ ਨਾਲ ਹੀ ਆਪਣੇ ਵਿਦਿਆਰਥੀ ਨੂੰ ਇਸ ਮਾੜੀ ਤੇ ਘਿਨਾਉਣੀ ਅਵਸਥਾ ਤੋਂ ਵੀ ਜਾਣੂੰ ਕਰਵਾਏ। ਉਹਨਾ ਨੂੰ ਉਸ ਸਥਿਤੀ ਦਾ ਟਾਕਰਾ ਕਰਨ ਲਈ ਤਿਆਰ ਕਰੇ। ਇਸ ਕੋਸ਼ਿਸ਼ ਵਿੱਚ ਅਧਿਆਪਕ ਆਪ ਇਹਨਾਂ ਗਲਤ ਰੁਝਾਨਾਂ ਤੋਂ ਸੁਚੇਤ ਹੀ ਨਹੀਂ, ਬਚਿਆ ਵੀ ਹੋਣਾ ਚਾਹੀਦਾ ਹੈ।

ਅਸਲੀਅਤ ਇਹ ਹੈ ਕਿ ਅਧਿਆਪਕ ਨੇ ਸਮਾਜ ਦੇ ਆਗੂ ਦੇ ਰੋਲ ਵਿੱਚ ਵੀ ਆਉਣਾ ਹੈ ਅਤੇ ਉਸ ਦੇ ਪਿੱਛੇ ਵੀ ਚੱਲਣਾ ਹੈ, ਜਿੱਥੇ ਬੱਚੇ ਦੇ ਪਿਛੋਕੜ ਵਿਚ ਅਣਉਚਿੱਤ ਰੁਝਾਨ ਹਨ, ਉਹਨਾ ਤੋਂ ਬੱਚਿਆਂ ਨੂੰ ਸੁਚੇਤ ਕਰਕੇ ਉਹਨਾ ਦੇ ਪ੍ਰਭਾਵ ਤੋਂ ਕੇਵਲ ਬਚਾਉਣਾ ਹੀ ਨਹੀਂ, ਸਗੋਂ ਸਿਹਤਮੰਦ ਰਾਹਾਂ ਨੂੰ ਅਪਨਾਉਣ ਦੇ ਯੋਗ ਬਣਾਉਣਾ ਹੈ। ਇਹ ਤਾਂ ਹੀ ਸੰਭਵ ਹੋ ਸਕੇਗਾ, ਜੇ ਅਧਿਆਪਕ ਬੱਚੇ ਦੇ ਪਿਛੋਕੜ ਨੂੰ ਆਪਣੀ ਕਲਾ ਦਾ ਕੈਨਵੈਸ ਸਮਝ ਕੇ, ਬੱਚਿਆਂ ਦੀ ਸ਼ਖ਼ਸੀਅਤ ਵਿਚ ਉੱਤਮ ਰੰਗ ਭਰ ਕੇ ਉਹਨਾ ਨੂੰ ਜੀਵਨ ਦੇ ਵਧੀਆ ਨਾਇਕ ਬਣਾ ਕੇ ਜੀਵਨ ਦੀਆਂ ਰਾਹਾਂ 'ਤੇ ਤੋਰੇਗਾ। ਇਸ ਵਿੱਚ ਹੀ ਉਸ ਦੀ ਦਾਨਾਈ, ਵਡਿਆਈ ਅਤੇ ਸਮਾਜਿਕ ਪ੍ਰਵਾਨਤਾ ਹੈ।

*# ਸੰਪਰਕ: 84271-40006*

# ਸਮੁੱਚੀ ਵਿਸ਼ਵ-ਵਿਆਪੀ ਖੇਤੀ ਅਤੇ ਭੋਜਨ ਲੜੀ ਦਾ ਨਿਗਮੀਕਰਨ-1



ਪਵਨ ਕੁਮਾਰ ਕੌਸ਼ਲ

ਇੱਕ ਧਾਰਮਿਕ, ਪੂੰਜੀਵਾਦੀ ਸੱਭਿਆਚਾਰ ਦੇ ਅੰਦਰ ਲੋਕ ਅਮੀਰਾਂ ਨੂੰ ਲਾਭ ਪਹੁੰਚਾਉਣ ਲਈ ਕੰਮ ਕਰਦੇ ਹਨ, ਕਿਉਂਕਿ ਉਹ ਵਿਸ਼ਵਾਸ ਕਰਦੇ ਹਨ ਕਿ ਸਾਨੂੰ ਪਰਲੋਕ ਵਿੱਚ ਇਨਾਮ ਮਿਲੇਗਾ। ਮਾਰਕਸ ਨੇ ਇੱਕ ਵਾਰ ਧਰਮ ਨੂੰ "ਲੋਕਾਂ ਦੀ ਅਫੀਮ" ਵਜੋਂ ਦਰਸਾਇਆ, ਜੋ ਕਿ ਇੱਕ ਆਮ ਤੌਰ 'ਤੇ ਹਵਾਲਾ ਦਿੱਤਾ ਜਾਂਦਾ ਹੈ ਮਾਰਕਸ ਦੇ ਅਨੁਸਾਰ, ਧਰਮ ਦੇ ਮੁੱਖ 'ਕਾਰਜਾਂ' ਵਿੱਚੋਂ ਇੱਕ ਹੈ ਲੋਕਾਂ ਨੂੰ ਜ਼ੁਲਮ ਦੇ ਦਰਦ ਨੂੰ ਘੱਟ ਕਰਕੇ ਸਮਾਜਿਕ ਤਬਦੀਲੀ ਦੀ ਮੰਗ ਕਰਨ ਵਾਲੇ ਲੋਕਾਂ ਨੂੰ ਰੋਕਣਾ, ਜਿਵੇਂ ਕਿ: ਪਰ ਲੋਕ ਦਾ ਵਾਅਦਾ ਲੋਕਾਂ ਨੂੰ ਅੱਗੇ ਦੇਖਣ ਲਈ ਕੁਝ ਦਿੰਦਾ ਹੈ।

ਵਿਸ਼ਵ ਪੱਧਰ 'ਤੇ ਸਾਮਰਾਜਵਾਦ ਵਿਸ਼ਵ ਸੰਸਥਾਵਾਂ ਵਿਸ਼ਵ ਵਪਾਰ ਸੰਸਥਾ (WTO), ਕੌਮਾਂਤਰੀ ਮੁਦਰਾ ਕੋਸ਼ (IMF) ਅਤੇ ਵਿਸ਼ਵ ਆਰਥਿਕ ਮੰਚ (WEF) ਦੇ ਸਹਿਯੋਗ ਨਾਲ ਅਤੇ ਆਪਣੀਆਂ ਦਿਓ-ਕੱਦ ਬਹੁ-ਕੌਮੀ ਕਾਰਪੋਰੇਸ਼ਨਾਂ ਰਾਹੀਂ ਵਿਸ਼ਵ ਭਰ ਅੰਦਰ ਖਾਸ ਕਰਕੇ ਵਿਕਾਸਸ਼ੀਲ ਦੇਸ਼ਾਂ ਦੇ ਕੁਦਰਤੀ ਸੋਮਿਆਂ ਤੇ ਸਾਧਨਾਂ ਜਿਵੇਂ ਤੇਲ, ਗੈਸ, ਖਣਿਜ ਪਦਾਰਥ, ਪਾਣੀ ਅਤੇ ਜ਼ਮੀਨ ਆਦਿ ਨੂੰ ਆਪਣੇ ਨਿਯੰਤਰਣ ਵਿੱਚ ਕਰਨ ਲਈ ਆਪਣੀਆਂ ਕੱਠਪੁਤਲੀ ਸਰਕਾਰਾਂ ਰਾਹੀਂ ਬੜੀ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਇਸ ਦਾ ਸਭ ਤੋਂ ਵੱਧ ਜ਼ੋਰ ਕਿਸਾਨੀ ਨੂੰ ਪੁਸ਼ਤੀ ਖੇਤੀਬਾੜੀ ਧੰਦੇ 'ਚੋਂ ਬਾਹਰ ਕਰਕੇ ਖੁਦ ਇਸ ਧੰਦੇ ਨੂੰ ਆਪਣੇ ਅਧੀਨ ਕਰਨ ਵਿੱਚ ਲੱਗਾ ਹੋਇਆ ਹੈ। ਇਸ ਰਾਹੀਂ ਉਹ ਸਮੁੱਚੇ ਵਿਸ਼ਵ ਨੂੰ ਆਪਣੇ ਅਧੀਨ ਕਰਨਾ ਚਾਹੁੰਦਾ ਹੈ। ਭਾਰਤ ਵਿੱਚ ਸਾਮਰਾਜਵਾਦ ਹਰੇ ਇਨਕਲਾਬ ਰਾਹੀਂ ਇਸ ਕਾਰਜ ਦੀ ਨੀਂਹ ਰੱਖ ਚੁੱਕਾ ਹੈ।

Business Insider India dy ਦੇ 12.1.2023 ਦੇ ਅਨੁਸਾਰ ਬਿਲ ਗੇਟਸ ਕੋਲ ਇਕੱਲੇ ਅਮਰੀਕਾ ਵਿੱਚ 2,75,000 ਏਕੜ ਖੇਤੀਯੋਗ ਜ਼ਮੀਨ ਹੈ। ਭਾਰਤੀ ਕੰਪਨੀਆਂ ਨੇ ਵੀ ਲੱਗਭੱਗ 12.89 ਹੈਕਟੇਅਰ ਜ਼ਮੀਨ ਖਰੀਦੀ ਹੈ। ਭਾਰਤ ਦੇ ਕੋਈ 80 ਦੇ ਕਰੀਬ ਕਾਰੋਬਾਰੀਆਂ, ਅਫਰੀਕੀ ਮੁਲਕਾਂ ਵਿੱਚ ਭਾਰਤੀ ਕੰਪਨੀਆਂ ਨੇ ਵੀ ਲੱਗਭੱਗ 12.89 ਹੈਕਟੇਅਰ ਜ਼ਮੀਨ ਖਰੀਦੀ ਹੈ। ਉਤਪਾਦਨ ਕਰਨ ਲਈ ਰੁੱਝੇ ਹੋਏ ਸੰਗਠਨਾਂ ਦੀ ਸਿੱਧੀ ਮਾਲਕੀ ਜਾਂ ਲੀਜ਼ 'ਤੇ ਦੇਣ ਦਾ ਹਵਾਲਾ ਦਿੰਦੀ ਹੈ। ਇਹੋ ਭੋਜਨ ਲੜੀ ਉਪਰ ਦੇ ਨਿਗਮੀਕਰਨ ਦੀ ਸ਼ੁਰੂਆਤ ਹੈ।

1990 ਦੇ ਦਹਾਕੇ ਵਿੱਚ ਕੌਮਾਂਤਰੀ ਮੁਦਰਾ ਕੋਸ਼ (ਆਈ ਐੱਮ ਐੱਫ) ਅਤੇ ਵਿਸ਼ਵ ਬੈਂਕ ਚਾਹੁੰਦੇ ਸਨ ਕਿ ਭਾਰਤ ਕਰੋੜਾਂ ਲੋਕਾਂ ਨੂੰ ਖੇਤੀਬਾੜੀ ਤੋਂ ਬਾਹਰ ਕੱਢੇ। ਭਾਰਤ ਆਪਣੀ ਸਰਕਾਰੀ ਮਾਲਕੀ ਵਾਲੀ ਬੀਜ ਸਪਲਾਈ ਪ੍ਰਣਾਲੀ ਨੂੰ ਖਤਮ ਕਰੇ, ਸਬਸਿਡੀਆਂ ਘਟਾਉਣ ਅਤੇ ਜਨਤਕ ਖੇਤੀਬਾੜੀ ਸੰਸਥਾਵਾਂ ਨੂੰ ਚਲਾਉਣ ਅਤੇ ਨਕਦੀ ਫਸਲਾਂ ਦੇ ਉਗਾਉਣ ਲਈ ਪ੍ਰੋਤਸਾਹਨ ਦੀ ਪੇਸ਼ਕਸ਼ ਕਰਨ ਦੀ ਸਲਾਹ ਦਿੱਤੀ ਗਈ ਸੀ। ਉਸ ਸੰਸਥਾ ਦੇ ਇਤਿਹਾਸ ਵਿੱਚ ਵਿਸ਼ਵ ਬੈਂਕ ਤੋਂ ਕਰਜ਼ੇ ਦੇ ਸਭ ਤੋਂ ਵੱਡੇ ਪ੍ਰਾਪਤਕਰਤਾ ਹੋਣ ਦੇ ਨਾਤੇ, ਭਾਰਤ ਕਾਫ਼ੀ ਪਾਬੰਦ ਰਿਹਾ ਹੈ ਅਤੇ ਵਿਦੇਸ਼ੀ ਕਾਰਪੋਰੇਸ਼ਨਾਂ ਲਈ ਆਪਣੀ ਖੇਤੀਬਾੜੀ ਨੂੰ ਖੋਲ੍ਹ ਰਿਹਾ ਹੈ।

ਖੁਰਾਕ ਅਤੇ ਵਪਾਰ ਨੀਤੀ ਵਿਸ਼ਲੇਸ਼ਕ ਦਵਿੰਦਰ ਸ਼ਰਮਾ ਸਥਿਤੀ ਦਾ ਵਰਨਣ ਕਰਦੇ ਹਨ:

ਭਾਰਤ ਖੇਤੀਬਾੜੀ ਨੂੰ ਕਾਰਪੋਰੇਟ ਨਿਯੰਤਰਣ ਅਧੀਨ ਲਿਆਉਣ ਲਈ ਤੱਤਪਰ ਹੈ... ਭੂਮੀ ਗ੍ਰਹਿਣ, ਜਲ ਸਰੋਤ, ਬੀਜ, ਖਾਦ, ਕੀਟਨਾਸ਼ਕਾਂ ਅਤੇ ਫੂਡ ਪ੍ਰੋਸੈਸਿੰਗ 'ਤੇ ਮੌਜੂਦਾ ਕਾਨੂੰਨਾਂ ਵਿੱਚ ਸੋਧ ਕਰਕੇ ਸਰਕਾਰ ਕੰਟਰੈਕਟ ਫਾਰਮਿੰਗ ਨੂੰ ਸ਼ੁਰੂ ਕਰਨ ਅਤੇ ਸੰਗਠਿਤ ਪ੍ਰਚੂਨ ਨੂੰ ਉਤਸ਼ਾਹਤ ਕਰਨ ਲਈ ਤੱਤਪਰ ਹੈ। ਇਹ ਬਿਲਕੁਲ ਵਿਸ਼ਵ ਬੈਂਕ ਅਤੇ ਅੰਤਰ-ਰਾਸ਼ਟਰੀ ਮੁਦਰਾ ਫੰਡ ਦੇ ਨਾਲ-ਨਾਲ ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ ਦੀ ਸਲਾਹ ਦੇ ਅਨੁਸਾਰ ਹੈ।

ਅਸੀਂ ਵਰਤਮਾਨ ਵਿੱਚ ਸਮੁੱਚੀ ਗਲੋਬਲ ਐਗਰੀ-ਫੂਡ ਚੇਨ (ਖੇਤੀ ਭੋਜਨ ਲੜੀ) ਦੇ ਕਾਰਪੋਰੇਟ ਏਕੀਕਰਨ ਦੀ ਗਤੀ ਵੇਖ ਰਹੇ ਹਾਂ। ਸਮੂਹ, ਦੁਨੀਆ 'ਤੇ ਭੋਜਨ ਅਤੇ ਖੇਤੀਬਾੜੀ ਦੇ ਆਪਣੇ ਮਾਡਲ ਨੂੰ ਥੋਪਣ ਦੀ ਕੋਸ਼ਿਸ਼ ਵਿੱਚ ਕੋਰਟੇਵਾ, ਬੇਅਰ, ਕਾਰਗਿਲ ਅਤੇ ਸਿੰਜੇਂਟਾ ਵਰਗੇ ਰਵਾਇਤੀ ਖੇਤੀ ਕਾਰੋਬਾਰੀ ਦਿੱਗਜ਼ਾਂ ਵਿੱਚ ਸ਼ਾਮਲ ਹੋਏ ਹਨ। ਬਿਲਗੇਟਸ ਅਤੇ ਮੇਲਿੰਡਾ ਗੇਟਸ ਫਾਊਂਡੇਸ਼ਨ ਵੀ ਸ਼ਾਮਲ ਹੈ। ਚਾਹੇ ਖੇਤਾਂ ਦੇ ਵਿਸ਼ਾਲ ਖੇਤਰਾਂ ਨੂੰ ਖਰੀਦ ਕੇ, ਅਫ਼ਰੀਕਾ ਲਈ ਇੱਕ ਬਹੁਤ ਹੀ ਚਰਚਿਤ (ਪਰ ਅਸਫਲ) 'ਹਰੇ ਇਨਕਲਾਬ' ਨੂੰ ਉਤਸ਼ਾਹਿਤ ਕਰਨ ਦੇ ਜ਼ਰੀਏ। ਬਾਇਓਸਿੰਥੈਟਿਕ ਭੋਜਨ ਅਤੇ ਜੈਨੇਟਿਕ ਇੰਜੀਨੀਅਰਿੰਗ ਤਕਨਾਲੋਜੀਆਂ ਨੂੰ ਅੱਗੇ ਵਧਾਉਣਾ ਜਾਂ ਆਮ ਤੌਰ 'ਤੇ ਮੈਗਾ ਐਗਰੀ-ਫੂਡ ਕਾਰਪੋਰੇਸ਼ਨਾਂ ਦੇ ਉਦੇਸ਼ਾਂ ਮੁਤਾਬਕ ਸਹੂਲਤ ਦੇਣਾ।

ਜ਼ਹਿਰੀਲੀ ਖੇਤੀ ਅਤੇ ਗੇਟਸ ਫਾਊਂਡੇਸ਼ਨ

ਦਸੰਬਰ 2018 ਤੱਕ ਬਿਲ ਗੇਟਸ ਅਤੇ ਮੇਲਿੰਡਾ ਗੇਟਸ ਫਾਊਂਡੇਸ਼ਨ ਕੋਲ $46.8 ਬਿਲੀਅਨ ਦੀ ਜਾਇਦਾਦ ਸੀ। ਸਾਜਿਸ਼ੀ ਮਨੋਰਥ ਨਾਲ ਇਹ ਦੁਨੀਆ ਦੀ ਸਭ ਤੋਂ ਵੱਡੀ ਚੈਰੀਟੇਬਲ ਫਾਊਂਡੇਸ਼ਨ ਹੈ, ਜੋ ਕਿਸੇ ਵੀ ਸਰਕਾਰ ਨਾਲੋਂ ਵਿਸ਼ਵ ਸਿਹਤ ਲਈ ਵਧੇਰੇ ਸਹਾਇਤਾ ਵੰਡਦੀ ਹੈ। ਗਲੋਬਲ ਜਸਟਿਸ ਨਾਉ ਦੀ ਇੱਕ ਰਿਪੋਰਟ ਦੁਆਰਾ 2016 ਵਿੱਚ ਗੇਟਸ ਫਾਊਂਡੇਸ਼ਨ ਉਪਰ ਅੰਤਰ-ਰਾਸ਼ਟਰੀ ਵਿਕਾਸ ਦੀ ਦਿਸ਼ਾ ਨੂੰ ਖਤਰਨਾਕ ਅਤੇ ਗੈਰ-ਜ਼ਿੰਮੇਵਾਰਾਨਾ ਢੰਗ ਨਾਲ ਵਿਗਾੜਨ ਦਾ ਦੋਸ਼ ਲਗਾਇਆ ਗਿਆ ਸੀ, ਵਿੱਚ ਇਹ ਦੋਸ਼ ਲਗਾਏ ਗਏ ਸਨ।

ਰਿਪੋਰਟ ਦੇ ਲੇਖਕ ਮਾਰਕ ਕਰਟਿਸ ਨੇ ਪੂਰੇ ਅਫਰੀਕਾ ਵਿੱਚ ਉਦਯੋਗਿਕ ਖੇਤੀਬਾੜੀ ਦੇ ਫਾਊਂਡੇਸ਼ਨ ਦੇ ਪ੍ਰੋਤਸਾਹਨ ਦੀ ਰੂਪਰੇਖਾ ਦਿੱਤੀ, ਜੋ ਮੌਜੂਦਾ ਟਿਕਾਊ, ਛੋਟੇ ਪੈਮਾਨੇ ਦੀ ਖੇਤੀ ਨੂੰ ਕਮਜ਼ੋਰ ਕਰੇਗੀ, ਜੋ ਮਹਾਂਦੀਪ ਵਿੱਚ ਜ਼ਿਆਦਾਤਰ ਭੋਜਨ ਪ੍ਰਦਾਨ ਕਰ ਰਹੀ ਹੈ। ਕਰਟਿਸ ਨੇ ਦੱਸਿਆ ਕਿ ਕਿਵੇਂ ਫਾਊਂਡੇਸ਼ਨ ਯੂ ਐੱਸ ਐਗਰੀ-ਕਮੋਡਿਟੀ ਵਪਾਰੀ ਕਾਰਗਿਲ ਨਾਲ ਦੱਖਣੀ ਅਫ਼ਰੀਕਾ ਵਿੱਚ "ਸੋਇਆ ਵੈਲਯੂ ਚੇਨ ਨੂੰ ਵਿਕਸਤ ਕਰਨ" ਲਈ $8 ਮਿਲੀਅਨ ਦੇ ਪ੍ਰੋਜੈਕਟ ਵਿੱਚ ਕੰਮ ਕਰਦੀ ਹੈ। ਕਾਰਗਿਲ ਦੱਖਣੀ ਅਮਰੀਕਾ ਵਿੱਚ ਭਾਰੀ ਨਿਵੇਸ਼ ਦੇ ਨਾਲ ਸੋਇਆ ਦੇ ਉਤਪਾਦਨ ਅਤੇ ਵਪਾਰ ਵਿੱਚ ਸਭ ਤੋਂ ਵੱਡੀ ਗਲੋਬਲ ਖਿਡਾਰੀ ਹੈ, ਜਿੱਥੇ ਜੀ.ਐੱਮ. ਸੋਇਆ ਮੋਨੋਕਰੌਪਸ (ਅਤੇ ਸੰਬੰਧਿਤ ਖੇਤੀ ਰਸਾਇਣਾਂ) ਨੇ ਪੇਂਡੂ ਆਬਾਦੀ ਨੂੰ ਉਜਾੜ ਦਿੱਤਾ ਹੈ ਅਤੇ ਸਿਹਤ ਸਮੱਸਿਆਵਾਂ ਅਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਇਆ ਹੈ।

ਗੇਟਸ ਫਾਊਂਡੇਸ਼ਨ ਜੋ ਕਰ ਰਹੀ ਹੈ, ਉਹ ਬੀਜਾਂ ਅਤੇ ਜ਼ਮੀਨ ਵਰਗੇ ਮੁੱਦਿਆਂ 'ਤੇ ਅਫਰੀਕੀ ਸਰਕਾਰਾਂ ਦੀਆਂ ਖੇਤੀਬਾੜੀ ਨੀਤੀਆਂ ਦੇ ਨਿਰਮਾਣ ਵਿੱਚ ਸਿੱਧੇ ਤੌਰ 'ਤੇ ਦਖਲ-ਅੰਦਾਜ਼ੀ ਕਰ ਰਿਹਾ ਹੈ, ਅਮਰੀਕੀ ਖੇਤੀਬਾੜੀ ਕਾਰੋਬਾਰ ਲਈ ਅਫਰੀਕੀ ਬਾਜ਼ਾਰਾਂ ਨੂੰ ਖੋਲ੍ਹ ਰਿਹਾ ਹੈ।

ਗੇਟਸ ਫਾਊਂਡੇਸ਼ਨ ਸਿਹਤ ਦੇ ਖੇਤਰ ਵਿੱਚ ਵੀ ਬਹੁਤ ਸਰਗਰਮ ਹੈ, ਜੋ ਕਿ ਉਦਯੋਗਿਕ ਖੇਤੀ ਨੂੰ ਉਤਸ਼ਾਹਿਤ ਕਰਨ ਅਤੇ ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਲੇ ਖੇਤੀ ਰਸਾਇਣਾਂ 'ਤੇ ਨਿਰਭਰਤਾ ਦੇ ਕਾਰਨ ਵਿਅੰਗਾਤਮਕ ਹੈ। ਇਹ ਫਾਊਂਡੇਸ਼ਨ ਵਿਸ਼ਵ ਸਿਹਤ ਸੰਗਠਨ ਅਤੇ ਯੂਨੀਸੇਫ ਦਾ ਪ੍ਰਮੁੱਖ ਫੰਡ ਮੁਹੱਈਆ ਕਰਨ ਵਾਲੀ ਸੰਸਥਾ ਹੈ। ਗੇਟਸ ਹਾਲ ਹੀ ਦੇ ਸਾਲਾਂ ਵਿੱਚ ਡਬਲਯੂ.ਐੱਚ.ਓ ਦੇ ਬਜਟ ਵਿੱਚ ਸਭ ਤੋਂ ਵੱਡਾ ਜਾਂ ਦੂਜਾ ਸਭ ਤੋਂ ਵੱਡਾ ਯੋਗਦਾਨ ਰਿਹਾ ਹੈ। ਸੰਯੁਕਤ ਰਾਸ਼ਟਰ ਦੇ ਜ਼ਹਿਰੀਲੇ ਪਦਾਰਥਾਂ ਦੇ ਮਾਹਰ, ਬਾਸਕਟ ਟੂਨਕੈਕ ਨੇ ਨਵੰਬਰ 2017 ਦੇ ਇੱਕ ਲੇਖ ਵਿੱਚ ਕਿਹਾ: "ਸਾਡੇ ਬੱਚੇ ਨਦੀਨ-ਨਾਸ਼ਕਾਂ, ਕੀਟਨਾਸ਼ਕਾਂ ਅਤੇ ਉੱਲੀਨਾਸ਼ਕਾਂ ਦੇ ਜ਼ਹਿਰੀਲੇ ਕਾਕਟੇਲ ਦੇ ਸੰਪਰਕ ਵਿੱਚ ਵੱਡੇ ਹੋ ਰਹੇ ਹਨ। ਇਹ ਉਹਨਾਂ ਦੇ ਭੋਜਨ ਅਤੇ ਉਹਨਾਂ ਦੇ ਪਾਣੀ ਵਿੱਚ ਹੈ, ਅਤੇ ਇਹ ਉਹਨਾਂ ਦੇ ਪਾਰਕਾਂ ਅਤੇ ਖੇਡ ਦੇ ਮੈਦਾਨਾਂ ਵਿੱਚ ਵੀ ਡੁੱਲ੍ਹਿਆ ਹੋਇਆ ਹੈ।"

ਬਾਸਕੁਟ ਟਨਕੇਟ ਨੇ ਆਪਣੇ 2017 ਦੇ ਲੇਖ ਵਿੱਚ, ਉਸ ਨੇ ਕਿਹਾ:

'ਬੱਚਿਆਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਕਨਵੈਨਸ਼ਨ ਇਹ ਸਪੱਸ਼ਟ ਕਰਦੀ ਹੈ ਕਿ ਰਾਜਾਂ ਦੀ ਸਪੱਸ਼ਟ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਨੂੰ ਜ਼ਹਿਰੀਲੇ ਰਸਾਇਣਾਂ ਦੇ ਸੰਪਰਕ ਤੋਂ, ਦੂਸ਼ਿਤ ਭੋਜਨ ਅਤੇ ਪ੍ਰਦੂਸ਼ਿਤ ਪਾਣੀ ਤੋਂ ਬਚਾਉਣ ਅਤੇ ਇਹ ਯਕੀਨੀ ਬਣਾਉਣ ਲਈ ਕਿ ਹਰ ਬੱਚਾ ਉੱਚਤਮ ਪ੍ਰਾਪਤੀ ਲਈ ਆਪਣੇ ਅਧਿਕਾਰ ਦਾ ਅਹਿਸਾਸ ਕਰ ਸਕੇ। ਸਿਹਤ ਦੇ ਮਿਆਰ, ਮੌਜੂਦਾ ਕੀਟਨਾਸ਼ਕ ਪ੍ਰਣਾਲੀ ਦੁਆਰਾ ਬੱਚਿਆਂ ਦੇ ਇਹ ਅਤੇ ਹੋਰ ਬਹੁਤ ਸਾਰੇ ਅਧਿਕਾਰਾਂ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਇਹ ਰਸਾਇਣ ਹਰ ਜਗ੍ਹਾ ਹਨ ਅਤੇ ਇਹ ਅਦਿੱਖ ਹਨ।"

"ਅਨਅਰਥਡ" ਅਤੇ ਐੱਨ ਜੀ ਓ "ਪਬਲਿਕ ਆਈ" ਦੁਆਰਾ ਇੱਕ ਸੰਯੁਕਤ ਜਾਂਚ ਵਿੱਚ ਪਾਇਆ ਗਿਆ ਹੈ ਕਿ ਦੁਨੀਆ ਦੇ ਪੰਜ ਸਭ ਤੋਂ ਵੱਡੇ ਕੀਟਨਾਸ਼ਕ ਨਿਰਮਾਤਾ ਪ੍ਰਮੁੱਖ ਉਤਪਾਦਾਂ, ਰਸਾਇਣਾਂ ਤੋਂ ਆਪਣੀ ਆਮਦਨ ਦਾ ਇੱਕ ਤਿਹਾਈ ਤੋਂ ਵੱਧ ਕਮਾ ਰਹੇ ਹਨ, ਜੋ ਮਨੁੱਖੀ ਸਿਹਤ ਅਤੇ ਵਾਤਾਵਰਣ ਲਈ ਗੰਭੀਰ ਖਤਰੇ ਪੈਦਾ ਕਰਦੇ ਹਨ।

ਦੁਨੀਆ ਦੇ ਸਭ ਤੋਂ ਵੱਧ ਵਰਤੇ ਜਾਣ ਵਾਲੇ ਨਦੀਨ-ਨਾਸ਼ਕ, ਗਲਾਈਫੋਸੇਟ-ਆਧਾਰਤ ਫਾਰਮੂਲੇ (ਰਾਊਂਡਅੱਪ ਸਭ ਤੋਂ ਮਸ਼ਹੂਰ - ਮੋਨਸੈਂਟੋ ਦੁਆਰਾ ਨਿਰਮਿਤ - ਹੁਣ ਬਾਇਅਰ) ਅੰਤੜੀਆਂ ਦੇ ਮਾਈਕ੍ਰੋਬਾਇਓਮ ਨੂੰ ਪ੍ਰਭਾਵਤ ਕਰਦੇ ਹਨ ਅਤੇ ਮੋਟਾਪੇ ਦੀ ਮਹਾਂਮਾਰੀ ਦੁਆਰਾ ਉਕਸਾਏ ਗਲੋਬਲ ਮੈਟਾਬੋਲਿਕ ਸਿਹਤ ਸੰਕਟ ਲਈ ਜ਼ਿੰਮੇਵਾਰ ਹਨ। ਇਹ ਮਨੁੱਖਾਂ ਅਤੇ ਜਾਨਵਰਾਂ ਵਿੱਚ ਐਪੀਜੇਨੇਟਿਕ ਤਬਦੀਲੀਆਂ ਦਾ ਕਾਰਨ ਵੀ ਬਣਦਾ ਹੈ - ਬਿਮਾਰੀਆਂ ਇੱਕ ਪੀੜ੍ਹੀ ਨੂੰ ਛੱਡ ਕੇ ਫਿਰ ਪ੍ਰਗਟ ਹੁੰਦੀਆਂ ਹਨ। ਅਸੀਂ ਦੇਖਦੇ ਹਾਂ ਕਿ ਹਰ ਸਾਲ ਕੈਂਸਰ ਦੇ ਕੇਸਾਂ ਦੀ ਸੰਖਿਆ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਇੱਕੋ ਜਿਹੇ ਕੈਂਸਰਾਂ ਤੋਂ ਹੋਣ ਵਾਲੀਆਂ ਮੌਤਾਂ ਵਿੱਚ ਵਾਧਾ ਹੋ ਰਿਹਾ ਹੈ।

ਜੂਨ 2016 ਦੇ ਇੱਕ ਲੇਖ ਵਿੱਚ ਵੰਦਨਾ ਸ਼ਿਵਾ ਨੇ ਨੋਟ ਕੀਤਾ ਹੈ ਕਿ ਕੇਂਦਰ ਖੋਜ ਅਤੇ ਬੀਜਾਂ ਨੂੰ ਕਾਰਪੋਰੇਸ਼ਨਾਂ ਨੂੰ ਟ੍ਰਾਂਸਫਰ ਕਰਨ ਵਿੱਚ ਤੇਜ਼ੀ ਲਿਆ ਰਿਹਾ ਹੈ, ਆਈ.ਪੀ ਕਾਨੂੰਨਾਂ ਅਤੇ ਬੀਜ ਨਿਯਮਾਂ ਦੁਆਰਾ ਬਣਾਏ ਗਏ ਬੌਧਿਕ ਸੰਪੱਤੀ ਪਾਇਰੇਸੀ/ਡਕੈਤੀ ਅਤੇ ਬੀਜ ਅਜਾਰੇਦਾਰੀ ਦੀ ਸਹੂਲਤ ਪ੍ਰਦਾਨ ਕਰ ਰਹੇ ਹਨ। ਗੇਟਸ ਜੀਨੋਮਿਕ ਮੈਪਿੰਗ ਰਾਹੀਂ ਬੀਜਾਂ ਦੇ ਸੰਗ੍ਰਹਿ 'ਤੇ ਪੇਟੈਂਟ ਲੈਣ ਲਈ ਇੱਕ ਗਲੋਬਲ ਪਹਿਲਕਦਮੀ, "ਡਾਇਵਰਸਿਟੀ ਸੀਕ" ਨੂੰ ਵੀ ਫੰਡ ਦੇ ਰਹੇ ਹਨ।

ਗੇਟਸ ਫਾਊਂਡੇਸ਼ਨ ਗਰੀਬੀ ਅਤੇ ਕੁਪੋਸ਼ਣ ਨੂੰ ਦੂਰ ਕਰਨ ਅਤੇ ਭੋਜਨ ਦੀ ਅਸੁਰੱਖਿਆ ਨਾਲ ਨਜਿੱਠਣ ਦੀ ਗੱਲ ਕਰਦੀ ਹੈ, ਫਿਰ ਵੀ ਇਹ ਇੱਕ ਕੁਦਰਤੀ ਤੌਰ 'ਤੇ ਬੇਇਨਸਾਫ਼ੀ ਵਾਲੀ ਗਲੋਬਲ ਖੁਰਾਕ ਪ੍ਰਣਾਲੀ ਨੂੰ ਮਜ਼ਬੂਤ ਕਰਦਾ ਹੈ, ਜੋ ਭੋਜਨ ਦੀ ਅਸੁਰੱਖਿਆ, ਆਬਾਦੀ ਦੇ ਵਿਸਥਾਪਨ, ਜ਼ਮੀਨ ਦੇ ਉਜਾੜੇ, ਆਮ ਲੋਕਾਂ ਦੇ ਨਿੱਜੀਕਰਨ ਅਤੇ ਕਮਜ਼ੋਰ ਅਤੇ ਹਾਸ਼ੀਏ ਤੋਂ ਸਮਰਥਨ ਨੂੰ ਦੂਰ ਕਰਨ ਵਾਲੀਆਂ ਨਵਉਦਾਰਵਾਦੀ ਨੀਤੀਆਂ ਲਈ ਜ਼ਿੰਮੇਵਾਰ ਹੈ। (● ਬਾਕੀ ਸਫ਼ਾ 9 'ਤੇ)

25-AUG-PAGE-5.qxd 8/24/2023 10:53 PM Page 1



# ਪੰਜਾਬ ਸਰਕਾਰ ਨੂੰ ਲੋਕਾਂ ਦੀ ਕੋਈ ਪ੍ਰਵਾਹ ਨਹੀਂ : ਬੁਰਜ ਗਿੱਲ

## ਇਲਾਕੇ ਦੀਆਂ ਟੁੱਟੀਆਂ ਸੜਕਾਂ ਨੂੰ ਲੈ ਕੇ ਲੱਖਾ 'ਚ ਲੋਕਾਂ ਵੱਲੋਂ ਜਥੇਬੰਦੀਆਂ ਨਾਲ ਮਿਲ ਕੇ ਰੋਸ ਧਰਨਾ ਜਾਰੀ



**ਹਠੂਰ (ਨਛੱਤਰ ਸੰਧੂ)**-ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੂੰ ਲੋਕਾਂ ਦੀ ਕੋਈ ਪ੍ਰਵਾਹ ਨਹੀਂ, ਜਿਸ ਕਰਕੇ ਅੱਜ ਹਠੂਰ ਇਲਾਕੇ ਦੀਆਂ ਟੁੱਟੀਆਂ ਸੜਕਾਂ ਸਬੰਧੀ ਪਿੰਡ ਲੱਖਾ ਵਿਖੇ ਇਲਾਕੇ ਦੇ ਲੋਕਾਂ ਨੇ ਵੱਖ ਵੱਖ ਜਥੇਬੰਦੀਆਂ ਨਾਲ ਮਿਲ ਕੇ ਰੋਸ ਧਰਨਾ ਸ਼ੁਰੂ ਕੀਤਾ ਹੈ, ਜਿਸ ਨੂੰ ਅੱਜ ਦੋ ਹਫਤੇ ਹੋ ਚੱਲੇ ਹਨ, ਪਰ ਸਰਕਾਰ ਵੇਲਾ ਵਹਾ ਚੁੱਕੀਆਂ ਇਨ੍ਹਾਂ ਸੜਕਾਂ ਨੂੰ ਬਣਾਉਣ 'ਚ ਆਨਾਕਾਨੀ ਕਰਕੇ ਲੋਕਾਂ ਦੇ ਮਨਾਂ ਵਿੱਚ ਰੋਸ ਪੈਦਾ ਕਰ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਰੋਸ ਧਰਨੇ ਦੇ 12ਵੇਂ ਦਿਨ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਇਹ ਸੜਕਾਂ, ਹਾਈਵੇ ਲੋਕਾਂ ਦੇ ਪੈਸਿਆਂ ਨਾਲ ਬਣਦੇ ਹਨ ਤੇ ਬਣਨ ਉਪਰੰਤ ਫਿਰ ਟੋਲ ਟੈਕਸ ਲਾ ਕੇ ਲੰਘਦੇ ਲੋਕਾਂ ਦੀਆਂ ਜੇਬਾਂ ਵਿੱਚੋਂ ਪੈਸੇ ਕੱਢ ਕੇ ਸਰਮਾਏਦਾਰਾਂ ਦੇ ਖੀਸਿਆਂ ਵਿੱਚ ਭਰੇ ਜਾਂਦੇ ਹਨ, ਪਰ ਇਸ ਦੇ ਬਾਵਜੂਦ ਸਾਡੀਆਂ ਸੜਕਾਂ ਦਾ ਬੁਰਾ ਹਾਲ ਹੈ।

ਉਨ੍ਹਾ ਧਰਨਾ ਦੇ ਰਹੇ ਲੋਕਾਂ ਦੀ ਏਕਤਾ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਇਸੇ ਤਰ੍ਹਾਂ ਇਸ ਧਰਨੇ ਨੂੰ ਏਕਤਾ ਤੇ ਮਜ਼ਬੂਤੀ ਨਾਲ ਚਲਾਓ, ਇਹ ਸੜਕ ਤਾਂ ਸਰਕਾਰ ਨੂੰ ਹਰ ਹਾਲਤ ਵਿੱਚ ਬਣਾਉਣੀ ਪਵੇਗੀ। ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਮਾ: ਮਹਿੰਦਰ ਸਿੰਘ ਕਮਾਲਪੁਰਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਐਕਸ਼ਨ ਕਮੇਟੀ, ਜੋ ਵੀ ਫੈਸਲਾ ਕਰੇਗੀ। ਉਨ੍ਹਾਂ ਦੀ ਜਥੇਬੰਦੀ ਪੂਰੀ ਤਨਦੇਹੀ ਨਾਲ ਇਸ ਸੰਘਰਸ਼ 'ਚ ਆਪਣਾ ਯੋਗਦਾਨ ਪਾਵੇਗੀ। ਧਰਨੇ ਨੂੰ ਉਕਤ ਆਗੂਆਂ ਤੋਂ ਇਲਾਵਾ ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬੂਟਾ ਸਿੰਘ ਚਕਰ, ਟਰੱਕ ਯੂਨੀਅਨ ਹਠੂਰ ਦੇ ਸਾਬਕਾ ਪ੍ਰਧਾਨ ਸਰਪੰਚ ਮਲਕੀਤ ਸਿੰਘ ਹਠੂਰ, ਚਮਕੌਰ ਸਿੰਘ ਕਮਾਲਪੁਰਾ, ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਰਸੂਲਪੁਰ, ਭਾਈ ਦਰਸਨ ਸਿੰਘ ਖਾਲਸਾ, ਜੱਟਪੁਰਾ, ਹਰਬਖਸ਼ੀਸ਼ ਸਿੰਘ ਚੱਕ ਭਾਈ ਕਾ, ਸੁਰਜੀਤ ਸਿੰਘ ਲੱਖਾ ਤੇ ਪਿਰਤਾ ਸਿੰਘ ਲੱਖਾ ਨੇ ਵੀ ਸੰਬੋਧਨ ਕੀਤਾ। ਸਟੇਜ ਦੀ ਕਾਰਵਾਈ ਉਪਰੰਤ ਐਕਸ਼ਨ ਕਮੇਟੀ ਦੀ ਮੀਟਿੰਗ ਬੂਟਾ ਸਿੰਘ ਚਕਰ ਦੀ ਅਗਵਾਈ ਹੇਠ ਹੋਈ, ਜਿਸ 'ਚ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਮਾ: ਜਗਤਾਰ ਸਿੰਘ ਦੇਹੜਕਾ, ਮਾ: ਤਾਰਾ ਸਿੰਘ ਅੱਚਰਵਾਲ, ਇੰਦਰਪਾਲ ਸਿੰਘ, ਸੁਰਜੀਤ ਸਿੰਘ, ਜਥੇਦਾਰ ਸੁਖਦੇਵ ਸਿੰਘ ਦੇਹੜਕਾ, ਪ੍ਰਧਾਨ ਬਹਾਦਰ ਸਿੰਘ ਲੱਖਾ, ਜਸਵਿੰਦਰ ਸਿੰਘ ਲੱਖਾ, ਇੰਦਰਜੀਤ ਸਿੰਘ ਧਾਲੀਵਾਲ ਆਦਿ ਸ਼ਾਮਲ ਹੋਏ ਤੇ ਅਗਲੀ ਰਣਨੀਤੀ ਤਿਆਰ ਕੀਤੀ ਗਈ।

ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਬੂਟਾ ਸਿੰਘ ਚਕਰ ਨੇ ਦੱਸਿਆ ਕਿ ਲੋਕਾਂ ਦੀ ਰਾਇ ਅਨੁਸਾਰ ਐਕਸ਼ਨ ਕਮੇਟੀ ਨੇ ਫੈਸਲਾ ਲਿਆ ਹੈ ਕਿ ਜੇਕਰ 31 ਅਗਸਤ ਤੱਕ ਸਰਕਾਰ ਜਾਂ ਪ੍ਰਸ਼ਾਸਨ ਨੇ ਇਨ੍ਹਾਂ ਸੜਕਾਂ ਨੂੰ ਬਣਾਉਣ ਲਈ ਕੋਈ ਠੋਸ ਕਰਵਾਈ ਨਾ ਕੀਤੀ ਤਾਂ 1 ਸਤੰਬਰ ਨੂੰ ਸਮੂਹ ਜਥੇਬੰਦੀਆਂ, ਪੰਚਾਇਤਾਂ ਤੇ ਆਮ ਲੋਕ ਮਿਲ ਕੇ ਨਾਨਕਸਰ ਕੋਲ ਮੋਗਾ-ਲੁਧਿਆਣਾ ਹਾਈਵੇ ਨੂੰ ਜਾਮ ਕਰਨਗੇ। ਇਸ ਮੌਕੇ ਸਮੂਹ ਜਥੇਬੰਦੀਆਂ ਦੇ ਆਗੂ, ਇਕਾਈ ਪ੍ਰਧਾਨ, ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

### 520ਵੇਂ ਦਿਨ ਵੀ ਧਰਨਾ !

# ਇਨਸਾਫ ਮਿਲ਼ਣ ਤੱਕ ਸੰਘਰਸ ਜਾਰੀ ਰਹੇਗਾ : ਧਾਲੀਵਾਲ

### *28 ਅਗਸਤ ਨੂੰ ਹੋਵੇਗੀ ਦਿੱਲੀ ਸੁਣਵਾਈ !*



**ਜਗਰਾਓਂ (ਅਮਿਤ ਖੰਨਾ)**-ਕਿਸਾਨ ਸਭਾ ਦੇ ਆਗੂ ਨਿਰਮਲ ਸਿੰਘ ਧਾਲੀਵਾਲ ਦੀ ਅਗਵਾਈ 'ਚ ਅੱਜ ਪੱਕੇ ਮੋਰਚੇ ਦੇ 520ਵੇਂ ਦਿਨ ਪੰਜਾਬ ਸਰਕਾਰ ਤੇ ਪੰਜਾਬ ਪੁਲਸ ਖਿਲਾਫ ਥਾਣੇ ਮੂਹਰੇ ਨਾਹਰੇ ਲਗਾਏ ਅਤੇ ਅਨੁਸੂਚਿਤ ਜਾਤੀ ਨਾਲ ਸਬੰਧਤ ਮਾਂ-ਧੀ 'ਤੇ ਕੀਤੇ ਪੁਲਸ ਅੱਤਿਆਚਾਰ ਦੇ ਮਾਮਲੇ 'ਚ ਮੁਕੱਦਮੇ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ। ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਨਿਰਮਲ ਸਿੰਘ ਧਾਲੀਵਾਲ, ਕਮੇਟੀ ਮੈਂਬਰ ਕਾਮਰੇਡ ਬੂਟਾ ਸਿੰਘ ਹਾਂਸ ਕਲਾ, ਭਰਭੂਰ ਸਿੰਘ ਛੱਜਾਵਾਲ ਤੇ ਸਤਿਕਾਰ ਕਮੇਟੀ ਦੇ ਮੁਖੀ ਜਸਪ੍ਰੀਤ ਸਿੰਘ ਢੋਲ਼ਣ ਨੇ ਕਿਹਾ ਕਿ ਪੁਲਸ ਤੇ ਸਿਵਲ ਅਧਿਕਾਰੀਆਂ ਵੱਲੋਂ ਜਾਣਬੁੱਝ ਕੇ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦਿੱਲੀ ਦੇ ਆਦੇਸ਼ਾਂ ਦੀ ਤਾਮੀਲ਼ ਨਹੀਂ ਕੀਤੀ ਜਾ ਰਹੀ। ਉਨ੍ਹਾਂ ਕਿਹਾ ਕਿ ਅਧਿਕਾਰੀ ਸਾਜ਼ਿਸ਼ ਅਧੀਨ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕੌਮੀ ਕਮਿਸ਼ਨ ਦੇ ਆਦੇਸ਼ਾਂ ਅਨੁਸਾਰ ਇੱਕ ਪਰਿਵਾਰ ਦੀ ਪੀੜਤਾ ਸੁਰਿੰਦਰ ਕੌਰ ਨੂੰ ਰੂਲਾਂ ਮੁਤਾਬਿਕ ਪੈਨਸ਼ਨ ਦੇਣ ਤੇ ਪੀੜਤ ਪਰਿਵਾਰ ਦੇ ਇੱਕ ਮੈਂਬਰ ਨੂੰ ਤਰਸ ਦੇ ਅਧਾਰ 'ਤੇ ਨੌਕਰੀ ਦੇਣ ਤੇ ਦੂਜੇ ਪੀੜਤ ਪਰਿਵਾਰ ਮਨਪ੍ਰੀਤ ਕੌਰ ਦੇ ਬੇਟੇ ਨੂੰ ਤਰਸ ਦੇ ਅਧਾਰ 'ਤੇ ਨੌਕਰੀ ਦੇਣ ਤੋਂ ਇਲਾਵਾ ਦੋਵੇਂ ਪੀੜਤ ਪਰਿਵਾਰਾਂ ਦਾ ਲੰਘੇ 19 ਸਾਲਾਂ ਦੁਰਾਨ ਪੁਲਸ ਅੱਤਿਆਚਾਰ ਕਾਰਨ ਹੋਏ ਆਰਥਿਕ ਨੁਕਸਾਨ ਦਾ ਪੀ ਸੀ ਆਰ ਰੂਲ਼ਜ਼ (ਸੋਧਿਤ) 2016 ਤਹਿਤ ਸਰਵੇ ਕਰਵਾਉਣ ਦੀ ਮੰਗ ਦੁਹਰਾਈ ਹੈ।

# ਧਰਮ ਕੰਡਿਆਂ ਕਾਰਨ ਲੱਗਦੇ ਜਾਮਾਂ ਤੋਂ ਲੋਕ ਪ੍ਰੇਸ਼ਾਨ, ਪ੍ਰਸ਼ਾਸਨ ਚੁੱਪ

## ਮਸਲੇ ਦਾ ਜਲਦੀ ਹੱਲ ਕੱਢਿਆ ਤਾਂ ਅਣਮਿੱਥੇ ਸਮੇਂ ਲਈ ਧਰਨਾ ਦਿੱਤਾ ਜਾਵੇਗਾ : ਬੈਨੀਪਾਲ/ਸਵੈਚ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਖੰਨੇ ਤੋਂ ਮੰਡੀ ਗੋਬਿੰਦਗੜ੍ਹ ਨੂੰ ਜਾਂਦੇ ਪਿੰਡ ਅਲੋੜ ਤੋਂ ਅੱਗੇ ਪਿੰਡ ਭਾਦਲਾ ਤੋਂ ਖੇੜੀ ਨੌਧ ਸਿੰਘ ਨੂੰ ਜਾਣ ਵਾਲੀ ਸੜਕ ਰੇਲਵੇ ਓਵਰ ਬ੍ਰਿਜ ਤੋਂ ਪਹਿਲਾਂ ਸੜਕ ਦੇ ਦੋਨੋਂ ਕਿਨਾਰਿਆਂ ਉੱਪਰ 200 ਮੀਟਰ ਦੀ ਘੇਰੇ ਦੇ ਅੰਦਰ ਅੰਦਰ ਕਾਰੋਬਾਰਾਂ ਵੱਲੋਂ ਲਗਾਏ ਧਰਮ ਕੰਡਿਆਂ ਤੋਂ ਕੰਡਾ ਕਰਵਾਉਣ ਆਉਂਦੇ ਵੱਡੇ ਵੱਡੇ ਟਰੱਕਾਂ ਕਾਰਨ ਇੱਥੇ ਬਹੁਤ ਜ਼ਿਆਦਾ ਜਾਮ ਲਗਦਾ ਹੈ। ਦੱਸਣਯੋਗ ਹੈ ਕਿ ਕੰਡਾ ਕਰਵਾਉਣ ਆਏ ਇਹ ਟਰੱਕ ਸੜਕ ਦੇ ਦੋਨਾਂ ਕਿਨਾਰਿਆਂ ਉੱਪਰ ਘੰਟਿਆਂ ਬੱਧੀ ਖੜੇ ਰਹਿੰਦੇ ਹਨ। ਏਰੀਏ ਦੀ ਸੜਕ ਟੁੱਟ ਕੇ ਬਿਲਕੁਲ ਖਤਮ ਹੋ ਚੁੱਕੀ ਹੈ, ਜੇਕਰ ਬਰਸਾਤ ਆ ਜਾਵੇ ਤਾਂ ਜ਼ਿਆਦਾ ਚਿੱਕੜ ਹੋ ਜਾਂਦਾ ਹੈ, ਜੇਕਰ ਬਰਸਾਤ ਨਹੀਂ ਆਉਂਦੀ ਤਾਂ ਬਹੁਤ ਜ਼ਿਆਦਾ ਧੂੜ ਉਡਦੀ ਹੈ, ਜਿਸ ਕਾਰਨ ਦੋ ਪਹੀਏ ਵਾਲਿਆਂ ਦਿੱਕਤ ਆਉਂਦੀ ਹੈ। ਇਸ ਮਸਲੇ ਸੰਬੰਧੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਹਰਜਿੰਦਰ ਸਿੰਘ ਬੈਨੀਪਾਲ ਵੱਲੋਂ ਆਪਣੇ ਕਮੇਟੀ ਦੇ ਸਮੂਹ ਮੈਂਬਰਾਂ ਸਮੇਤ ਐੱਸ ਐੱਸ ਪੀ ਖੰਨਾ ਤੇ ਐੱਸ ਡੀ ਐੱਮ ਖੰਨਾ ਨੂੰ ਇੱਕ ਲਿਖਤੀ ਸ਼ਿਕਾਇਤ ਦਿੱਤੀ ਗਈ। ਇਸ ਤੋਂ ਇਲਾਵਾ ਡੀ ਸੀ ਫਤਿਹਗੜ੍ਹ ਸਾਹਿਬ ਤੇ ਐੱਸ ਐੱਸ ਪੀ ਫਤਹਿਗੜ੍ਹ ਸਾਹਿਬ ਨੂੰ ਵੀ ਇਸ ਦੀਆਂ ਕਾਪੀਆਂ ਰਜਿਸਟਰੀ ਕਰਵਾਈਆਂ ਗਈਆਂ, ਕਿਉਂਕਿ ਇਸ ਸੜਕ ਦਾ ਇੱਕ ਹਿੱਸਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਪੈਂਦਾ ਹੈ। ਇਸ ਸਬੰਧੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਐਸੋਸੀਏਸ਼ਨ ਦੇ ਪ੍ਰਧਾਨ ਰਜਿੰਦਰ ਸਿੰਘ ਬੈਨੀਪਾਲ ਤੇ ਜਨਰਲ ਸਕੱਤਰ ਦਲਜੀਤ ਸਿੰਘ ਸਵੈਚ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਨ੍ਹਾਂ ਚਾਰ-ਪੰਜ ਕਾਰੋਬਾਰੀਆਂ ਕਾਰਨ ਦੱਸ ਪਿੰਡਾਂ ਦੇ ਲੋਕ ਤੇ ਹੋਰ ਰਾਹਗੀਰ ਬਹੁਤ ਖੱਜਲ ਖੁਆਰ ਹੋ ਰਹੇ ਹਨ। ਇਸ ਤੋਂ ਇਲਾਵਾ ਐਮਰਜੈਂਸੀ ਸੇਵਾਵਾਂ ਸਕੂਲੀ ਬੱਚੇ ਡਿਊਟੀ 'ਤੇ ਜਾਣ ਵਾਲੇ ਮੁਲਾਜ਼ਮ ਇਸ ਮੁਸ਼ਕਲ ਕਾਰਨ ਬਹੁਤ ਪ੍ਰਭਾਵਿਤ ਹੋ ਰਹੇ ਹਨ। ਉਨ੍ਹਾਂ ਕਿਹਾ ਡੀ ਸੀ ਸਾਹਿਬ ਨੂੰ ਇਸ ਜਗ੍ਹਾ ਦਾ ਅਚਨਚੇਤ ਦੌਰਾ ਕਰਨਾ ਚਾਹੀਦਾ ਹੈ, ਤਾਂ ਕਿ ਉਨ੍ਹਾਂ ਨੂੰ ਪਤਾ ਲੱਗ ਸਕੇ ਕਿ ਇਸ ਇਲਾਕੇ ਦੇ ਲੋਕ ਕਿਸ ਮੁਸ਼ਕਲ ਵਿੱਚੋਂ ਗੁਜ਼ਰ ਰਹੇ ਹਨ। ਸੜਕ ਦੇ ਸਾਹਮਣੇ ਨੈਸ਼ਨਲ ਹਾਈਵੇ ਦੇ ਪੁਲ ਹੇਠਾਂ ਰਸਤੇ ਦੇ ਦੋਨੇ ਕਿਨਾਰੇ ਉੱਪਰ ਮੀਟ ਕੱਟਣ ਦੀਆਂ ਦੁਕਾਨਾਂ ਬਣੀਆਂ ਹੋਈਆਂ ਹਨ। ਇਸ ਤੋਂ ਇਲਾਵਾ ਟਰੱਕਾਂ ਵਾਲਿਆਂ ਨੇ ਇਸ ਪੁਲ ਹੇਠਾਂ ਪੱਕੇ ਤੌਰ 'ਤੇ ਆਪਣੀ ਪਾਰਕਿੰਗ ਬਣਾਈ ਹੋਈ ਹੈ। ਇਸ ਤੋਂ ਇਲਾਵਾ ਪਿੰਡ ਅਲੌੜ ਵਾਲੀ ਅੰਡਰ ਪੁਲੀ ਦੇ ਸਾਹਮਣੇ ਦਰਗਾਹ ਬਾਬਾ ਗੰਜੂ ਸ਼ਾਹ ਵਾਲੀ ਸੜਕ ਉੱਪਰ ਬਣੀਆਂ ਫੈਕਟਰੀਆਂ 'ਚੋਂ ਢੋਆ ਢੁਆਈ ਵਾਲੇ ਟਰੱਕ ਭਾਦੁਇ ਦੇ ਟੋਟੇ ਤੱਕ ਗਲਤ ਸਾਈਡ ਜਾਂਦੇ ਹਨ। ਇਸ ਦੇ ਨਾਲੇ ਬਣੇ ਦੋ ਧਰਮ ਕੰਡਿਆਂ ਉੱਪਰ ਕੰਡਾ ਕਰਵਾਉਣ ਆਏ ਟਰੱਕ ਸਰਵਿਸ ਰੋਡ ਉੱਪਰ ਖੜੇ ਹੁੰਦੇ ਹਨ, ਜਿਸ ਕਾਰਨ ਸਰਬ ਰੋਗ ਬਿਲਕੁਲ ਬੰਦ ਹੋ ਜਾਂਦਾ ਹੈ। ਕਿਸਾਨ ਆਗੂਆਂ ਨੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਤੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਕਿ ਇਸ ਮਸਲੇ ਦਾ ਹੱਲ ਜਲਦੀ ਤੋਂ ਜਲਦੀ ਕੱਢਿਆ ਜਾਵੇ। ਜੇਕਰ ਪ੍ਰਸਾਸਨ ਇਸ ਮਸਲੇ ਦਾ ਹੱਲ ਪੱਕੇ ਤੌਰ 'ਤੇ ਜਲਦੀ ਨਹੀਂ ਕੱਢਦਾ ਤਾਂ ਅਸੀਂ ਮਜਬੂਰ ਹੋ ਕੇ ਇਲਾਕੇ ਦੀਆਂ ਸੰਗਤਾਂ ਨੂੰ ਨਾਲ ਲੈ ਕੇ ਸਮੇਂ ਲਈ ਬੰਦ ਕਰਾਂਗੇ। ਇਸ ਸਮੇਂ ਉਨ੍ਹਾਂ ਨਾਲ ਸੁਖਵਿੰਦਰ ਸਿੰਘ, ਬੁੱਧ ਸਿੰਘ, ਰਜਿੰਦਰ ਸਿੰਘ, ਅਵਤਾਰ ਸਿੰਘ, ਰਛਪਾਲ ਸਿੰਘ, ਮੋਹਣ ਸਿੰਘ, ਜਗਜੀਤ ਸਿੰਘ, ਜਗਰੂਪ ਸਿੰਘ, ਡਾ. ਚਰਨਜੀਤ ਸਿੰਘ, ਬਲਜੀਤ ਸਿੰਘ, ਨਿਰਮਲ ਸਿੰਘ ਆਦਿ ਸ਼ਾਮਲ ਸਨ।

## ਕਾਤਰਾਂ

### ਝੰਡਾ ਯਾਤਰਾ ਕੱਢੀ

**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਸਥਾਨਕ ਰੇਲਵੇ ਰੋਡ ਸਥਿਤ ਸ਼ਕਤੀ ਮੰਦਰ ਸ੍ਰੀ ਮਨਨ ਧਾਮ ਟਰੱਸਟ ਵੱਲੋਂ ਮਾਤਾ ਰਾਣੀ ਦੀ ਝੰਡਾ ਯਾਤਰਾ ਕੱਢੀ ਗਈ। ਇਸ ਯਾਤਰਾ 'ਚ ਪੰਜਾਬ ਭਰ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਵੱਡੀ ਗਿਣਤੀ 'ਚ ਸ਼ਰਧਾਲੂ, ਜਿੱਥੇ ਝੰਡੇ ਲੈ ਕੇ ਸ਼ਾਮਲ ਹੋਏ, ਉੱਥੇ ਵੱਖ-ਵੱਖ ਸਿਆਸੀ, ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੇ ਆਗੂ ਵੀ ਯਾਤਰਾ 'ਚ ਸ਼ਾਮਲ ਹੋਏ ਤੇ ਮਾਤਾ ਰਾਣੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

### ਯੂਨੀਵਰਸਿਟੀ ਕਾਲਜ ਬੇਨੜਾ ਦੇ ਕਾਮਰਸ ਵਿਭਾਗ ਦਾ ਨਤੀਜਾ ਰਿਹਾ ਸ਼ਾਨਦਾਰ



**ਧੂਰੀ (ਬਿੰਨੀ ਗਰਗ)**-ਯੂਨੀਵਰਸਿਟੀ ਕਾਲਜ ਬੇਨੜਾ ਦੇ ਕਾਮਰਸ ਵਿਭਾਗ ਦੇ ਬੀ. ਕਾਮ ਭਾਗ ਤੀਜਾ ਦੇ ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਹਾਲ ਹੀ ਵਿੱਚ ਐਲਾਨੇ ਨਤੀਜੇ 'ਚ ਸ਼ਾਨਦਾਰ ਅੰਕ ਹਾਸਲ ਕੀਤੇ ਹਨ। ਕਾਮਰਸ ਵਿਭਾਗ ਦੇ ਕੋਆਰਡੀਨੇਟਰ ਡਾ. ਹਰਵਿੰਦਰ ਸਿੰਘ ਨੇ ਕਿਹਾ ਕਿ ਕਾਲਜ ਪ੍ਰਿੰਸੀਪਲ ਡਾ. ਪਰਮਜੀਤ ਕੌਰ ਵੱਲੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਗਈ ਤੇ ਭਵਿੱਖ 'ਚ ਵੀ ਇਸੇ ਤਰ੍ਹਾਂ ਦੀ ਕਾਰਗੁਜ਼ਾਰੀ ਦੀ ਆਸ ਕੀਤੀ। ਇਸ ਤੋਂ ਇਲਾਵਾ ਕਾਮਰਸ ਵਿਭਾਗ ਦੇ ਸਮੂਹ ਅਧਿਆਪਕਾਂ ਨੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ 'ਤੇ ਖ਼ੁਸ਼ੀ ਪ੍ਰਗਟ ਕੀਤੀ। ਨਤੀਜਿਆਂ ਵਿੱਚ ਕੋਮਲ ਗਰਗ, ਨੰਦਨ ਰਾਜਪਾਲ ਅਤੇ ਸੋਨੀਆ ਨੇ ਕ੍ਰਮਵਾਰ 84.45%, 83.12% ਤੇ 82.61% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।

### ਪ੍ਰੀਤਮ ਸਿੰਘ ਮੰਡੇਰ ਦਾ ਸਸਕਾਰ ਅੱਜ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਭਾਰਤੀ ਕਿਸਾਨ ਯੂਨੀਅਨ (ਅਜ਼ਾਦ) ਵੱਲੋਂ 16 ਜਥੇਬੰਦੀਆਂ ਦੇ ਤਾਲਮੇਲ ਕੇਂਦਰ ਦੇ ਸੱਦੇ ਤਹਿਤ ਲੌਂਗੋਵਾਲ ਵਿਖੇ ਪੁਲਸ ਵਿਚਕਾਰ ਚੱਲ ਰਹੇ ਸੰਘਰਸ਼ ਦੌਰਾਨ ਕਿਸਾਨ ਯੂਨੀਅਨ ਦੇ ਆਗੂ ਸ਼ਹੀਦ ਪ੍ਰੀਤਮ ਸਿੰਘ ਪਿੰਡ ਮੰਡੇਰ ਕਲਾਂ ਇਸ ਸੰਘਰਸ਼ ਦੌਰਾਨ ਆਪਣੀ ਸ਼ਹੀਦੀ ਪਾ ਗਏ। ਇਸ ਆਗੂ ਦਾ ਸਸਕਾਰ 25 ਅਗਸਤ ਨੂੰ ਸ਼ਾਮ 4 ਵਜੇ ਉਨ੍ਹਾਂ ਦੇ ਜੱਦੀ ਪਿੰਡ ਮੰਡੇਰ ਕਲਾਂ ਵਿੱਚ ਹੋਵੇਗਾ।

### ਬਾਬਾ ਭਾਈ ਮੂਲ ਚੰਦ ਦੀ ਸਮਾਧ 'ਤੇ ਝੰਡੀ ਭਲਕੇ

**ਦਿੜ੍ਹਬਾ (ਜਸਵੀਰ ਲਾਡੀ)**-ਦਿੜ੍ਹਬਾ ਹਲਕੇ ਦੇ ਸਭ ਤੋਂ ਵੱਡੇ ਪਿੰਡ ਛਾਜਲੀ ਵਿਖੇ ਹਰ ਸਾਲ ਦੀ ਤਰ੍ਹਾਂ ਦਸਵੀਂ ਤੇ ਪਿੰਡ ਦੇ ਨਗਰ ਖੇੜਾ ਬਾਬਾ ਭਾਈ ਮੂਲ ਚੰਦ ਦੀ ਸਮਾਧ 'ਤੇ ਇਸ ਵਾਰ ਵੀ 26 ਅਗਸਤ ਨੂੰ ਧੱਜ (ਝੰਡੀ) ਚੜ੍ਹਾਉਣ ਦੀ ਰਸਮ ਪਿੰਡ ਦੇ ਨੰਬਰਦਾਰ ਵੱਲੋਂ ਚੜ੍ਹਾਈ ਜਾਵੇਗੀ। ਇਸੇ ਦਿਨ ਕੁੜੀਆਂ ਵੱਲੋਂ ਤੀਆਂ ਦੀ ਬੱਲੋ ਪਾ ਕੇ ਤੀਆਂ ਦੀ ਸਮਾਪਤੀ ਕੀਤੀ ਜਾਂਦੀ ਹੈ। ਕਲੱਬ ਆਗੂ ਹਰਬੰਸ ਸਿੰਘ ਸੂਚ ਨੇ ਕਿਹਾ ਕਿ ਕੁਸ਼ਤੀਆਂ ਇਸ ਮੇਲੇ ਵਿੱਚ ਪਹਿਲਾਂ ਵੀ ਹੁੰਦੀਆਂ ਸਨ, ਪਰ ਪਿਛਲੇ ਕਈ ਸਾਲਾਂ ਤੋਂ ਬੰਦ ਹੋ ਗਈਆਂ ਸਨ, ਜੋ ਇਸ ਵਾਰ ਕਲੱਬ ਵੱਲੋਂ ਉਸ ਰਵਾਇਤ ਨੂੰ ਜਾਰੀ ਰੱਖਦਿਆਂ ਕੁਸ਼ਤੀਆਂ ਕਰਾਉਣ ਦਾ ਫੈਸਲਾ ਕੀਤਾ ਗਿਆ ਤੇ ਉਨ੍ਹਾਂ ਨੇ ਪਹਿਲਵਾਨਾਂ ਨੂੰ ਇਸ ਕੁਸ਼ਤੀ ਦੰਗਲ ਵਿੱਚ ਪਹੁੰਚਣ ਅਪੀਲ ਕੀਤੀ ਹੈ।

# ਹੜ੍ਹਾਂ ਦਾ ਸਾਹਮਣਾ ਕਰ ਰਹੇ ਲੋਕ ਬਿਜਲੀ ਕੱਟਾਂ ਤੋਂ ਪ੍ਰੇਸ਼ਾਨ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**

ਇੱਕ ਪਾਸੇ ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਦੇ ਲੋਕ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਤੇ ਦੂਜੇ ਪਾਸੇ ਪ੍ਰਸ਼ਾਸਨ ਦੇ ਹੁਕਮਾਂ 'ਤੇ ਘੰਟਿਆਂ ਬੱਧੀ ਲਗਾਏ ਜਾ ਰਹੇ ਬਿਜਲੀ ਦੇ ਕੱਟਾਂ ਤੋਂ ਪ੍ਰੇਸ਼ਾਨ ਹਨ। ਇਨ੍ਹਾਂ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਿਛਲੇ ਦੋ ਦਿਨਾਂ ਤੋਂ 10-12 ਘੰਟੇ ਬਿਜਲੀ ਕੱਟੀ ਜਾ ਰਹੀ ਹੈ, ਜਿਸ ਕਾਰਨ ਪਹਿਲਾਂ ਹੀ ਸਮੱਸਿਆਵਾਂ ਵਿੱਚ ਘਿਰੇ ਲੋਕਾਂ ਦੀਆਂ ਮੁਸ਼ਕਲਾਂ ਹੋਰ ਵੀ ਵੱਧ ਗਈਆਂ ਹਨ, ਜਿਸ ਕਾਰਨ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਪਿੰਡ ਰਾਮ ਸਿੰਘ ਭੈਣੀ ਤੇ ਆਸ-ਪਾਸ ਦੇ ਪਿੰਡਾਂ ਦੇ ਲੋਕ ਪਿਛਲੇ ਦੋ ਦਿਨਾਂ ਤੋਂ ਬਿਜਲੀ ਦੇ ਕੱਟ ਨੂੰ ਲੈ ਕੇ ਪ੍ਰਸ਼ਾਸਨ ਤੇ ਸਰਕਾਰ ਖਿਲਾਫ ਰੋਸ ਪਾਇਆ ਜਾ ਰਿਹਾ ਹੈ। ਰੋਹ ਦਾ ਪ੍ਰਗਟਾਵਾ ਕਰਦਿਆਂ ਪਿੰਡ ਵਾਸੀ ਸੁਖਵਿੰਦਰ ਸਿੰਘ, ਸਵਰਨਾ ਰਾਣੀ, ਬਲਬੀਰੋ ਬਾਈ ਤੇ ਹੋਰਨਾਂ ਨੇ ਕਿਹਾ ਕਿ ਇੱਕ ਪਾਸੇ ਤਾਂ ਉਨ੍ਹਾਂ ਦੇ ਪਿੰਡਾਂ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ ਤੇ ਦੂਜੇ ਪਾਸੇ ਪ੍ਰਸ਼ਾਸਨ ਦੇ ਹੁਕਮਾਂ 'ਤੇ ਇੱਥੋਂ ਦੇ ਪਿੰਡਾਂ ਵਿੱਚ ਬਿਜਲੀ ਦੇ ਵੱਡੇ ਵੱਡੇ ਕੱਟ ਲਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਮੰਗਲਵਾਰ ਸਵੇਰੇ ਕਰੀਬ 9.30 ਵਜੇ ਬਿਜਲੀ ਦਾ ਕੱਟ ਲਗਾ ਦਿੱਤਾ ਗਿਆ, ਜਿਸ ਤੋਂ ਬਾਅਦ ਰਾਤ 8 ਵਜੇ ਤੋਂ ਬਾਅਦ ਬਿਜਲੀ ਆਈ। ਇਸ ਤੋਂ ਬਾਅਦ ਅਗਲੇ ਦਿਨ ਵੀ ਸਵੇਰੇ 10 ਵਜੇ ਦੇ ਕਰੀਬ ਅਜਿਹਾ ਹੀ ਬਿਜਲੀ ਕੱਟ ਲੱਗਾ, ਜੋ ਇਸੇ ਤਰ੍ਹਾਂ ਦਿਨ ਭਰ ਜਾਰੀ ਰਿਹਾ। ਉਨ੍ਹਾਂ ਦੱਸਿਆ ਕਿ ਕਈ ਵਾਰ ਉਨ੍ਹਾਂ ਦੇ ਪਿੰਡ 'ਚ ਰਾਤ ਦੇ 11 ਵਜੇ ਬਿਜਲੀ ਆਉਂਦੀ ਹੈ, ਜਿਸ ਕਾਰਨ ਉਨ੍ਹਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਹੜ੍ਹਾਂ ਦੇ ਪਾਣੀ ਵਿੱਚ ਮੱਛਰ ਆਦਿ ਪਲ ਰਹੇ ਹਨ, ਜਿਸ ਕਾਰਨ ਉਨ੍ਹਾਂ ਵਿੱਚ ਕਈ ਬਿਮਾਰੀਆਂ ਫੈਲ ਰਹੀਆਂ ਹਨ, ਦੂਜੇ ਪਾਸੇ ਬਿਜਲੀ ਗੁੱਲ ਹੋਣ ਕਾਰਨ ਲੋਕ ਗਰਮੀ ਕਾਰਨ ਬਿਮਾਰ ਵੀ ਹੋ ਰਹੇ ਹਨ। ਇਸ ਗਰਮੀ ਕਾਰਨ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਬੱਚਿਆਂ ਦੀ ਜਾਨ ਦਾਅ 'ਤੇ ਲੱਗੀ ਹੋਈ ਹੈ, ਪਰ ਪ੍ਰਸ਼ਾਸਨ ਅਧਿਕਾਰੀਆਂ ਨੂੰ ਉਨ੍ਹਾਂ ਦੀ ਕੋਈ ਪ੍ਰਵਾਹ ਨਹੀਂ ਹੈ।

## 'ਐਕਸਪਰਟ' ਨੇ ਲਵਾਇਆ ਕੈਨੇਡਾ ਦਾ ਵਿਜ਼ਟਰ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੋਗਾ ਰੋਡ 'ਤੇ ਸੰਸਥਾ ਐਕਸਪਰਟ ਇੰਮੀਗ੍ਰੇਸ਼ਨ ਐਂਡ ਐਜੂਕੇਸ਼ਨ ਸਰਵਿਸ ਵੱਲੋਂ ਰਘੂਵੀਰ ਚੰਦ ਪੁੱਤਰ ਅਨੰਤ ਰਾਮ ਨਿਵਾਸੀ ਸ਼੍ਰੀ ਮੁਕਤਸਰ ਸਾਹਿਬ ਦਾ ਕੈਨੇਡਾ ਦਾ ਵਿਜ਼ਟਰ ਵੀਜ਼ਾ ਸਿਰਫ ਇਕ ਹਫਤੇ 'ਚ ਲਗਵਾ ਕੇ ਦਿੱਤਾ। ਇਸ ਮੌਕੇ ਦੇਵਾਂਸ਼ ਗੋਇਲ ਨੇ ਕਿਹਾ ਕਿ ਸੰਸਥਾ ਵੱਲੋਂ ਸਟੱਡੀ ਵੀਜ਼ਾ, ਵਿਜ਼ਟਰ ਵੀਜ਼ਾ, ਓਪਨ ਵਰਕ ਪਰਮਿਟ ਤੇ ਸੁਪਰ ਵੀਜ਼ਾ ਅਤੇ ਯੂ ਕੇ ਵਰਕ ਪਰਮਿਟ ਵੀਜ਼ਾ ਵੀ ਲਗਾਇਆ ਜਾਂਦਾ ਹੈ। ਇਸ ਮੌਕੇ ਦੇਵਾਂਸ਼ ਗੋਇਲ ਨੇ ਵੀਜ਼ਾ ਦੇ ਕੇ ਵਧਾਈ ਦਿੱਤੀ।

### ਜਸਪ੍ਰੀਤ ਕੌਰ ਨੇ ਓਵਰਆਲ 7 ਸਕੋਰ ਲਏ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਕੋਟਕਪੂਰਾ ਰੋਡ 'ਤੇ ਸਥਿਤ ਸੰਸਥਾ ਮਾਈਵੇਅ ਆਈਲਟਸ ਤੇ ਇਮੀਗ੍ਰੇਸ਼ਨ ਦੇ ਡਾਇਰੈਕਟਰ ਜਸਕਰਨ ਬਰਾੜ ਤੇ ਐੱਮ. ਡੀ. ਕਰਨ ਢਿੱਲੋਂ ਨੇ ਕਿਹਾ ਕਿ ਸੰਸਥਾ ਵੱਲੋਂ ਇਸ ਵਾਰ ਜਸਪ੍ਰੀਤ ਕੌਰ ਪੁੱਤਰੀ ਸੁਖਦੀਪ ਸਿੰਘ ਨੇ ਆਈਲਟਸ 'ਚੋਂ ਓਵਰਆਲ 7 ਸਕੋਰ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ ਤੇ ਸੰਸਥਾ ਦਾ ਨਾਮ ਰੋਸ਼ਨ ਕੀਤਾ। ਇਸ ਮੌਕੇ ਸੰਸਥਾ ਦੇ ਸਟਾਫ ਨੇ ਪ੍ਰਮਾਣ ਪੱਤਰ ਦੇ ਕੇ ਵਧਾਈ ਦਿੱਤੀ। ਡਾਇਰੈਕਟਰ ਜਸਕਰਨ ਬਰਾੜ ਤੇ ਐੱਮ.ਡੀ. ਕਰਨ ਢਿੱਲੋਂ ਨੇ ਆਖਿਆ ਕਿ ਸੈਂਟਰ ਵੱਲੋਂ ਵੀਜ਼ਾ ਪਾਰਦਰਸ਼ੀ ਤੇ ਕਾਨੂੰਨੀ ਢੰਗ ਨਾਲ ਲਗਵਾਏ ਜਾਂਦੇ ਹਨ।

# ਪੰਜਾਬ ਦਾ ਸਭ ਤੋਂ ਵੱਧ ਵਿਕਾਸ ਸ਼੍ਰੋਮਣੀ ਅਕਾਲੀ ਦਲ ਦੇ ਰਾਜ 'ਚ ਹੋਇਆ : ਸੁਖਬੀਰ ਬਾਦਲ

## ਸ਼੍ਰੋਮਣੀ ਅਕਾਲੀ ਦਲ ਨੇ ਕਿਸਾਨਾਂ ਨੂੰ ਮੁਆਵਜ਼ਾ ਦਿਵਾਉਣ ਲਈ ਦਿੱਤਾ ਧਰਨਾ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਪੰਜਾਬ ਸਰਕਾਰ ਨਸ਼ਾ ਰੋਕਣ ਵਿੱਚ ਨਾਕਾਮ ਰਹਿਣ ਤੇ ਪੰਜਾਬ ਦੇ ਕਿਸਾਨਾਂ ਨੂੰ ਹੜ੍ਹਾਂ ਦਾ ਮੁਆਵਜ਼ਾ ਦਿਵਾਉਣ ਲਈ ਸਾਬਕਾ ਵਿਧਾਇਕ ਦਿਲਰਾਜ ਸਿੰਘ ਭੂੰਦੜ ਦੀ ਅਗਵਾਈ ਵਿੱਚ ਅਨਾਜ ਮੰਡੀ ਵਿਖੇ ਧਰਨਾ ਦਿੱਤਾ ਗਿਆ। ਇਸ ਧਰਨੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਕੇਂਦਰੀ ਮੰਤਰੀ ਤੇ ਬਠਿੰਡਾ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਧਰਨੇ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਝੂਠ ਬੋਲ ਕੇ ਸਰਕਾਰ ਬਣਾਈ ਹੈ, ਪੰਜਾਬ ਦੇ ਲੋਕਾਂ ਨਾਲ ਕੀਤਾ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ, ਸਿਰਫ ਅਖਬਾਰਾਂ ਵਿੱਚ ਫੋਟੋ ਲਗਾਉਣ ਤੋਂ ਬਗੈਰ ਇਸ ਸਰਕਾਰ ਨੇ ਕੁਝ ਵੀ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦੂਸਰੇ ਸੂਬਿਆਂ ਵਿੱਚ ਪਾਰਟੀ ਦਾ ਪ੍ਰਚਾਰ ਕਰਨ ਲਈ 750 ਕਰੋੜ ਰੁਪਏ ਇਸ਼ਤਿਹਾਰ 'ਤੇ ਖਰਚ ਦਿੱਤਾ, ਜਦਕਿ ਕਿਸਾਨਾਂ ਨੂੰ ਹੜ੍ਹਾਂ ਲਈ ਸਿਰਫ 186 ਕਰੋੜ ਦੇਣ ਦਾ ਐਲਾਨ ਕੀਤਾ ਹੈ। ਪੰਜਾਬ ਵਿੱਚ ਕਿਸਾਨਾਂ ਦਾ ਫਿਰ ਤੋਂ ਨੁਕਸਾਨ ਹੋ ਗਿਆ ਹੈ। ਬਾਦਲ ਨੇ ਕਿਹਾ ਕਿ ਪੰਜਾਬ ਦਾ ਵਿਕਾਸ ਹਮੇਸ਼ਾ ਹੀ ਅਕਾਲੀ ਦਲ ਵੱਲੋਂ ਕੀਤਾ ਗਿਆ ਹੈ।

ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਬੀਬਾ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ ਡੁੱਬ ਰਿਹਾ ਸੀ ਤੇ ਭਗਵੰਤ ਮਾਨ ਕਰਨਾਟਕ ਘੁੰਮ ਰਿਹਾ ਸੀ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਕਹਿੰਦਾ ਸੀ ਕਿ ਮੈਂ ਨਸ਼ਾ 3 ਮਹੀਨਿਆਂ ਵਿੱਚ ਬੰਦ ਕਰ ਦੇਵਾਂਗਾ, ਪ੍ਰੰਤੂ ਪੰਜਾਬ 'ਚ ਨਸ਼ਾ 10 ਗੁਣਾਂ ਵਧ ਗਿਆ ਹੈ।

ਇਸ ਧਰਨੇ ਨੂੰ ਸਾਬਕਾ ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ, ਦਿਲਰਾਜ ਸਿੰਘ ਭੂੰਦੜ, ਪ੍ਰੇਮ ਅਰੋੜਾ ਹਲਕਾ ਇੰਚਾਰਜ ਮਾਨਸਾ, ਡਾ. ਨਿਸ਼ਾਨ ਸਿੰਘ ਹਲਕਾ ਇੰਚਾਰਜ ਬੁਢਲਾਡਾ, ਗੁਰਮੇਲ ਸਿੰਘ ਫਫੜੇ ਜ਼ਿਲਾ ਪ੍ਰਧਾਨ, ਸੁਰਜੀਤ ਸਿੰਘ ਰਾਏਪੁਰ, ਗੁਰਪ੍ਰੀਤ ਸਿੰਘ ਝੱਬਰ ਮੈਂਬਰ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ, ਪ੍ਰੇਮ ਕੁਮਾਰ ਨੱਥੂ ਤੇ ਹੇਮੰਤ ਸਿੰਘ ਹਨੀ ਆਦਿ ਨੇ ਵੀ ਸੰਬੋਧਨ ਕੀਤਾ।

# ਐਡਵੋਕੇਟ ਅਜੀਤ ਵਰਮਾ ਪੰਜਾਬ ਕਾਂਗਰਸ ਕਮੇਟੀ ਦੇ ਜ਼ਿਲ੍ਹਾ ਜਨਰਲ ਸਕੱਤਰ ਨਿਯੁਕਤ



**ਕੋਟਕਪੂਰਾ/ਧਰਮਕੋਟ (ਰਛਪਾਲ ਭੁੱਲਰ/ਗੁਰਦੀਪ ਭੁੱਲਰ)**-ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਵੱਲੋਂ ਜਾਰੀ ਕੀਤੀ ਗਈ ਮੋਗਾ ਜ਼ਿਲ੍ਹੇ ਦੀ ਸੂਚੀ ਮੁਤਾਬਿਕ ਸ਼ਹਿਰ ਦੀ ਜਾਣੀ ਪਹਿਚਾਣੀ ਸ਼ਖ਼ਸੀਅਤ, ਸਮਾਜਸੇਵੀ, ਉਪਭੋਗਤਾ ਅਧਿਕਾਰ ਸੰਗਠਨ ਦੇ ਜ਼ਿਲ੍ਹਾ ਪ੍ਰਧਾਨ ਲੀਗਲ ਸੈੱਲ ਤੇ ਪ੍ਰਜਾਪਤ ਸਮਾਜ ਦੇ ਆਗੂ ਅਜੀਤ ਵਰਮਾ ਐਡਵੋਕੇਟ ਨੂੰ ਉਨ੍ਹਾਂ ਦੀ ਕਾਂਗਰਸ ਪਾਰਟੀ ਦੀਆਂ ਗਤੀਵਿਧੀਆਂ ਨੂੰ ਦੇਖਦੇ ਹੋਏ ਕਾਂਗਰਸ ਪਾਰਟੀ ਦਾ ਜ਼ਿਲ੍ਹਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਇਸ ਮੌਕੇ ਪ੍ਰਜਾਪਤ ਸਮਾਜ ਦੇ ਸੀਨੀਅਰ ਮੈਂਬਰ ਜੈ ਚੰਦ ਬੇਵਾਲ ਤੇ ਹੰਸਰਾਜ ਨੇ ਕਿਹਾ ਕਿ ਸਾਰੇ ਹੀ ਪ੍ਰਜਾਪਤ ਸਮਾਜ ਲਈ ਬੜੇ ਹੀ ਮਾਣ ਦੀ ਗੱਲ ਹੈ ਕਿ ਕਾਂਗਰਸ ਪਾਰਟੀ ਵੱਲੋਂ ਸਾਡੇ ਮੈਂਬਰ ਨੂੰ ਅਹੁਦੇਦਾਰੀ ਤੋਂ ਨਿਵਾਜਿਆ।

ਇਸ ਮੌਕੇ ਅਜੀਤ ਵਰਮਾ ਐਡਵੋਕੇਟ ਨੇ ਕਿਹਾ ਕਿ ਮੈਂ ਸਾਰੇ ਹੀ ਸਤਿਕਾਰ ਯੋਗ ਪੰਜਾਬ ਕਾਂਗਰਸ ਪਾਰਟੀ ਦੇ ਹਾਈਕਮਾਨ ਦਾ ਧੰਨਵਾਦੀ ਹਾਂ। ਵਿਸ਼ੇਸ ਤੌਰ 'ਤੇ ਧੰਨਵਾਦੀ ਹਾਂ ਮੋਗੇ ਹਲਕੇ ਦੇ ਇੰਚਾਰਜ ਤੇ ਹਰਮਨ ਪਿਆਰੇ ਲੀਡਰ ਮਾਲਵਿਕਾ ਸੂਦ ਦਾ, ਜਿਨ੍ਹਾਂ ਨੇ ਮਾਣ ਬਖਸ਼ਿਆ। ਉਨ੍ਹਾਂ ਕਿਹਾ ਕਿ ਹਾਈ ਕਮਾਨ ਵੱਲੋਂ ਮੈਨੂੰ ਜੋ ਜ਼ੁੰਮੇਵਾਰੀ ਦਿੱਤੀ ਗਈ ਹੈ, ਉਸ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗਾ ਅਤੇ ਕਾਂਗਰਸ ਪਾਰਟੀ ਦੀ ਪ੍ਰਗਤੀ ਤੇ ਕਾਮਯਾਬੀ ਲਈ ਵਚਨਬੱਧ ਹਾਂ। ਇਸ ਮੌਕੇ ਅਜੀਤ ਵਰਮਾ ਨਾਲ ਵਕੀਲ ਸਾਥੀ ਆਸ਼ੀਸ਼ ਗਰੋਵਰ ਐਡਵੋਕੇਟ, ਤੇਜਿੰਦਰ ਕੁਮਾਰ ਦੌਧਰ ਐਡਵੋਕੇਟ, ਲਖਵਿੰਦਰ ਸਿੰਘ ਗਿੱਲ ਐਡਵੋਕੇਟ, ਨਸੀਬ ਸਿੰਘ ਸਿੱਧੂ ਐਡਵੋਕੇਟ ਤੇ ਪਵਨਦੀਪ ਸਿੰਘ ਐਡਵੋਕੇਟ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਪੁਲਸ ਵੱਲੋਂ ਬਲੈਕਮੇਲ ਕਰਕੇ ਲੁੱਟ-ਖੋਹ ਕਰਨ ਵਾਲਾ ਗਰੋਹ ਕਾਬੂ



**ਮੋਗਾ (ਅਮਰਜੀਤ ਬੱਬਰੀ)**

ਸੀਨੀਅਰ ਕਪਤਾਨ ਪੁਲਸ ਸ਼੍ਰੀ ਜੇ. ਇਲਨਚੇਲੀਅਨ (ਆਈ.ਪੀ.ਐਸ) ਦੀ ਹਦਾਇਤ ਉੱਪਰ ਸ਼੍ਰੀ ਮਨਜੀਤ ਸਿੰਘ ਡੀ.ਐਸ.ਪੀ ਨਿਹਾਲ ਸਿੰਘ ਵਾਲਾ ਦੀ ਅਗਵਾਈ ਵਿੱਚ ਐਸ.ਆਈ ਜਸਵੀਰ ਸਿੰਘ ਮੁੱਖ ਅਫ਼ਸਰ ਥਾਣਾ ਨਿਹਾਲ ਸਿੰਘ ਵਾਲਾ, ਏ.ਐਸ.ਆਈ. ਜਸਵੰਤ ਸਿੰਘ, ਚੌਂਕੀ ਇੰਚਾਰਜ ਬਿਲਾਸਪੁਰ ਨੂੰ ਮੁਖ਼ਬਰ ਖਾਸ ਨੇ ਇਤਲਾਹ ਦਿੱਤੀ ਕਿ ਇੱਕ ਗੈਂਗ ਲੜਕੀਆ ਦੀ ਮੱਦਦ ਨਾਲ ਰਾਹਗੀਰਾਂ ਨਾਲ ਲਿਫਟ ਲੈਣ ਬਹਾਨੇ ਪੈਸੇ ਦੀ ਲੁੱਟ ਖੋਹ ਕਰਦਾ ਹੈ।

ਇਸ ਤਹਿਤ ਥਾਣਾ ਨਿਹਾਲ ਸਿੰਘ ਵਾਲਾ ਵਿੱਚ ਮੁਕੱਦਮਾ ਦਰਜ ਕੀਤਾ ਗਿਆ ਤੇ ਮੁਕੱਦਮੇ ਦੀ ਤਫ਼ਤੀਸ਼ ਦੌਰਾਨ 22 ਅਗਸਤ ਨੂੰ 8 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਪੁੱਛਗਿੱਛ ਕੀਤੀ ਗਈ, ਜਿਨ੍ਹਾਂ ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਉਨ੍ਹਾਂ ਕੁਝ ਦਿਨ ਪਹਿਲਾਂ ਮਿਲ ਕੇ ਪਲਾਨ ਬਣਾ ਕਿ ਸੁਖਵਿੰਦਰ ਕੌਰ ਉਰਫ਼ ਸੁੱਖੀ ਨੂੰ ਬੱਸ ਸਟੈਂਡ ਹਿੰਮਤਪੁਰਾ ਉਤਾਰ ਦਿੱਤਾ ਸੀ ਅਤੇ ਬਾਕੀ ਜਣੇ ਸਾਇਡ ਉੱਪਰ ਖੜੇ ਹੋ ਗਏ ਸਨ। ਜਦ ਸੁਖਵਿੰਦਰ ਸਿੰਘ ਉਰਫ਼ ਸੁੱਖੀ ਨੇ ਇੱਕ ਵਿਅਕਤੀ ਪਾਸੋਂ ਉਸਦੀ ਗੱਡੀ ਰੁਕਵਾ ਕੇ ਨਿਹਾਲ ਸਿੰਘ ਵਾਲਾ ਜਾਣ ਵਾਸਤੇ ਲਿਫਟ ਮੰਗੀ ਤਾਂ ਸੁਖਵਿੰਦਰ ਕੌਰ ਉਸਦੀ ਗੱਡੀ ਵਿੱਚ ਬੈਠ ਗਈ ਅਤੇ ਇਹ ਬਾਕੀ ਸਾਰੇ ਜਣੇ ਇਕਦਮ ਆਪਣੀ ਗੱਡੀ ਅਲਟੋ ਵਿੱਚ ਬੈਠ ਕੇ ਉਸ ਵਿਅਕਤੀ ਦੀ ਗੱਡੀ ਦੇ ਮੂਹਰੇ ਰੋਕ ਲਈ ਤਾਂ ਸਾਰੇ ਜਣੇ ਗੱਡੀ ਵਿੱਚੋਂ ਉਤਰ ਕੇ ਉਸ ਵਿਅਕਤੀ ਪਾਸੋਂ ਸੁਖਵਿੰਦਰ ਕੌਰ ਨੂੰ ਗੱਡੀ ਵਿੱਚ ਬਠਾਉਣ ਬਾਰੇ ਪੁੱਛਿਆ ਤਾ ਉਹ ਬੰਦਾ ਘਬਰਾ ਗਿਆ, ਜਿਸ ਨੂੰ ਇਨ੍ਹਾਂ ਨੇ ਉਸ ਦਾ ਨਾਂਅ, ਪਤਾ ਪੁੱਛਿਆ, ਜਿਸਨੇ ਆਪਣਾ ਨਾਂਅ ਸੁਰਿੰਦਰਪਾਲ ਸਿੰਘ ਵਾਸੀ ਫ਼ਿਰੋਜ਼ਪੁਰ ਦੱਸਿਆ, ਜਿਸ ਨੂੰ ਦੋਸ਼ੀਆਂ ਵੱਲੋਂ ਡਰਾ ਧਮਕਾ ਕੇ ਮੁਹੰਮਦ ਯੂਨਿਸ ਖਾਨ ਪੁੱਤਰ ਮੁਨਸ਼ੀ ਖ਼ਾਨ ਵਾਸੀ ਰੂੜਕੇ ਕਲਾਂ ਦੇ ਖਾਤੇ ਵਿੱਚ ਦੋ ਐਂਟਰੀਆਂ 50-50 ਹਜ਼ਾਰ ਰੁਪਏ ਖਾਤੇ ਵਿੱਚ ਗੂਗਲ ਪੇਅ ਰਾਹੀਂ ਕਰਾ ਲਏ ਅਤੇ ਏ.ਟੀ.ਐਮ ਰਾਹੀ ਅਤੇ ਕੁਝ ਨਕਦੀ ਕੁੱਲ 2 ਲੱਖ 75 ਹਜ਼ਾਰ ਰੁਪਏ ਲੈ ਲਏ ਤੇ ਉਸ ਨੂੰ ਮੌਕੇ 'ਤੇ ਹੀ ਡਰਾ ਧਮਕਾ ਕੇ ਭਜਾ ਦਿੱਤਾ। ਮੁਕੱਦਮੇ ਵਿੱਚ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਵੱਖ-ਵੱਖ ਬਰਾਮਦਗੀ ਕੀਤੀ ਗਈ ਹੈ, ਜਿਸ ਵਿੱਚ 1 ਲੱਖ 85 ਹਜ਼ਾਰ ਰੁਪਏ, ਇੱਕ ਅਲਟੋ ਕਾਰ ਪੀ.ਬੀ. 11 ਏ.ਐਲ. 8555, 1 ਰਿਵਾਲਵਰ 32 ਬੋਰ, ਸਮੇਤ 2 ਰੌਂਦ 32 ਬੋਰ, 1 ਰਾਈਫ਼ਲ 12 ਬੋਰਡ, ਇੱਕ ਮੋਟਰਸਾਈਕਲ ਸੀ.ਡੀ. ਡੀਲਕਸ ਨੰਬਰ ਪੀ.ਬੀ. 03 ਬੀ.ਈ. 5174 ਸ਼ਾਮਲ ਹਨ। ਦੋਸ਼ੀਆਂ ਖਿਲਾਫ਼ ਮੁਕੱਦਮਾ ਅਸਲਾ ਐਕਟ ਤਹਿਤ ਦਰਜ ਕੀਤਾ ਗਿਆ ਹੈ। ਗ੍ਰਿਫ਼ਤਾਰ ਦੋਸ਼ੀਆਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਹੋਰ ਪੁੱਛਗਿੱਛ ਕੀਤੀ ਜਾਵੇਗੀ।

# ਸਕੂਲ ਬੰਦ ਕਰਨ ਦੇ ਫ਼ੈਸਲੇ ਤੋਂ ਨਿੱਜੀ ਸਕੂਲ ਖ਼ਫ਼ਾ

## ਆਂਗਣਵਾੜੀ, ਮੈਰੀਟੋਰੀਅਸ ਸਕੂਲ-ਕਾਲਜ ਖੁੱਲ੍ਹੇ, ਸਕੂਲ ਬੰਦ ਕਿਉਂ ?

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ਼ ਪੰਜਾਬ ਦੇ ਸੂਬਾ ਪ੍ਰਧਾਨ ਡਾ. ਜਗਜੀਤ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਦੇ ਖਦਸ਼ੇ ਨੂੰ ਦੇਖਦੇ ਹੋਏ ਦੂਜੀ ਵਾਰ ਫਿਰ ਤੋਂ ਅਚਨਚੇਤ ਸਕੂਲ ਬੰਦ ਕਰਨ ਦੇ ਫ਼ੈਸਲੇ ਨੂੰ ਨਾ ਵਾਜਬ ਦੱਸਦਿਆਂ ਕਿਹਾ ਕਿ 23 ਅਗਸਤ ਤੋਂ 26 ਅਗਸਤ ਤੱਕ ਅਚਨਚੇਤ ਸਕੂਲ ਬੰਦ ਕਰਨ ਦਾ ਫ਼ੈਸਲਾ ਉੱਚਿਤ ਨਹੀਂ ਹੈ, ਪਰ ਦੂਜੇ ਪਾਸੇ ਆਂਗਨਵਾੜੀ, ਜਿਸ ਵਿੱਚ ਬਹੁਤ ਛੋਟੇ ਬੱਚੇ ਪੜ੍ਹਦੇ ਹਨ, ਖੁੱਲ੍ਹੇ ਹਨ। ਉਹਨਾਂ ਕਿਹਾ ਕਿ ਹਰ ਵਾਰ ਸਰਕਾਰ ਵੱਲੋਂ ਲਏ ਗਏ ਫੈਸਲੇ ਢੁੱਕਵੇਂ ਨਹੀਂ ਹੁੰਦੇ। ਇਸ ਤੋਂ ਪਹਿਲਾਂ ਵੀ ਜਦੋਂ ਹੜ੍ਹਾਂ ਕਾਰਨ ਸਾਰੇ ਜ਼ਿਲਿਆਂ ਵਿੱਚ ਛੁੱਟੀਆਂ ਕਰ ਦਿੱਤੀਆਂ ਗਈਆਂ ਸਨ ਤਾਂ ਬਹੁਤੇ ਜ਼ਿਲ੍ਹੇ ਅਜਿਹੇ ਸਨ ਜਿੱਥੇ ਸਥਿਤੀ ਬਿਲਕੁਲ ਸਹੀ ਸੀ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲਿਆ ਗਿਆ ਫੈਸਲਾ ਢੁੱਕਵਾਂ ਹੈ, ਪ੍ਰੰਤੂ ਇਹ ਫ਼ੈਸਲਾ ਜ਼ਿਲ੍ਹਾਵਾਰ ਹੋਣਾ ਚਾਹੀਦਾ ਹੈ ਅਤੇ ਉੱਥੋਂ ਦੇ ਡਿਪਟੀ ਕਮਿਸ਼ਨਰ ਨੂੰ ਅਧਿਕਾਰ ਦੇਣੇ ਚਾਹੀਦੇ ਹਨ ਕਿ ਉਹ ਸਥਿਤੀ ਅਨੁਸਾਰ ਸਕੂਲ ਖੋਲ੍ਹਣ। ਉਨ੍ਹਾਂ ਮੁਤਾਬਕ ਇਹ ਅਚਨਚੇਤ ਕੀਤੀਆਂ ਛੁੱਟੀਆਂ ਨੂੰ ਲੈ ਕੇ ਮਾਪੇ ਬਹੁਤ ਪ੍ਰੇਸ਼ਾਨ ਹਨ ਅਤੇ ਉਹ ਲਗਾਤਾਰ ਸਕੂਲਾਂ ਉੱਪਰ ਸਕੂਲ ਖੋਲ੍ਹਣ ਲਈ ਦਬਾਅ ਪਾ ਰਹੇ ਹਨ। ਜਦੋਂ ਅਜਿਹੀਆਂ ਛੁੱਟੀਆਂ ਕੀਤੀਆਂ ਜਾਂਦੀਆਂ ਹਨ ਤਾਂ ਸਟਾਫ ਨੂੰ ਵੀ ਸਕੂਲ ਆਉਣ ਤੋਂ ਰੋਕਿਆ ਜਾਂਦਾ ਹੈ, ਜਦੋਂ ਕਿ ਪੂਰੇ ਸੂਬੇ ਵਿੱਚ ਹੋਰ ਅਦਾਰਿਆਂ ਵਿੱਚ ਸਾਰਾ ਸਟਾਫ ਆਉਂਦਾ ਹੈ ਤਾਂ ਅਜਿਹੀ ਹਾਲਤ ਵਿੱਚ ਸੋਚਣਾ ਬਣਦਾ ਹੈ ਕਿ ਕੀ ਹੜ੍ਹ ਸਿਰਫ਼ ਸਕੂਲਾਂ ਦੇ ਸਟਾਫ ਨੂੰ ਹੀ ਪ੍ਰਭਾਵਤ ਕਰਦੇ ਹਨ। ਉਹਨਾਂ ਕਿਹਾ ਕਿ ਇਸ ਸਬੰਧੀ ਫੈਡਰੇਸ਼ਨ ਵੱਲੋਂ ਮਾਨਯੋਗ ਸਿੱਖਿਆ ਮੰਤਰੀ ਨੂੰ ਲਿਖਿਆ ਗਿਆ ਹੈ ਕਿ ਜ਼ਿਲ੍ਹਿਆਂ ਦੀ ਸਥਿਤੀ ਮੁਤਾਬਕ ਸਕੂਲ ਖੋਲ੍ਹੇ ਜਾਣ। ਫੈਡਰੇਸ਼ਨ ਦੀ ਪੰਜਾਬ ਦੀ ਕੋਰ ਕਮੇਟੀ ਵੱਲੋਂ ਲੁਧਿਆਣਾ ਦੇ ਬੱਦੋਵਾਲ ਵਿਖੇ ਸਰਕਾਰੀ ਸਕੂਲ ਵਿੱਚ ਡਿੱਗੇ ਲੈਂਟਰ ਕਾਰਨ ਸਰਕਾਰੀ ਅਧਿਆਪਕਾ ਦੀ ਹੋਈ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਫੈਡਰੇਸ਼ਨ ਹਮੇਸ਼ਾ ਸਰਕਾਰੀ ਸਕੂਲਾਂ ਦੀ ਕਾਰਜਸ਼ੈਲੀ ਅਤੇ ਉੱਥੇ ਕੰਮ ਕਰ ਰਹੇ ਅਧਿਆਪਕਾਂ ਪ੍ਰਤੀ ਸਨਮਾਨਯੋਗ ਰੁਖ ਰੱਖਦੀ ਹੈ ਤੇ ਲੋੜ ਪੈਣ ਤੇ ਤਤਕਾਲ ਸਥਿਤੀਆਂ ਵਿੱਚ ਆਪਣਾ ਇਨਫਰਾਸਟਰਕਚਰ ਵਰਤਣ ਲਈ ਸਰਕਾਰ ਦਾ ਸਹਿਯੋਗ ਦੇਵੇਗੀ।

### ਲਾਹਣ ਸਮੇਤ ਕਾਬੂ

**ਸਮਾਣਾ (ਇਕਬਾਲ ਸਿੰਘ ਬੱਲ, ਗੁਰੂਪਿਆਰ ਸਿੰਘ ਬੱਲ)**-ਪੰਜਾਬ ਪੁਲਸ ਵੱਲੋਂ ਪੰਜਾਬ 'ਚੋਂ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਚਲਾਈ ਮੁਹਿੰਮ ਤਹਿਤ ਪੁਲਸ ਚੌਂਕੀ ਮਵੀ ਕਲਾਂ ਦੇ ਇੰਚਾਰਜ ਹਰਦੀਪ ਸਿੰਘ ਵਿਰਕ ਦੀ ਅਗਵਾਈ ਹੇਠ ਸਹਾਇਕ ਥਾਣੇਦਾਰ ਜਰਨੈਲ ਸਿੰਘ ਦੀ ਪੁਲਸ ਪਾਰਟੀ ਨੇ ਪਿੰਡ ਮਰੋੜੀ ਦੇ ਮੰਗਾ ਸਿੰਘ ਪੁੱਤਰ ਮਾਨ ਸਿੰਘ ਪਾਸੋਂ 200 ਲੀਟਰ ਲਾਹਣ ਬਰਾਮਦ ਕੀਤੀ ਹੈ। ਪੁਲਸ ਨੇ ਫੜੇ ਗਏ ਕਥਿਤ ਦੋਸ਼ੀ ਮੰਗਾ ਸਿੰਘ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਹੈਰੋਇਨ ਸਮੇਤ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਥਾਣਾ ਸਿਟੀ ਪੁਲਸ ਨੇ ਹੈਰੋਇਨ ਸਮੇਤ ਇੱਕ ਨੌਜਵਾਨ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੇ ਦੌਰਾਨ ਬੁਰਜਾਂ ਰੋਡ ਮਲੋਟ ਸੀ ਤਾਂ ਸੜਕ ਦੇ ਕਿਨਾਰੇ ਪਿੱਪਲ ਦੇ ਦਰੱਖਤ ਦੇ ਥੱਲੇ ਬੈਠਾ ਇੱਕ ਮੋਨਾ ਨੌਜਵਾਨ ਮੋਹਿਤ ਕੁਮਾਰ ਵਾਸੀ ਗੁਰੂ ਰਵਿਦਾਸ ਨਗਰ ਮਲੋਟ ਆਪਣੇ ਹੱਥ ਵਿੱਚ ਪਾਰਦਰਸ਼ੀ ਮੋਮੀ ਲਿਫ਼ਾਫ਼ਾ ਫੜੀ ਉਸ ਵਿੱਚ ਫਰੋਲਾ ਫਰਾਲੀ ਕਰ ਰਿਹਾ ਸੀ, ਜਿਸ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਤਲਾਸ਼ੀ ਲੈਣ ਉਪਰੰਤ ਉਸ ਕੋਲੋਂ 8 ਗ੍ਰਾਮ ਹੈਰੋਇਨ ਬਰਾਮਦ ਕਰ ਲਈ। ਪੁਲਸ ਨੇ ਉਕਤ ਨੌਜਵਾਨ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮੀਡੀਆ ਕਲੱਬ ਤੇ ਬਲੱਡ ਡੋਨਰਜ਼ ਸੁਸਾਇਟੀ ਨੇ ਲਾਇਆ ਖ਼ੂਨਦਾਨ ਕੈਂਪ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮੀਡੀਆ ਕਲੱਬ ਫ਼ਤਹਿਗੜ੍ਹ ਸਾਹਿਬ ਤੇ ਬਲੱਡ ਡੋਨਰਜ਼ ਸੁਸਾਇਟੀ ਵੱਲੋਂ ਬਸੀ ਪਠਾਣਾਂ ਵਿਖੇ ਲਾਏ ਗਏ ਖ਼ੂਨਦਾਨ ਕੈਂਪ 'ਚ ਭਾਰੀ ਮੀਂਹ ਦੇ ਬਾਵਜੂਦ 77 ਵਿਅਕਤੀਆਂ ਵੱਲੋਂ ਖ਼ੂਨਦਾਨ ਕੀਤਾ ਗਿਆ। ਕੈਂਪ ਦਾ ਉਦਘਾਟਨ ਐਸ.ਪੀ.(ਐਚ) ਰਮਿੰਦਰ ਸਿੰਘ ਵੱਲੋਂ ਕੀਤਾ ਗਿਆ, ਜਦੋਂ ਕਿ ਵਿਧਾਇਕ ਰੁਪਿੰਦਰ ਸਿੰਘ ਹੈਪੀ, ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ.ਪੀ., ਡਾ. ਮਨੋਹਰ ਸਿੰਘ, ਭਾਜਪਾ ਆਗੂ ਦੀਪਕ ਜਯੋਤੀ, ਭਾਜਪਾ ਆਗੂ ਕੁਲਦੀਪ ਸਿੰਘ ਸਿੱਧੂਪੁਰ, ਸੰਯੁਕਤ ਕਿਸਾਨ ਮੋਰਚੇ ਤੋਂ ਡਾ. ਅਮਨਦੀਪ ਕੌਰ ਢੋਲੇਵਾਲ ਤੇ ਡਾ. ਨਰੇਸ਼ ਚੌਹਾਨ ਵੀ ਖ਼ੂਨਦਾਨੀਆਂ ਨੂੰ ਉਤਸ਼ਾਹਤ ਕਰਨ ਲਈ ਉਚੇਚੇ ਤੌਰ 'ਤੇ ਪਹੁੰਚੇ। ਬਲੱਡ ਡੋਨਰਜ਼ ਸੁਸਾਇਟੀ ਦੇ ਜਨਰਲ ਸਕੱਤਰ ਅਜੈ ਮਲਹੋਤਰਾ ਨੇ ਦੱਸਿਆ ਕਿ ਖ਼ੂਨ ਇਕੱਤਰ ਕਰਨ ਲਈ ਪਹੁੰਚੀ ਪੀ.ਜੀ.ਆਈ. ਬਲੱਡ ਬੈਂਕ ਦੀ ਟੀਮ ਕੋਲ ਕੁੱਲ 120 ਵਿਅਕਤੀਆਂ ਨੇ ਖ਼ੂਨਦਾਨ ਕਰਨ ਦੀ ਇੱਛਾ ਜ਼ਾਹਰ ਕੀਤੀ, ਪਰ ਮੈਡੀਕਲ ਟੀਮ ਵੱਲੋਂ 77 ਵਿਅਕਤੀਆਂ ਨੂੰ ਹੀ ਖ਼ੂਨਦਾਨ ਲਈ ਫਿੱਟ ਪਾਇਆ ਗਿਆ। ਇਸ ਮੌਕੇ ਮੀਡੀਆ ਕਲੱਬ ਦੇ ਪ੍ਰਧਾਨ ਪਰਮਿੰਦਰ ਸਿੰਘ ਬਖਸ਼ੀ, ਜਨਰਲ ਸਕੱਤਰ ਰਵਿੰਦਰ ਸਿੰਘ ਢੀਂਡਸਾ, ਗਰਪ੍ਰੀਤ ਸਿੰਘ ਮਹਿਕ, ਅਮਰਬੀਰ ਸਿੰਘ ਚੀਮਾ, ਜੈ ਕ੍ਰਿਸ਼ਨ ਕਸ਼ਯਪ, ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਮਨੋਜ ਭੰਡਾਰੀ, ਲਾਇਨਜ਼ ਕਲੱਬ ਤੋਂ ਨੀਰਜ ਕੌੜਾ, ਨਗਰ ਕੌਂਸਲ ਪ੍ਰਧਾਨ ਰਵਿੰਦਰ ਰਿੰਕੂ, ਏਕ ਜ਼ਰੀਆ ਟੀਮ ਤੋਂ ਪ੍ਰਿੰਸ ਸਿੰਘ ਅਤੇ ਗੌਰਵ ਰੱਬੜ, ਡੂ ਗੁੱਡ ਹੈਵ ਗੁੱਡ ਤੋਂ ਸਿਮਰਨਜੀਤ ਸਿੰਘ ਸ਼ੈਲੀ, ਸਿਟੀਜ਼ਨ ਕਲੱਬ ਤੋਂ ਪ੍ਰਦੀਪ ਮਲਹੋਤਰਾ ਅਤੇ ਬਲੱਡ ਡੋਨਰਜ਼ ਸੁਸਾਇਟੀ ਦੇ ਪ੍ਰਧਾਨ ਡਾ. ਮਹਿੰਦਰ ਸਿੰਘਲ ਵੀ ਮੌਜੂਦ ਸਨ।

# ਵਕੀਲ 'ਤੇ ਕ੍ਰਾਸ ਕੇਸ ਦਰਜ ਕਰਨ 'ਤੇ ਬਾਰ ਐਸੋਸੀਏਸ਼ਨ ਵੱਲੋਂ ਹੜਤਾਲ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬਾਰ ਐਸੋਸੀਏਸ਼ਨ ਸਮਾਣਾ ਦੀ ਐਗਜ਼ੈਕਟਿਵ ਬੌਡੀ ਦੀ ਇੱਕ ਵਿਸ਼ੇਸ਼ ਮੀਟਿੰਗ ਬਾਰ ਦੇ ਪ੍ਰਧਾਨ ਹਰਸਿਮਰਨਪਾਲ ਸਿੰਘ ਤੱਤਲਾ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਬਾਰ ਐਸੋਸੀਏਸ਼ਨ ਸਮਾਣਾ ਦੇ ਮੀਤ ਪ੍ਰਧਾਨ ਐਡਵੋਕੇਟ ਹਰਤੇਜ ਸਿੰਘ ਸੰਧੂ, ਸੈਕਟਰੀ ਐਡਵੋਕੇਟ ਗੁਰਜੋਤ ਸਿੰਘ ਵਿਰਕ, ਜੁਆਇੰਟ ਸੈਕਟਰੀ ਐਡਵੋਕੇਟ ਨਵਜੋਤ ਗਰਗ, ਕੈਸ਼ੀਅਰ ਐਡਵੋਕੇਟ ਪ੍ਰਿਥਪਾਲ ਸਿੰਘ ਰਵੇਲ, ਲਾਇਬ੍ਰੇਰੀਅਨ ਐਡਵੋਕੇਟ ਜਗਮੀਤ ਕੌਰ, ਕਾਰਜਕਾਰੀ ਮੈਂਬਰ ਐਡਵੋਕੇਟ ਸ਼ਿਵ ਚਰਨ ਵਰਤੀਆ, ਐਡਵੋਕੇਟ ਯੁਵਰਾਜ ਸਿੰਘ ਵੜੈਚ, ਐਡਵੋਕੇਟ ਖਵਾਬ ਸੋਨੀ ਹਾਜ਼ਰ ਸਨ। ਮੀਟਿੰਗ ਵਿੱਚ ਬਾਰ ਐਸੋਸੀਏਸ਼ਨ ਸਮਾਣਾ ਤੇ ਮੈਂਬਰ ਐਡਵੋਕੇਟ ਅਨਮੋਲਦੀਪ ਸਿੰਘ ਤੇ ਉਸ ਦੇ ਪਰਿਵਾਰਕ ਮੈਂਬਰਾਂ 'ਤੇ ਕ੍ਰਾਸ ਪਰਚਾ ਦਰਜ ਕਰਨ ਦੇ ਰੋਸ ਵਜੋਂ ਸਮਾਣਾ ਬਾਰ ਐਸੋਸੀਏਸ਼ਨ ਨੇ ਇੱਕ ਦਿਨ ਦੀ ਹੜਤਾਲ ਕੀਤੀ। ਸਮਾਣਾ ਬਾਰ ਦੇ ਪ੍ਰਧਾਨ ਹਰਸਿਮਰਨਪਾਲ ਸਿੰਘ ਤੱਤਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਰੋਧੀ ਧਿਰ ਨੇ ਐਡਵੋਕੇਟ ਅਨਮੋਲ ਦੀਪ ਸਿੰਘ ਦੇ ਘਰ 'ਤੇ ਹਮਲਾ ਕਰ ਦਿੱਤਾ ਸੀ ਅਤੇ ਇਨ੍ਹਾਂ ਵੱਲੋਂ ਆਪਣਾ ਬਚਾ ਕਰਦਿਆਂ ਵਿਰੋਧੀ ਧਿਰ ਦੇ ਮਾਮੂਲੀ ਸੱਟਾਂ ਲੱਗੀਆਂ, ਜਿਸ 'ਤੇ ਸਮਾਣਾ ਪੁਲਸ ਨੇ ਇਨ੍ਹਾਂ ਖਿਲਾਫ ਵੀ ਕਰਾਸ ਕੇਸ ਦਰਜ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਮੁਦਈ ਧਿਰ ਸਨ, ਇਨ੍ਹਾਂ ਖਿਲਾਫ ਪਰਚਾ ਦਰਜ ਨਹੀਂ ਹੋਣਾ ਚਾਹੀਦਾ। ਇਸ ਸਬੰਧੀ ਉਹ ਐੱਸ ਐੱਸ ਪੀ ਪਟਿਆਲਾ ਨੂੰ ਮਿਲ ਕੇ ਇਨ੍ਹਾਂ ਖਿਲਾਫ ਦਰਜ ਕੀਤਾ ਪਰਚਾ ਕੈਂਸਲ ਕਰਾਉਣ ਦੀ ਕੋਸ਼ਿਸ਼ ਕਰਨਗੇ।

# ਹੜ੍ਹ ਪੀੜਤਾਂ ਦੇ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਬੀ ਕੇ ਯੂ ਡਕੌਂਦਾ ਨੇ ਫੂਕਿਆ ਸਰਕਾਰ ਦਾ ਪੁਤਲਾ



**ਮਮਦੋਟ (ਹਰਪਾਲ ਸਿੰਘ ਸੋਢੀ)**-ਪੰਜਾਬ ਦੇ ਬਹੁਤ ਸਾਰੇ ਪਿੰਡ ਹੜ੍ਹ ਦੇ ਪਾਣੀ ਨਾਲ ਪ੍ਰਭਾਵਿਤ ਹੋਏ ਹਨ। ਹੜ੍ਹ ਕਾਰਨ ਕਿਸਾਨਾਂ ਦੀ ਹਜ਼ਾਰਾਂ ਏਕੜ ਫ਼ਸਲ ਬਰਬਾਦ ਹੋ ਗਈ ਹੈ, ਜਿਸ ਦੇ ਚਲਦਿਆਂ ਇਨਸਾਨਾਂ ਦੇ ਨਾਲ ਨਾਲ ਪਸ਼ੂ ਵੀ ਪ੍ਰਭਾਵਿਤ ਹੋਏ ਹਨ। ਹੜ੍ਹ ਪੀੜਤਾਂ ਵਾਸਤੇ ਮੌਕੇ ਦੀ ਸਰਕਾਰ ਨਾਲੋਂ ਮੂਹਰੇ ਹੋ ਕੇ ਸਮਾਜ ਸੇਵੀ ਸੰਸਥਾਵਾਂ ਤੇ ਕਿਸਾਨ ਜਥੇਬੰਦੀਆਂ ਵੱਲੋਂ ਵੀ ਮਦਦ ਪਹੁੰਚਾਈ ਜਾ ਰਹੀ ਹੈ। ਆਮ ਆਦਮੀ ਦਾ ਸਹਾਰਾਂ ਲੈ ਕੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਈ ਆਮ ਆਦਮੀ ਪਾਰਟੀ ਹੜ੍ਹ ਪ੍ਰਭਾਵਿਕ ਇਲਾਕਿਆਂ ਵਿੱਚ ਨਕਾਮ ਹੋਈ ਹੈ, ਜਿਸ ਦੇ ਹੀ ਚੱਲਦਿਆਂ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਕੜਮਾਂ ਦੀ ਅਗਵਾਈ ਵਿੱਚ ਮਮਦੋਟ ਬਿਜਲੀ ਘਰ ਦੇ ਸਾਹਮਣੇ ਪੰਜਾਬ ਸਰਕਾਰ ਤੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਬੋਲਦਿਆਂ ਹੋਏ ਜ਼ਿਲ੍ਹਾ ਆਗੂ ਜਗੀਰ ਸਿੰਘ ਖਹਿਰਾ ਨੇ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਹੜ੍ਹ ਪੀੜਤ ਲੋਕਾਂ ਦੀ ਸਹਾਇਤਾ ਤੇ ਸਿਰਫ ਬਿਆਨਬਾਜ਼ੀ ਹੀ ਕੀਤੀ ਜਾਂ ਰਹੀ ਹੈ, ਕਿਸੇ ਨੂੰ ਵੀ ਬਣਦੀ ਸਹਾਇਤਾ ਨਹੀਂ ਦਿੱਤੀ ਗਈ ਤੇ ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਹੜ੍ਹਾਂ ਕਾਰਨ ਤਬਾਹ ਹੋ ਗਈਆਂ ਹਨ, ਉਨ੍ਹਾਂ ਦੀਆਂ ਜ਼ਮੀਨਾਂ ਦੀਆਂ ਜਲਦ ਤੋਂ ਜਲਦ ਗਿਰਦਾਵਰੀਆਂ ਕਰਵਾਇਆਂ ਜਾਣ ਤੇ ਬਣਦਾ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਕਿਹਾ ਹੈ ਕਿ ਹੜ੍ਹਾਂ ਦੀ ਮਾਰ ਹੇਠ ਆਏ ਘਰ, ਭਾਵੇਂ ਉਹ ਕਿਸਾਨ ਹੋਣ ਜਾਂ ਆਮ ਵਰਗ ਦੇ ਲੋਕ, ਹਰ ਪ੍ਰਤੀ ਘਰ ਨੂੰ ਡੇਢ ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਹ ਲੋਕ ਫਿਰ ਤੋਂ ਆਪਣਾ ਖ਼ੁਸ਼ਹਾਲ ਜੀਵਨ ਬਤੀਤ ਕਰ ਸਕਣ। ਇਸ ਮੌਕੇ ਉਨ੍ਹਾਂ ਨਾਲ ਬਲਾਕ ਪ੍ਰਧਾਨ ਬਲਕਾਰ ਸਿੰਘ ਜੋਧਪੁਰ, ਜੁਗਰਾਜ ਸਿੰਘ ਗੱਟੀ, ਜਗਤਾਰ ਸਿੰਘ ਭੱਟੀਆਂ, ਹਰਜੀਤ ਸਿੰਘ ਗੱਟੀ, ਮਹਿਲ ਸਿੰਘ ਕੜਮਾਂ, ਹਰਬੰਸ ਸਿੰਘ ਜੋਧਪੁਰ, ਜਤਿੰਦਰ ਰਿੰਕੂ ਕੜਮਾਂ, ਮੇਜਰ ਸਿੰਘ, ਅੰਗਰੇਜ ਸਿੰਘ, ਸੁੱਚਾ ਸਿੰਘ, ਬੂਟਾ ਸਿੰਘ, ਰੂਲੀਆ ਸਿੰਘ, ਗੁਰਮੀਤ ਸਿੰਘ ਕੜਮਾ ਆਦਿ ਹਾਜ਼ਰ ਸਨ।


**ਜਨਤਕ ਨੋਟਿਸ**

ਅਸੀਂ ਮੈਸ: ਆਈ ਸੀ ਆਈ ਸੀ ਆਈ ਸਕਿਉਰਟੀਜ਼ ਲਿਮਟਿਡ, ਸੇਬੀ ਰਜਿਸਟ੍ਰੇਸ਼ਨ ਨੰ. ਆਈ ਐੱਨ ਜ਼ੈੱਡ 000183631 ਅਤੇ ਨੈਸ਼ਨਲ ਸਟਾਕ ਐਕਸਚੇਂਜ ਆਫ ਇੰਡੀਆ ਲਿਮਟਿਡ ਅਤੇ ਬੀ ਐੱਸ ਈ ਲਿਮਟਿਡ, ਏ ਮੈਂਬਰ, ਕਾਰਪੋਰੇਟ ਦਫਤਰ ਸ੍ਰੀ ਸਾਵਨ ਨਾਲਜ ਪਾਰਕ, ਪਲਾਟ ਨੰ. ਡੀ-507 ਟੀ ਟੀ ਸੀ, ਇੰਡਸਟਰੀਅਲ ਏਰੀਆ, ਐੱਮ ਆਈ ਡੀ ਸੀ, ਤੁਰਭੇ, ਨਵੀਂ ਮੁੰਬਈ-400705 ਨੇ ਹੇਠਾਂ ਦਰਸਾਏ ਅਧਿਕਾਰਤ ਵਿਅਕਤੀ (ਏ ਪੀ) ਨੂੰ ਬਰਖਾਸਤ/ਅਸੰਬੰਧਿਤ ਕਰਨ ਦਾ ਅਮਲ ਸ਼ੁਰੂ ਕਰ ਦਿੱਤਾ ਹੈ :

| ਏ ਪੀ ਦਾ ਨਾਂਅ | ਵਪਾਰਕ ਨਾਂਅ | ਪਤਾ | ਸੇਬੀ ਰਜਿਸਟਰੇਸ਼ਨ ਨੰ. ਅਤੇ ਮਿਤੀ |
|---|---|---|---|
| ਮਨਪ੍ਰੀਤ ਸਿੰਘ ਜਗਦੇਵ | ਬਜ਼ਾਰ ਦੇ ਉਪਰ | 11602, ਗਲੀ ਨੰ. 1, ਪ੍ਰਤਾਪ ਨਗਰ, ਲੁਧਿਆਣਾ ਲੁਧਿਆਣਾ, ਪੰਜਾਬ-ਉੱਤਰ 141003 | NSE AP0346080681 Dated 01-Feb-2021 BSE AP01010301118263 Dated- 02-Feb-2021 |

ਉਪਰੋਕਤ ਏ ਪੀ ਨਾਲ ਸੰਬੰਧਤ ਨਿਵੇਸ਼ਕਾਂ ਨੂੰ ਇਸ ਬਾਰੇ ਧਿਆਨ ਦੇਣ ਦੀ ਸਲਾਹ ਦਿੱਤੀ ਜਾਂਦੀ ਹੈ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਏ ਪੀ ਸਾਡੇ ਨਾਲ ਐਕਸਚੇਂਜਿਜ ਦੀ ਅੰਤਮ ਮਨਜ਼ੂਰੀ ਤੱਕ ਸੰਬੰਧਤ ਰਹੇਗਾ। ਕਿਸੇ ਸਵਾਲ ਲਈ ਈ-ਮੇਲ ਆਈ ਡੀ iseccompliance@icicisecurities.com/ifahelpdesk@icicisecurities.com 'ਤੇ ਸੰਪਰਕ ਕੀਤਾ ਜਾਵੇ।

ਬਾ-ਹੁਕਮ ਨਿਰਦੇਸ਼ਕ ਆਈ ਸੀ ਆਈ ਸੀ ਆਈ ਸਕਿਉਰਟੀਜ਼ ਲਿਮਟਿਡ
ਵਿਜੇ ਚੰਡੋਕ


CMYK

25-AUG-PAGE-7.qxd 8/24/2023 10:38 PM Page 1



# ਡਿਪਟੀ ਕਮਿਸ਼ਨਰ ਵੱਲੋਂ ਸਕੂਲ ਦੀ ਛੱਤ ਡਿੱਗਣ ਦੇ ਮੈਜਿਸਟ੍ਰੇਟੀ ਜਾਂਚ ਦੇ ਹੁਕਮ



**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ/ਪ੍ਰਦੀਪ ਸ਼ਰਮਾ)**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਦੋਵਾਲ ਵਿਖੇ ਛੱਤ ਡਿੱਗਣ ਦੀ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਕੂਲ ਦੀ ਮੁਰੰਮਤ ਦਾ ਕੰਮ ਕਰ ਰਹੇ ਠੇਕੇਦਾਰ ਖ਼ਿਲਾਫ਼ ਐੱਫ ਆਈ ਆਰ ਦਰਜ ਕਰਨ ਤੇ ਮਾਮਲੇ ਦੀ ਮੈਜਿਸਟ੍ਰੇਟ ਜਾਂਚ ਦੇ ਹੁਕਮ ਦਿੱਤੇ ਹਨ। ਇਸ ਮੰਦਭਾਗੀ ਘਟਨਾ ਵਿੱਚ ਅਧਿਆਪਕਾ ਰਵਿੰਦਰ ਕੌਰ (45) ਦੀ ਜਾਨ ਚਲੀ ਗਈ ਹੈ ਤੇ ਤਿੰਨ ਹੋਰ ਅਧਿਆਪਕਾਂ ਨਰਿੰਦਰਜੀਤ ਕੌਰ ਡੀ.ਐੱਮ.ਸੀ. ਹਸਪਤਾਲ ਲੁਧਿਆਣਾ ਅਤੇ ਸੁਖਜੀਤ ਕੌਰ ਤੇ ਇੰਦੂ ਰਾਣੀ ਦੋਵੇਂ ਲੁਧਿਆਣਾ ਦੇ ਮੈਡੀਵੇਜ਼ ਹਸਪਤਾਲ਼ ਵਿਖੇ ਜ਼ੇਰੇ ਇਲਾਜ ਹਨ। ਇਨ੍ਹਾਂ ਤਿੰਨਾਂ ਅਧਿਆਪਕਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ।

ਜ਼ਖ਼ਮੀ ਅਧਿਆਪਕਾਂ ਨੂੰ ਮਿਲਣ ਮਗਰੋਂ ਡਿਪਟੀ ਕਮਿਸ਼ਨਰ ਸੁਰਭੀ ਮਲਿਕ ਨੇ ਦੱਸਿਆ ਕਿ ਲੁਧਿਆਣਾ ਦਿਹਾਤੀ ਪੁਲਸ ਵੱਲੋਂ ਠੇਕੇਦਾਰ ਖ਼ਿਲਾਫ਼ ਐੱਫ.ਆਈ.ਆਰ. ਦਰਜ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਹਾਦਸੇ ਦਾ ਗੰਭੀਰ ਨੋਟਿਸ ਲੈਂਦਿਆਂ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੇ ਹੁਕਮ ਦਿੱਤੇ ਹਨ। ਉਨ੍ਹਾ ਕਿਹਾ ਕਿ ਸਕੂਲ ਦੀ ਇਮਾਰਤ ਦੇ ਸੁਰੱਖਿਆ ਮੁਲਾਂਕਣ ਦੇ ਆਦੇਸ਼ ਦਿੱਤੇ ਗਏ ਤੇ ਇਮਾਰਤ ਨੂੰ ਵੀ ਸੀਲ ਕਰ ਦਿੱਤਾ ਗਿਆ ਹੈ। ਉਨ੍ਹਾ ਸਕੂਲ ਦੇ ਨੇੜੇ ਰਹਿਣ ਵਾਲੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਮੀਖਿਆ ਪੂਰੀ ਹੋਣ ਤੱਕ ਸਕੂਲ ਦੀ ਇਮਾਰਤ ਦੇ ਨੇੜੇ ਨਾ ਜਾਣ।

# ਲਿਬਰੇਸ਼ਨ ਵੱਲੋਂ ਕਿਸਾਨਾਂ 'ਤੇ ਲਾਠੀਚਾਰਜ ਦੀ ਸਖਤ ਨਿੰਦਾ

**ਮਾਨਸਾ (ਪਮਾਰ)**-ਹੜ੍ਹਾਂ ਨਾਲ ਹੋਏ ਭਾਰੀ ਨੁਕਸਾਨ ਦੇ ਮੁਆਵਜ਼ੇ ਦੀ ਮੰਗ ਲਈ ਚੰਡੀਗੜ੍ਹ ਧਰਨਾ ਦੇਣ ਜਾ ਰਹੇ ਕਿਸਾਨਾਂ ਨੂੰ ਗ੍ਰਿਫਤਾਰ ਕਰਨ ਤੇ ਲੌਂਗੋਵਾਲ ਨੇੜੇ ਉਨ੍ਹਾਂ ਉਤੇ ਪੁਲਸ ਵੱਲੋਂ ਕੀਤੇ ਵਹਿਸ਼ੀਆਨਾ ਲਾਠੀਚਾਰਜ, ਜਿਸ ਦੌਰਾਨ ਮੱਚੀ ਭਗਦੜ ਵਿੱਚ ਇਕ ਕਿਸਾਨ ਦੀ ਮੌਤ ਵੀ ਹੋ ਗਈ, ਦੀ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਨੇ ਸਖਤ ਨਿੰਦਾ ਕੀਤੀ ਹੈ। ਪਾਰਟੀ ਬੁਲਾਰੇ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਨੇ ਜਾਰੀ ਬਿਆਨ 'ਚ ਕਿਹਾ ਕਿ ਵੋਟਾਂ ਲੈਣ ਲਈ ਭਗਵੰਤ ਮਾਨ ਵੱਲੋਂ ਲੋਕਾਂ ਨਾਲ ਕੀਤੇ ਵੱਡੇ ਵਾਅਦੇ ਤੇ ਦਾਅਵੇ ਝੂਠੇ ਸਾਬਿਤ ਹੋ ਰਹੇ ਹਨ। ਸੰਘਰਸ਼ੀ ਕਿਸਾਨਾਂ ਨਾਲ ਜਿਵੇਂ ਮਾਨ ਸਰਕਾਰ ਦੀ ਪੁਲਸ ਪੇਸ਼ ਆਈ ਹੈ, ਉਵੇਂ ਦਾ ਦਮਨਕਾਰੀ ਰਵੱਈਆ ਪੰਜਾਬ ਵਿੱਚ ਕਾਂਗਰਸ ਰਾਜ ਦੌਰਾਨ ਵੀ ਅਖਤਿਆਰ ਨਹੀਂ ਕੀਤਾ ਗਿਆ। ਇਹ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਕਿ ਕੀ ਹੁਣ ਮੁੱਖ ਮੰਤਰੀ ਮਾਨ ਨੇ ਪੁਲਸ ਨੂੰ ਅੰਦੋਲਨਕਾਰੀਆਂ ਉਤੇ ਜਬਰ ਢਾਹੁਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ ਜਾਂ ਪੁਲਸ ਤੇ ਅਫਸਰਸ਼ਾਹੀ ਉਨ੍ਹਾਂ ਦੇ ਕੰਟਰੋਲ ਤੋਂ ਬਾਹਰ ਹੈ। ਪੰਜਾਬ ਦੇ 14 ਜ਼ਿਲ੍ਹੇ ਇਸੇ ਸੀਜ਼ਨ ਵਿੱਚ ਦੂਜੀ ਵਾਰ ਹੜ੍ਹਾਂ ਦਾ ਸ਼ਿਕਾਰ ਬਣ ਚੁੱਕੇ ਹਨ। ਜਨਤਾ ਵੱਡੀ ਤਬਾਹੀ ਦਾ ਸ਼ਿਕਾਰ ਹੈ, ਪਰ ਮੁੱਖ ਮੰਤਰੀ ਬੁਰੀ ਤਰ੍ਹਾਂ ਪੀੜਤ ਜਨਤਾ ਲਈ ਰਾਹਤ ਤੇ ਵਸੇਬੇ ਲਈ ਠੋਸ ਉਪਰਾਲੇ ਕਰਨ ਦੀ ਬਜਾਏ, ਸਿਰਫ ਭਾਸ਼ਣਾਂ ਦਾ ਰਾਸ਼ਨ ਵੰਡ ਰਿਹਾ ਹੈ। ਉਸ ਨੂੰ ਪੰਜਾਬ ਦੀ ਜਨਤਾ ਨਾਲੋਂ ਮੱਧ ਪ੍ਰਦੇਸ, ਛੱਤੀਸਗੜ੍ਹ 'ਚ ਚੋਣ ਪ੍ਰਚਾਰ ਕਰਨਾ ਜ਼ਿਆਦਾ ਜ਼ਰੂਰੀ ਜਾਪ ਰਿਹਾ ਹੈ। ਉਨ੍ਹਾ ਕਿਹਾ ਕਿ ਸ਼ਹੀਦ ਕਿਸਾਨ ਦੇ ਪਰਿਵਾਰ ਨੂੰ ਮੁਆਵਜ਼ਾ ਦਿੱਤਾ ਜਾਵੇ ਤੇ ਲਾਠੀਚਾਰਜ ਦਾ ਹੁਕਮ ਦੇਣ ਤੇ ਮਿੱਥ ਕੇ ਕਿਸਾਨਾਂ ਦੇ ਵਹੀਕਲਾਂ ਦੀ ਭੰਨ-ਤੋੜ ਕਰਨ ਵਾਲੇ ਪੁਲਸ ਅਫਸਰਾਂ ਖਿਲਾਫ ਸਰਕਾਰ ਸਖਤ ਕਾਰਵਾਈ ਕਰੇ, ਵਰਨਾ ਪਿੰਡਾਂ ਤੇ ਕਸਬਿਆਂ ਵਿੱਚ ਆਉਣ 'ਤੇ ਆਪ ਦੇ ਵਜ਼ੀਰਾਂ, ਵਿਧਾਇਕਾਂ ਤੇ ਆਗੂਆਂ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ।

# ਟੋਲ ਪਲਾਜ਼ੇ 'ਤੇ ਕਿਸਾਨ, ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਧਰਨਾ ਜਾਰੀ



**ਮੱਖੂ (ਰਛਪਾਲ ਸਿੰਘ ਸੰਧੂ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਦੇ ਆਗੂਆਂ ਵੱਲੋਂ ਗ੍ਰਿਫਤਾਰੀਆਂ ਨੂੰ ਲੈ ਕੇ ਤੀਜੇ ਦਿਨ ਵੀ ਪਿੰਡ ਪੀਰ ਮੁਹੰਮਦ ਦੇ ਨਜ਼ਦੀਕ ਬਣੇ ਟੋਲ ਪਲਾਜ਼ਾ 'ਤੇ ਧਰਨਾ ਜਾਰੀ ਰਿਹਾ। ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਕੱਤਰ ਗੁਰਮੇਲ ਸਿੰਘ, ਸੁਰਜੀਤ ਸਿੰਘ ਫੌਜੀ, ਬਲਰਾਜ ਸਿੰਘ ਫੇਰੋਕੇ, ਭੁਪਿੰਦਰ ਸਿੰਘ ਨੇ ਕਿਹਾ ਕਿ ਹੜ੍ਹ ਪੀੜਤਾਂ ਨੂੰ ਰਾਹਤ ਦਿਵਾਉਣ ਲਈ ਤੇ ਦਿੱਲੀ ਅੰਦਲੋਨ ਦੌਰਾਨ ਕੇਂਦਰ ਸਰਕਾਰ ਵੱਲੋਂ ਕੀਤੇ ਵਾਧੇ ਲਾਗੂ ਕਰਵਾਉਣ ਲਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਤੇ 16 ਜਥੇਬੰਦੀਆਂ ਵੱਲੋਂ 22 ਅਗਸਤ ਨੂੰ ਚੰਡੀਗੜ੍ਹ ਰੋਸ ਪ੍ਰਦਰਸ਼ਨ ਕਰਨ ਜਾਣ ਤੋਂ ਰੋਕਣ ਲਈ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ ਸਰਕਾਰ ਵੱਲੋਂ ਧਰਨੇ ਨੂੰ ਨਾਕਾਮ ਕਰਨ ਲਈ ਕਿਸਾਨ ਆਗੂਆਂ ਦੀਆਂ ਗ੍ਰਿਫਤਾਰੀਆਂ ਕਰਵਾਈਆਂ ਗਈਆਂ ਤੇ ਪੁਲਸ ਵੱਲੋਂ ਕੀਤੇ ਗਏ ਲਾਠੀਚਾਰਜ ਨਾਲ ਲੌਂਗੋਵਾਲ ਦੇ ਪ੍ਰੀਤਮ ਸਿੰਘ ਨੂੰ ਸ਼ਹੀਦ ਕੀਤਾ ਗਿਆ। ਤਿੰਨ ਦਿਨਾਂ ਤੋਂ ਜਥੇਬੰਦੀਆਂ ਦੇ ਆਗੂਆਂ ਨਾਲ ਸਰਕਾਰ ਦੀ ਅਫਸਰਸ਼ਾਹੀ ਰਾਹੀਂ ਗੱਲਬਾਤ ਦਾ ਦੌਰ ਚੱਲ ਰਿਹਾ ਹੈ, ਜਿੰਨਾ ਚਿਰ ਪ੍ਰੀਤਮ ਸਿੰਘ ਦੇ ਪਰਿਵਾਰ ਨੂੰ ਇਨਸਾਫ ਨਹੀਂ ਮਿਲ ਜਾਂਦਾ, ਕਿਸਾਨ ਆਗੂਆਂ ਨੂੰ ਬਿਨਾਂ ਸ਼ਰਤ ਰਿਹਾਅ ਨਹੀਂ ਕੀਤਾ ਜਾਂਦਾ ਤੇ ਕਿਸਾਨਾਂ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਸਰਕਾਰ ਮੰਨ ਨਹੀਂ ਲੈਂਦੀ, ਉਨਾ ਸਮਾਂ ਸੰਘਰਸ਼ ਜਾਰੀ ਰਹੇਗਾ। ਜੇਕਰ ਸਮਾਂ ਰਹਿੰਦਿਆਂ ਹੱਲ ਨਾ ਕੀਤਾ ਤਾਂ ਅਗਲਾ ਸੰਘਰਸ਼ ਤੇਜ਼ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਹੋਵੇਗੀ। ਇਸ ਮੌਕੇ ਕਿਸਾਨ ਮੱਖਣ ਸਿੰਘ ਤਲਵੰਡੀ, ਗੁਲਜਾਰ ਸਿੰਘ ਗੋਗੋਆਣੀ, ਵੀਰ ਸਿੰਘ ਨਿਜਾਮੀਵਾਲਾ, ਲਖਵਿੰਦਰ ਸਿੰਘ ਬਸਤੀ ਨਾਮਦੇਵ, ਮਹਿਤਾਬ ਸਿੰਘ ਕੱਚਰਭੰਨ, ਮਨਜੋਤ ਸਿੰਘ ਵਕੀਲ, ਮੱਸਾ ਸਿੰਘ ਆਸਫ ਵਾਲਾ, ਹਰਦੀਪ ਸਿੰਘ, ਸੁਖਦੇਵ ਸਿੰਘ, ਬਚਿੱਤਰ ਸਿੰਘ, ਕੇਵਲ ਸਿੰਘ ਵਾਹਕਾਂ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

## ਦਹੀਆ ਵੱਲੋਂ ਮੁੱਖ ਮੰਤਰੀ ਰਾਹਤ ਫੰਡ ਲਈ ਇੱਕ ਮਹੀਨੇ ਦੀ ਤਨਖਾਹ ਦਾਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦਿਹਾਤੀ ਹਲਕੇ ਦੇ ਵਿਧਾਇਕ ਰਜਨੀਸ਼ ਦਹੀਆ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕੀਤੀ ਗਈ ਤੇ ਉਨ੍ਹਾਂ ਦੀ ਰਹਿਨੁਮਾਈ ਹੇਠ ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਕੀਤੇ ਉਪਰਾਲਿਆਂ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਵਿਧਾਇਕ ਰਜਨੀਸ਼ ਦਹੀਆ ਨੇ ਮੁੱਖ ਮੰਤਰੀ ਰਾਹਤ ਫੰਡ ਲਈ ਆਪਣੀ ਇੱਕ ਮਹੀਨੇ ਦੀ ਤਨਖਾਹ ਦਾਨ ਕਰਦਿਆਂ ਮੁੱਖ ਮੰਤਰੀ ਨੂੰ ਆਪਣੀ ਇੱਕ ਮਹੀਨੇ ਦੀ ਤਨਖਾਹ ਦਾ ਚੈੱਕ ਭੇਟ ਕੀਤਾ ਗਿਆ।ਇਸ ਮੌਕੇ ਜਾਣਕਾਰੀ ਦਿੰਦਿਆਂ ਵਿਧਾਇਕ ਰਜਨੀਸ਼ ਦਹੀਆ ਨੇ ਦੱਸਿਆ ਕਿ ਪਿਛਲੇ ਸਮੇਂ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ, ਜਿਨ੍ਹਾਂ 'ਚ ਫ਼ਿਰੋਜ਼ਪੁਰ ਜ਼ਿਲ੍ਹਾ ਤੇ ਉਨ੍ਹਾਂ ਦਾ ਹਲਕਾ ਫਿਰੋਜ਼ਪੁਰ ਦਿਹਾਤੀ ਵੀ ਤਬਾਹੀ ਦਾ ਸ਼ਿਕਾਰ ਹੋਇਆ ਹੈ ਅਤੇ ਪੰਜਾਬ ਸਰਕਾਰ ਨੇ ਤੁਰੰਤ ਐਕਸ਼ਨ ਲੈਂਦਿਆਂ ਰਾਹਤ ਕਾਰਜਾਂ ਵਿੱਚ ਤੇਜ਼ੀ ਲਿਆਉਂਦਿਆਂ ਵੱਡੀ ਗਿਣਤੀ 'ਚ ਲੋਕਾਂ ਦੇ ਜਾਨ ਤੇ ਮਾਲ ਦੀ ਰਾਖੀ ਕੀਤੀ।ਪੰਜਾਬ ਸਰਕਾਰ ਵੱਲੋਂ ਸਵੈ-ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਹੜ੍ਹ ਪੀੜਤ ਲੋਕਾਂ ਲਈ ਲੰਗਰ, ਪਸ਼ੂਆਂ ਲਈ ਫੀਡ, ਰਾਸ਼ਨ ਕਿੱਟਾਂ, ਲੋਕਾਂ ਤੇ ਪਸ਼ੂਆਂ ਦੇ ਇਲਾਜ ਲਈ ਮੈਡੀਕਲ ਸਹੂਲਤ ਸਮੇਤ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਈ ਗਈ।ਦਹੀਆ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਮੁਸ਼ਕਲ ਦੀ ਘੜੀ ਵਿੱਚ ਆਪਣੇ ਲੋਕਾਂ ਨਾਲ ਖੜੀ ਹੈ ਤੇ ਉਹ ਫਿਰੋਜ਼ਪੁਰ ਦਿਹਾਤੀ ਹਲਕੇ ਦੇ ਲੋਕਾਂ ਦੀ ਸੇਵਾ ਵਿੱਚ ਹਰ ਸਮੇਂ ਹਾਜ਼ਰ ਹਨ।ਉਨ੍ਹਾ ਮੁੱਖ ਮੰਤਰੀ ਵੱਲੋਂ ਅੱਜ ਹੜ੍ਹ ਪੀੜਤਾਂ ਲਈ ਰਾਹਤ ਰਾਸ਼ੀ ਜਾਰੀ ਕਰਨ ਲਈ ਵੀ ਉਨ੍ਹਾਂ ਦਾ ਧੰਨਵਾਦ ਕੀਤਾ।

## ਕਾਤਰਾਂ

### ਕਰੰਟ ਲੱਗਣ ਨਾਲ ਪ੍ਰਵਾਸੀ ਮਜ਼ਦੂਰ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਭਗੜਾਣਾ ਵਿਖੇ ਇੱਕ ਬਿਹਾਰੀ ਮੂਲ ਦੇ ਪ੍ਰਵਾਸੀ ਮਜ਼ਦੂਰ ਦੀ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਹੋ ਗਈ। ਮਾਮਲੇ ਦੀ ਜਾਂਚ ਕਰ ਰਹੇ ਥਾਣਾ ਬਡਾਲੀ ਆਲਾ ਸਿੰਘ ਦੇ ਸਬ-ਇੰਸਪੈਕਟਰ ਪਰਜਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ 'ਚ ਜਲੇਸਰ ਰਾਏ ਨੇ ਦੱਸਿਆ ਕਿ ਉਹ, ਓਮੇਸ਼ ਰਾਏ ਤੇ ਸੰਜੇਸ਼ ਰਾਏ ਵਾਸੀਆਨ ਪਿੰਡ ਸੀਤਲਪੱਟੀ, ਜ਼ਿਲ੍ਹਾ ਸੀਤਾਮੜ੍ਹੀ (ਬਿਹਾਰ) ਪਿੰਡ ਭਗੜਾਣਾ ਵਿਖੇ ਦਲਜਿੰਦਰ ਸਿੰਘ ਨਾਮਕ ਕਿਸਾਨ ਦੀ ਮੋਟਰ 'ਤੇ ਬਣੇ ਕਮਰੇ 'ਚ ਰਹਿ ਰਹੇ ਹਨ, ਜਿੱਥੇ ਆਰਾਮ ਕਰਦੇ ਸਮੇਂ ਜਦੋਂ ਤੜਕੇ ਬਿਜਲੀ ਚਲੀ ਗਈ ਤਾਂ ਸੰਜੇਸ਼ ਰਾਏ ਫਿਊਜ਼ ਲਗਾਉਣ ਲਈ ਟਰਾਂਸਫਰਮਰ 'ਤੇ ਚੜ੍ਹ ਗਿਆ, ਜਿਸ ਤੋਂ ਬਾਅਦ ਫਿਊਜ਼ ਲਗਾ ਕੇ ਸੰਜੇਸ਼ ਰਾਏ ਨੇ ਜਿਵੇਂ ਹੀ ਟਰਾਂਸਫਾਰਮਰ ਦੀ ਸਵਿੱਚ ਲਗਾਈ ਤਾਂ ਉਸ ਵਿੱਚ ਕਰੰਟ ਆ ਗਿਆ, ਜਿਸ ਦਾ ਜ਼ੋਰਦਾਰ ਝਟਕਾ ਸੰਜੇਸ਼ ਰਾਏ ਨੂੰ ਲੱਗਾ। ਉਸ ਨੂੰ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਪਹੰਚਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

### ਬਾਬਾ ਮੋਨੀ ਜੀ ਡਿਗਰੀ ਕਾਲਜ ਦਾ ਬੀ.ਏ. ਭਾਗ-ਤੀਜਾ (ਸਮੈਸਟਰ ਛੇਵਾਂ) ਦਾ ਨਤੀਜਾ ਸੌ ਫ਼ੀਸਦੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੰਜਾਬੀ ਯੂਨੀਵਰਸਟੀ ਪਟਿਆਲਾ ਵੱਲੋਂ ਐਲਾਨੇ ਗਏ ਬੀ.ਏ. ਭਾਗ-ਤੀਜਾ (ਸਮੈਸਟਰ ਛੇਵਾਂ) ਦੇ ਨਤੀਜੇ 'ਚੋਂ ਬਾਬਾ ਮੋਨੀ ਜੀ ਡਿਗਰੀ ਕਾਲਜ ਦਾ ਨਤੀਜਾ ਸੌ ਫ਼ੀਸਦੀ ਰਿਹਾ। ਕਾਲਜ 'ਚੋਂ ਰਾਜਵੀਰ ਕੌਰ ਪੁੱਤਰੀ ਸਤਪਾਲ ਸਿੰਘ ਮਹਿਰਾਜ ਨੇ ਪਹਿਲਾ, ਪਾਇਲ ਕਰਮਾਕਰ ਪੁੱਤਰੀ ਵਿਸ਼ਵਾਜੀਤ ਕਰਮਾਕਰ ਲਹਿਰਾ ਮੁਹੱਬਤ ਨੇ ਦੂਜਾ ਅਤੇ ਬੇਅੰਤ ਕੌਰ ਪੁੱਤਰੀ ਨਿਰਮਲਜੀਤ ਸਿੰਘ 'ਰੰਗਾ' ਨੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਬਾਕੀ ਸਾਰੀਆਂ ਵਿਦਿਆਰਥਣਾਂ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ ਤੇ ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਨੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਮੁਕੇਸ਼ ਕੁਮਾਰ ਸਾਹੂ, ਵਾਈਸ ਪ੍ਰਿੰਸੀਪਲ ਦਿਨੇਸ਼ ਕੁਮਾਰ ਤੇ ਪ੍ਰੋ. ਅਮਨਿੰਦਰ ਕੌਰ ਨੇ ਵਧਾਈ ਦਿੰਦਿਆਂ ਵਿਦਿਆਰਥਣਾਂ ਨੂੰ ਹੋਰ ਵਧੇਰੇ ਮਿਹਨਤ ਕਰਕੇ ਤਰੱਕੀਆਂ ਹਾਸਲ ਕਰਨ ਦੀ ਪ੍ਰੇਰਣਾ ਦਿੱਤੀ।

### ਸੁਖਮਨੀ ਸੇਵਾ ਸੁਸਾਇਟੀ ਵੱਲੋਂ ਖ਼ੂਨਦਾਨ ਕੈਂਪ ਭਲਕੇ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸਮਾਜ ਸੇਵੀ ਕਾਰਜਾਂ ਨੂੰ ਸਮਰਪਤ ਸੁਖਮਨੀ ਸੇਵਾ ਸੁਸਾਇਟੀ ਛੀਨੀਵਾਲ ਕਲਾਂ ਵੱਲੋਂ ਪਹਿਲਾ ਵਿਸ਼ਾਲ ਖ਼ੂਨਦਾਨ ਕੈਂਪ 26 ਅਗਸਤ ਨੂੰ ਸਮੂਹ ਨਗਰ ਨਿਵਾਸੀਆਂ ਅਤੇ ਐਨ.ਆਰ ਆਈਜ ਦੇ ਸਹਿਯੋਗ ਨਾਲ ਗੁਰਦੁਆਰਾ ਜੰਡਸਰ ਸਾਹਿਬ ਵਿਖੇ ਲਗਾਇਆ ਜਾ ਰਿਹਾ ਹੈ। ਮੁੱਖ ਪ੍ਰਬੰਧਕ ਪ੍ਰਧਾਨ ਜਗਮੇਲ ਸਿੰਘ ਛੀਨੀਵਾਲ, ਸੇਵਾ ਮੁਕਤ ਐੱਸ ਡੀ ਓ ਲਖਵੀਰ ਸਿੰਘ, ਦਵਿੰਦਰਪਾਲ ਸਿੰਘ ਥਿੰਦ, ਡਾ: ਰਾਜਿੰਦਰ ਸਿੰਘ ਅਨੁਸਾਰ ਇਸ ਮੌਕੇ ਆਦੇਸ਼ ਹਸਪਤਾਲ ਭੁੱਚੋ ਬਠਿੰਡਾ ਤੋਂ ਬਲੱਡ ਬੈਂਕ ਦੀ ਟੀਮ ਵਿਸ਼ੇਸ਼ ਤੌਰ 'ਤੇ ਪਹੁੰਚੇਗੀ। ਇਸ ਪ੍ਰੋਗਰਾਮ ਸਬੰਧੀ ਰੰਗਦਾਰ ਬੈਨਰ ਸਮੂਹ ਪ੍ਰਬੰਧਕਾਂ ਵੱਲੋਂ ਜਾਰੀ ਕੀਤਾ ਗਿਆ। ਉਨ੍ਹਾਂ ਸਮਾਜ ਸੇਵਾ ਦੇ ਇਸ ਕਾਰਜ ਦੀ ਸਫਲਤਾ ਲਈ ਸਾਰਿਆਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ।

### ਪਾਣੀ ਚੋਰੀ ਕਰਨ ਦੇ ਦੋਸ਼ 'ਚ ਮਾਮਲਾ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜਲ ਸਰੋਤ ਵਿਭਾਗ ਦੇ ਅਧਿਕਾਰੀ ਦੀ ਸ਼ਿਕਾਇਤ 'ਤੇ ਥਾਣਾ ਮੂਲੇਪੁਰ ਦੀ ਪੁਲਸ ਵੱਲੋਂ ਪਿੰਡ ਨਲੀਨੀ ਦੇ ਨਾਜ਼ਰ ਖਾਂ ਨਾਮਕ ਵਿਅਕਤੀ ਵਿਰੁੱਧ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਜਲ ਸਰੋਤ ਵਿਭਾਗ ਦੇ ਜ਼ਿਲ੍ਹੇਦਾਰ ਗੁਰਲਾਭ ਸਿੰਘ ਵੱਲੋਂ ਮੂਲੇਪੁਰ ਪੁਲਸ ਨੂੰ ਦਿੱਤੀ ਗਈ ਸ਼ਿਕਾਇਤ 'ਚ ਦੋਸ਼ ਲਗਾਏ ਗਏ ਸਨ ਕਿ ਬੀਤੀ 18/8/23 ਦੀ ਸ਼ਾਮ ਨੂੰ ਨਾਜ਼ਰ ਖਾਂ ਨੇ ਸੂਏ ਦੀ ਪਟੜੀ ਵੱਢ ਕੇ ਪਾਈਪ ਲਗਾ ਕੇ ਪਾਣੀ ਚੋਰੀ ਕੀਤਾ ਹੈ। ਸਹਾਇਕ ਥਾਣੇਦਾਰ ਬਲਕਾਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਵੋਟਾਂ ਦੀ ਸੁਧਾਈ ਦਾ ਕੰਮ ਅੰਤਮ ਪੜਾਅ 'ਤੇ

**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੇ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਮੈਡਮ ਡਾ. ਰੂਹੀ ਦੁੱਗ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੂਰੇ ਜ਼ਿਲ੍ਹੇ 'ਚ ਵੋਟਾਂ ਬਣਾਉਣ ਤੇ ਸੁਧਾਈ ਦਾ ਕੰਮ ਚੱਲ ਰਿਹਾ ਹੈ। ਬੀਐੱਲਓ ਯੂਨੀਅਨ ਦੇ ਪ੍ਰਧਾਨ ਨਵਦੀਪ ਸੁੱਖੀ ਨੇ ਦੱਸਿਆ ਕਿ ਇਸ ਅਧੀਨ ਹਲਕਾ 086 ਮੁਕਤਸਰ ਦੇ ਰਿਟਰਨਿੰਗ ਅਫਸਰ-ਕਮ-ਐੱਸ ਡੀ ਐੱਮ ਕੰਵਰਜੀਤ ਸਿੰਘ ਮਾਨ ਮੌੜ ਦੀ ਅਗਵਾਈ ਹੇਠ ਬੀਐੱਲਓ ਵੱਲੋਂ ਵੋਟਾਂ ਦੀ ਸੁਧਾਈ ਦਾ ਕੰਮ ਕੀਤਾ ਜਾ ਰਿਹਾ ਹੈ, ਜਿਹੜਾ ਅੰਤਿਮ ਪੜਾਅ 'ਤੇ ਚੱਲ ਰਿਹਾ ਹੈ। ਕੁਝ ਕੁ ਪੱਛੜੇ ਇਲਾਕਿਆਂ 'ਚ ਮਜ਼ਦੂਰ ਵਰਗ ਸਿਰਫ ਰਾਤ ਜਾਂ ਸਵੇਰੇ ਜਲਦੀ ਹੀ ਮਿਲਦੇ ਨੇ, ਜਿਸ ਲਈ ਬੀ ਐੱਲ ਓ ਨੇ ਮੰਗ ਕੀਤੀ ਹੈ ਕਿ ਕੰਮ ਨੂੰ ਤਸੱਲੀਬਖਸ਼ ਪੂਰਾ ਕਰਨ ਤੇ ਦੁਬਾਰਾ ਨਜ਼ਰਸਾਨੀ ਲਈ 31 ਅਗਸਤ ਤੱਕ ਬੀ ਐੱਲ ਓ ਨੂੰ ਪਿੱਤਰੀ ਵਿਭਾਗ ਤੋਂ ਫਾਰਗ ਕੀਤਾ ਜਾਵੇ।

# ਮਜ਼ਦੂਰ ਦੇ ਘਰ ਦੀ ਛੱਤ ਡਿੱਗੀ



**ਬਰੇਟਾ (ਰੀਤਵਾਲ)**-ਇੱਥੋਂ ਥੋੜ੍ਹੀ ਦੂਰ ਪਿੰਡ ਗੋਬਿੰਦਪੁਰਾ ਵਿਖੇ ਇੱਕ ਗਰੀਬ ਪਰਿਵਾਰ ਦੇ ਘਰ ਦੀ ਛੱਤ ਅਚਾਨਕ ਡਿੱਗ ਪਈ। ਪੀੜਤ ਅਰਵਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਆਏ ਮੀਂਹ ਵਾਲੇ ਦਿਨਾਂ 'ਚ ਉਸ ਦੇ ਘਰ ਅੰਦਰ ਤ੍ਰੇੜਾਂ ਆ ਗਈਆਂ ਸਨ। ਉਹ ਦਿਹਾੜੀ ਕਰਕੇ ਆਪਣੇ ਘਰ ਦਾ ਗੁਜ਼ਾਰਾ ਚਲਾਉਂਦਾ ਹੈ। ਅਚਾਨਕ ਛੱਤ ਡਿੱਗਣ ਕਾਰਨ ਉਸ ਦੇ ਘਰ ਅੰਦਰ ਪਿਆ ਘਰੇਲੂ ਸਾਮਾਨ ਦਾ ਕਾਫੀ ਨੁਕਸਾਨ ਹੋ ਗਿਆ। ਇਸ ਮੌਕੇ ਪਿੰਡ ਦੇ ਸਾਬਕਾ ਸਰਪੰਚ ਗੁਰਲਾਲ ਸਿੰਘ ਨੇ ਸਰਕਾਰ ਤੋਂ ਮੰਗ ਕੀਤੀ ਕਿ ਪੀੜਤ ਪਰਿਵਾਰ ਨੂੰ ਸਹਾਇਤਾ ਰਾਸ਼ੀ ਦੇ ਕੇ ਮਦਦ ਕੀਤੀ ਜਾਵੇ।

# ਪ੍ਰਾਪਰਟੀ ਡੀਲਰਾਂ ਦਾ ਵਫ਼ਦ ਓ ਐੱਸ ਡੀ ਪ੍ਰੋਫੈਸਰ ਉਂਕਾਰ ਸਿੰਘ ਨੂੰ ਮਿਲਿਆ

■ ਬੰਦ ਪਈਆਂ ਰਜਿਸਟੀਆਂ ਤੇ ਐੱਨ.ਓ.ਸੀ. ਦਾ ਮਾਮਲਾ ਗਰਮਾਇਆ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-14 ਅਗਸਤ ਤੋਂ ਸਥਾਨਕ ਤਹਿਸੀਲ ਦਫ਼ਤਰ ਵਿਖੇ ਗੰਨਾ ਕਾਸ਼ਤਕਾਰਾਂ ਦੇ ਚੱਲ ਰਹੇ ਸੰਘਰਸ਼ ਕਾਰਨ ਬੰਦ ਪਏ ਰਜਿਸਟ੍ਰੇਸ਼ਨ ਦੇ ਕੰਮ ਤੋਂ ਖਫ਼ਾ ਹੋਏ ਪੰਜਾਬ ਕਲੋਨਾਈਜ਼ਰ ਐਂਡ ਪ੍ਰੋਪਰਟੀ ਡੀਲਰ ਐਸੋਸੀਏਸ਼ਨ ਧੂਰੀ ਦਾ ਇੱਕ ਵਫ਼ਦ ਪ੍ਰਧਾਨ ਵਰਿੰਦਰਪਾਲ ਸਿੰਘ ਭੁੱਲਰ ਦੀ ਅਗਵਾਈ ਹੇਠ ਸਥਾਨਕ ਮੁੱਖ ਮੰਤਰੀ ਕੈਂਪ ਦਫ਼ਤਰ ਵਿਖੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਨੂੰ ਮਿਲਿਆ। ਵਫ਼ਦ ਨੇ ਦੱਸਿਆ ਕਿ ਗੰਨਾ ਕਾਸ਼ਤਕਾਰ ਆਪਣੀ ਮੰਗ 'ਤੇ ਜਾਇਜ਼ ਹਨ ਕਿ ਉਨ੍ਹਾਂ ਨੂੰ ਅਦਾਇਗੀ ਤੁਰੰਤ ਮਿਲਣੀ ਚਾਹੀਦੀ ਹੈ, ਪਰ ਰਜਿਸਟ੍ਰੇਸ਼ਨ ਦਾ ਕੰਮਕਾਰ ਨਾ ਹੋਣ ਕਾਰਨ ਪ੍ਰੋਪਰਟੀ ਖਰੀਦੋ ਫਰੋਖਤ ਦਾ ਕੰਮਕਾਰ ਕਰਨ ਵਾਲੇ ਵਸੀਕਾ ਨਵੀਸਾਂ, ਅਸ਼ਟਾਮ ਫਰੋਸ਼ਾਂ ਤੇ ਨਕਸ਼ਾ ਨਵੀਸਾਂ ਦੇ ਚੁੱਲ੍ਹੇ ਠੰਢੇ ਹੋ ਚੁੱਕੇ ਹਨ। ਉਨ੍ਹਾ ਕਿਹਾ ਕਿ ਪ੍ਰੋਪਰਟੀਆਂ ਦੀ ਖਰੀਦੋ ਫਰੋਖਤ ਲਈ ਵਿਦੇਸ਼ੋਂ ਤੇ ਬਾਹਰਲੇ ਸ਼ਹਿਰਾਂ ਵਿੱਚੋਂ ਆਏ ਲੋਕ ਖੱਜਲ ਖੁਆਰ ਹੋ ਰਹੇ ਹਨ ਅਤੇ ਪ੍ਰੋਪਰਟੀ ਦੀਆਂ ਰਜਿਸਟਰੀਆਂ ਨਾ ਹੋਣ ਕਾਰਨ ਲੋਕਾਂ ਦਰਮਿਆਨ ਝਗੜੇ ਪੈਦਾ ਹੋ ਰਹੇ ਹਨ। ਇਸੇ ਦੌਰਾਨ ਹੀ ਵਫ਼ਦ ਨੇ ਜਾਣੂ ਕਰਵਾਇਆ ਕਿ ਨਗਰ ਕੌਂਲ ਵੱਲੋਂ ਜਾਰੀ ਕੀਤੇ ਜਾਂਦੇ ਐੱਨ.ਓ.ਸੀ. ਵਿੱਚ ਵੀ ਦਰਪੇਸ਼ ਮੁਸ਼ਕਲਾਂ ਬਾਰੇ ਦੱਸਿਆ। ਮੀਟਿੰਗ ਦੇ ਵੇਰਵੇ ਦੱਸਦਿਆਂ ਪ੍ਰਧਾਨ ਵਰਿੰਦਰਪਾਲ ਸਿੰਘ ਭੁੱਲਰ ਨੇ ਕਿਹਾ ਕਿ ਵਫ਼ਦ ਨੂੰ ਓਐੱਸਡੀ ਪ੍ਰੋਫੈਸਰ ਸਿੱਧੂ ਨੇ ਵਿਸ਼ਵਾਸ ਦਿਵਾਇਆ ਕਿ ਗੰਨਾ ਕਾਸ਼ਤਕਾਰਾਂ ਦਾ ਧਰਨਾ ਸਮਾਪਤ ਕਰਵਾਉਣ ਲਈ ਸਰਕਾਰ ਲਗਾਤਾਰ ਯਤਨਸ਼ੀਲ ਹੈ ਤੇ ਖੰਡ ਮਿੱਲ ਨਾਲ ਗੱਲਬਾਤ ਜਾਰੀ ਹੈ ਅਤੇ ਐੱਨ.ਓ.ਸੀ. ਦੇ ਮੁੱਦੇ ਨੂੰ ਲੈ ਕੇ ਜਲਦੀ ਹੀ ਪ੍ਰੋਪਰਟੀ ਡੀਲਰਾਂ ਦੀ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਨਾਲ ਮੀਟਿੰਗ ਕਰਵਾਈ ਜਾਵੇਗੀ। ਇਸ ਮੌਕੇ ਵਿਨੋਦ ਕੁਮਾਰ ਟੀਟੂ, ਸ਼ਕਰ ਕੁਮਾਰ, ਰਜਨੀਸ਼ ਕੁਮਾਰ, ਗੋਪਾਲ ਕ੍ਰਿਸ਼ਨ, ਪ੍ਰਦੀਪ ਕੁਮਾਰ, ਜਸਵੀਰ ਸਿੰਘ ਦੋਹਲਾ, ਮੱਖਣ ਲਾਲ ਆਦਿ ਹਾਜ਼ਰ ਸਨ।

# ਬੁੱਢਾ ਦਲ ਦੇ ਮੁਖੀ ਵੱਲੋਂ ਵਿਗਿਆਨੀਆਂ ਨੂੰ ਵਧਾਈ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਇਸਰੋ ਦੇ ਵਿਗਿਆਨੀਆਂ ਤੇ ਪ੍ਰਧਾਨ ਮੰਤਰੀ ਨੂੰ ਚੰਦਰਮਾ 'ਤੇ ਖੋਜ ਯੰਤਰ ਭੇਜਣ 'ਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਵਧਾਈ ਦਿੱਤੀ ਹੈ ਤੇ ਕਿਹਾ ਕਿ ਭਾਰਤੀ ਵਿਗਿਆਨੀਆਂ ਵੱਲੋਂ ਚੰਦਰਯਾਨ-3 ਦੁਆਰਾ ਲਿਜਾਇਆ ਗਿਆ ਵਿਕਰਮ ਲੈਂਡਰ ਸਫਲਤਾਪੂਰਵਕ ਚੰਦ ਦੇ ਦੱਖਣੀ ਧਰੁਵ 'ਤੇ ਉਤਾਰਿਆ ਗਿਆ ਹੈ। ਭਾਰਤ ਚੰਦਰਮਾ ਦੇ ਇਸ ਹਿੱਸੇ 'ਤੇ ਖੋਜ-ਯੰਤਰ ਭੇਜਣ ਵਾਲਾ ਦੁਨੀਆ ਦਾ ਪਹਿਲਾ ਦੇਸ਼ ਬਣ ਗਿਆ ਹੈ। ਇਸ ਤੋਂ ਪਹਿਲਾਂ ਸਿਰਫ਼ ਰੂਸ, ਅਮਰੀਕਾ ਤੇ ਚੀਨ ਹੀ ਚੰਦ 'ਤੇ ਆਪਣੇ ਖੋਜ-ਯੰਤਰ ਭੇਜ ਸਕੇ ਹਨ। ਬੁੱਢਾ ਦਲ ਦੇ ਸਕੱਤਰ ਸ੍ਰ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇਕ ਲਿਖਤੀ ਬਿਆਨ ਵਿੱਚ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਚੰਦ ਦੇ ਤਲ 'ਤੇ ਸਫਲਤਾਪੂਰਵਕ ਖੋਜ-ਯੰਤਰ ਉਤਾਰਨਾ ਨਵੀਂ ਸ਼ੁਰੂਆਤ ਹੈ। ਇਸ ਤੋਂ ਮਹੱਤਵਪੂਰਨ ਡਾਟਾ ਸਾਹਮਣੇ ਆਵੇਗਾ, ਜਿਸ ਤੋਂ ਬ੍ਰਹਿਮੰਡ ਦੇ ਬਣਨ ਤੇ ਬਾਅਦ ਵਿੱਚ ਹੋਏ ਵਿਕਾਸ ਬਾਰੇ ਅੰਤਰ-ਦ੍ਰਿਸ਼ਟੀਆਂ ਸਾਹਮਣੇ ਆਉਣਗੀਆਂ। ਇਸ ਨਾਲ ਭੌਤਿਕ ਵਿਗਿਆਨ, ਹਿਸਾਬ, ਤਾਰਾ ਵਿਗਿਆਨ, ਪੁਲਾੜ ਵਿਗਿਆਨ ਤੇ ਵਿਗਿਆਨ ਦੇ ਹੋਰ ਖੇਤਰਾਂ ਵਿੱਚ ਤਰੱਕੀ ਹੋਵੇਗੀ ਤੇ ਖੋਜ ਦੇ ਨਵੇਂ ਦਿਸਹੱਦੇ ਉਭਰਨਗੇ। ਉਨ੍ਹਾ ਕਿਹਾ ਇਹ ਸਫਲਤਾ ਵੱਡੇ ਪਸਾਰਾਂ ਵਾਲੀ ਹੈ ਅਤੇ ਭਾਰਤ ਤੇ ਪੂਰੀ ਮਾਨਵਤਾ ਦੇ ਵਿਗਿਆਨ ਦੇ ਇਤਿਹਾਸ ਵਿੱਚ ਮੀਲ ਪੱਥਰ ਹੈ। ਇਹ ਸਾਰੇ ਦੇਸ਼ ਲਈ ਗੌਰਵ ਤੇ ਮਾਣ-ਸਨਮਾਨ ਦੀ ਘੜੀ ਹੈ, ਇਹ ਮਾਣ-ਸਨਮਾਨ ਦੇਸ਼ ਦੇ ਵਿਗਿਆਨੀਆਂ ਦੀ ਮਿਹਨਤ ਤੇ ਸਿਰੜ ਦਾ ਨਤੀਜਾ ਹੈ।

# ਅਰੋੜਾ ਵੰਸ਼ ਸੁਸਾਇਟੀ ਵੱਲੋਂ ਖ਼ੂਨਦਾਨ ਕੈਂਪ



**ਨਾਭਾ (ਵਰਿੰਦਰ ਵਰਮਾ)**-ਅਰੋੜਾ ਵੰਸ਼ ਸੁਸਾਇਟੀ ਨਾਭਾ ਵੱਲੋਂ ਪ੍ਰਧਾਨ ਦਰਸ਼ਨ ਅਰੋੜਾ ਦੀ ਅਗਵਾਈ ਹੇਠ ਰੋਟਰੀ ਕਲੱਬ ਪਟਿਆਲਾ ਗੇਟ ਵਿਖੇ ਵਿਸ਼ਾਲ ਖੂਨਦਾਨ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ ਸਿਵਲ ਹਸਪਤਾਲ ਦੇ ਡਾਕਟਰਾਂ ਦੀ ਟੀਮ ਵਿਕਾਸ ਮਿੱਤਲ ਦੀ ਦੇਖ-ਰੇਖ ਵਿੱਚ 50 ਦੇ ਕਰੀਬ ਖੂਨਦਾਨੀਆਂ ਤੋਂ ਖੂਨ ਇਕੱਤਰ ਕੀਤਾ। ਇਸ ਕੈਂਪ ਦੇ ਮੁੱਖ ਮਹਿਮਾਨ ਸ੍ਰ. ਚਰਨ ਸਿੰਘ ਐੱਮ ਡੀ ਮਲਕੀਤ ਕੰਬਾਇਨ, ਨਾਭਾ ਤੇ ਵਿਸ਼ੇਸ਼ ਮਹਿਮਾਨ ਪਟਿਆਲਾ ਜਸਬੀਰ ਸਿੰਘ ਜੱਸੀ ਸੋਹੀਆਂ ਵਾਲਾ ਤੇ ਇੰਪਰੂਵਮੈਂਟ ਟਰੱਸਟ ਸੁਰਿੰਦਰ ਪਾਲ ਸ਼ਰਮਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਸਾਂਝੇ ਤੌਰ 'ਤੇ ਸੁਸਾਇਟੀ ਵੱਲੋਂ ਕਰਵਾਏ ਜਾ ਰਹੇ ਸਮਾਜ ਭਲਾਈ ਦੇ ਕਾਰਜਾਂ ਦੀ ਸ਼ਲਾਘਾ ਤੇ ਖੂਨਦਾਨੀਆਂ ਦੀ ਹੌਸਲਾ ਅਫਜ਼ਾਈ ਕੀਤੀ। ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਸਮੇਂ ਸਮੇਂ ਸਿਰ ਖੂਨ ਦਾਨ ਜ਼ਰੂਰ ਕਰਨਾ ਚਾਹੀਦਾ ਹੈ। ਇਸ ਮੌਕੇ ਸੁਸਾਇਟੀ ਦਰਸ਼ਨ ਅਰੋੜਾ ਤੇ ਸਮੂਹ ਮੈਂਬਰ ਵੱਲੋਂ ਮੁੱਖ ਮਹਿਮਾਨ ਤੇ ਸ਼ਖਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਐੱਸ ਐੱਮ ਓ ਡਾਕਟਰ ਸੰਜੇ ਗੋਇਲ, ਦਲਜੀਤ ਸਿੰਘ ਸੰਧੂ, ਸਾਬਕਾ ਸਿਵਲ ਸਰਜਨ ਡਾਕਟਰ ਆਈ ਡੀ ਗੋਇਲ, ਵੇਦ ਪ੍ਰਕਾਸ਼ ਡੱਲਾ, ਸੰਜੀਵ ਕੁਮਾਰ ਸ਼ਿਲਪਾ, ਹਰਬੀਰ ਢੀਂਡਸਾ, ਪ੍ਰਧਾਨ ਰੋਟਰੀ ਕਲੱਬ ਦਰਸ਼ਨ ਬੁੱਟਰ, ਪ੍ਰਧਾਨ ਹਰਸ ਬਲੱਡ ਡੋਨਰ ਸੁਸਾਇਟੀ ਭੁਵੇਸ਼ ਬਾਂਸਲ ਭਾਸੀ ਤੋਂ ਇਲਾਵਾ ਸੁਸਾਇਟੀ ਮੈਂਬਰ ਆਦਿ ਹਾਜ਼ਰ ਸਨ।

# ਚੱਕ ਸੈਦੋਕੇ ਸਕੂਲ ਦੇ ਵਿਦਿਆਰਥੀ ਜ਼ਿਲ੍ਹਾ ਪੱਧਰੀ ਰੱਸਾਕਸ਼ੀ ਮੁਕਾਬਲੇ 'ਚ ਦੂਜੇ ਸਥਾਨ 'ਤੇ ਰਹੇ



**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਵਿੱਚ ਚੱਲ ਰਹੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਸੈਦੋਕੇ ਦੇ ਵਿਦਿਆਰਥੀਆਂ ਨੇ ਅੰਡਰ 19 ਰੱਸਾਕਸ਼ੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹੇ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਅਨੀਤਾ ਰਾਣੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਲਖਵਿੰਦਰ ਸਿੰਘ ਫਿਜੀਕਲ ਟੀਚਰ ਦੀ ਅਗਵਾਈ ਹੇਠ ਸਕੂਲ ਦੀ ਅੰਡਰ-17 ਟੀਮ ਨੇ ਵੀ ਰੱਸਾਕਸ਼ੀ ਵਿੱਚ ਭਾਗ ਲਿਆ ਸੀ ਤੇ ਚੌਥੇ ਨੰਬਰ 'ਤੇ ਰਹੀ। ਪ੍ਰਿੰਸੀਪਲ ਨੇ ਦੱਸਿਆ ਕਿ ਸਕੂਲ ਵਿੱਚ ਸਬੰਧਤ ਅਧਿਆਪਕ ਤੇ ਵਿਦਿਆਰਥੀਆਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ ਅਤੇ ਸਵੇਰ ਦੀ ਸਭਾ ਵਿੱਚ ਮੈਡਲ ਦੇ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸਮੂਹ ਸਟਾਫ ਨੇ ਵਧਾਈ ਦਿੱਤੀ ਤੇ ਭਵਿੱਖ ਵਿੱਚ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਣ ਦਾ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ।

# ਮਲਟੀਪਰਪਜ਼ ਹੈੱਲਥ ਵਰਕਰ ਫੀਮੇਲ ਯੂਨੀਅਨ ਵੱਲੋਂ ਰੋਸ ਮੁਜ਼ਾਹਰਾ 28 ਨੂੰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਲਟੀਪਰਪਜ਼ ਹੈੱਲਥ ਵਰਕਰ ਫੀਮੇਲ ਯੂਨੀਅਨ ਪੰਜਾਬ ਵੱਲੋਂ ਪਿਛਲੇ ਸਮੇਂ ਤੋਂ ਰੁਕੀਆਂ ਮੰਗਾਂ ਨੂੰ ਮਨਵਾਉਣ ਲਈ ਡਾਇਰੈਕਟਰ ਸਿਹਤ ਸੇਵਾਵਾਂ ਦੇ ਬਾਹਰ 28 ਅਗਸਤ ਨੂੰ ਰੋਸ ਮੁਜ਼ਾਹਰੇ ਦਾ ਐਲਾਨ ਕੀਤਾ ਹੈ।ਜਥੇਬੰਦੀ ਦੀ ਪੰਜਾਬ ਪ੍ਰਧਾਨ ਮਨਜੀਤ ਕੌਰ ਫਰੀਦਕੋਟ, ਅਮਨਦੀਪ ਕੌਰ ਗੁਰਦਾਸਪੁਰ, ਪਰਮਜੀਤ ਕੌਰ ਬਟਾਲਾ, ਮਲਟੀਪਰਪਜ਼ ਹੈੱਲਥ ਇੰਪਲਾਈਜ਼ ਮੇਲ ਫੀਮੇਲ ਯੂਨੀਅਨ ਪੰਜਾਬ ਦੇ ਮੀਤ ਪ੍ਰਧਾਨ ਨਰਿੰਦਰ ਸ਼ਰਮਾ, ਸੁਖਜੀਤ ਮੁਕਤਸਰ ਸਮੇਤ ਹੋਰ ਆਗੂਆਂ ਨੇ ਕਿਹਾ ਕਿ ਸਾਡੇ ਕੇਡਰ ਤੋਂ ਯੂ ਵਿਨ ਤੇ ਹੋਰ ਕੰਮ ਆਨਲਾਈਨ ਕਰਨ ਲਈ ਵਿਭਾਗ ਵੱਲੋਂ ਲਾਗਾਤਾਰ ਦਬਾਉ ਪਾਇਆ ਜਾ ਰਿਹਾ ਹੈ, ਜੋ ਕਿ ਗਲਤ ਹੈ।ਜਥੇਬੰਦੀ ਨੇ ਇਸ ਸਬੰਧੀ ਦਫਤਰ ਨੂੰ ਬਾਈਕਾਟ ਮੰਗਾਂ ਦੇ ਹੱਲ ਤੱਕ ਨਾ ਕਰਨ ਲਈ ਕਿਹਾ ਹੋਇਆ ਹੈ, ਪਰ ਫਿਰ ਵੀ ਅਧਿਕਾਰੀ ਕਈ ਥਾਂ ਜ਼ਬਰਦਸਤੀ ਦਬਾਅ ਪਾ ਰਹੇ ਹਨ।ਇਸੇ ਕਾਰਨ ਜਥੇਬੰਦੀ ਵਿੱਚ ਭਾਰੀ ਰੋਸ ਹੈ।ਇਸ਼ ਨੁਮਾਇੰਦੇ ਰੋਸ ਮੁਜ਼ਾਹਰੇ ਸਬੰਧੀ ਵਿਭਾਗ ਨੂੰ ਨੋਟਿਸ ਭੇਜ ਦਿੱਤਾ ਹੈ।ਇਸ ਮੌਕੇ ਜਨਰਲ ਸਕੱਤਰ ਮਨਜੀਤ ਕੌਰ, ਸ਼ਿੰਦਰ ਕੌਰ ਮਾਨਸਾ, ਮਨਜੀਤ ਕੌਰ ਬਰਨਾਲਾ, ਕਿਰਪਾਲ ਕੌਰ ਰੋਪੜ, ਮਨਜਿੰਦਰ ਕੌਰ ਮੋਹਾਲੀ, ਜਸਬੀਰ ਕੌਰ ਤਾਰਨਤਾਰਨ, ਰਾਜਵਿੰਦਰ ਕੌਰ ਜਲੰਧਰ, ਦਰਸ਼ਨਾ ਦੇਵੀ ਬਰਨਾਲਾ ਹਾਜ਼ਰ ਸਨ।

# ਵਿਧਾਇਕ ਨੇ ਮੰਡੀ ਦੇ ਸ਼ੈੱਡ ਤੇ ਫੜ੍ਹ ਨੂੰ ਪੱਕਾ ਕਰਨ ਦਾ ਰੱਖਿਆ ਨੀਂਹ ਪੱਥਰ

**ਆਪ ਸਰਕਾਰ ਵੱਲੋਂ ਪੰਜਾਬ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ : ਗੈਰੀ ਬੜਿੰਗ**



**ਮੰਡੀ ਗੋਬਿੰਦਗੜ੍ਹ (ਹਰਚਰਨ ਉੱਪਲ, ਲਖਵੀਰ ਸਿੰਘ)**-ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਵੱਲੋਂ ਮੁੱਖ ਯਾਰਡ ਮੰਡੀ ਗੋਬਿੰਦਗੜ੍ਹ ਵਿਖੇ 1.68 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਸਟੀਲ ਕਵਰ ਸ਼ੈੱਡ ਤੇ ਮੰਡੀ ਦੇ ਫੜ੍ਹ ਨੂੰ ਸੀ ਸੀ ਫਲੋਰਿੰਗ ਕਰਨ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਵਿਧਾਇਕ ਬੜਿੰਗ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਆੜ੍ਹਤੀਆਂ ਤੇ ਕਿਸਾਨਾਂ ਦੀ ਮੰਗ ਸੀ, ਜਿਹੜੀ ਹੁਣ ਪੂਰੀ ਹੋਣ ਜਾ ਰਹੀ ਹੈ, ਉਥੇ ਹੀ ਕੰਮ ਨੇਪਰੇ ਚੜ੍ਹਨ ਨਾਲ ਕਿਸਾਨਾਂ ਤੇ ਆੜ੍ਹਤੀਆਂ ਨੂੰ ਮੰਡੀਆਂ ਵਿੱਚ ਕਿਸੇ ਪ੍ਰਕਾਰ ਦੀ ਕੋਈ ਮੁਸ਼ਕਲ ਨਹੀਂ ਆਵੇਗੀ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਦੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ, ਜਿਸ ਤਹਿਤ ਵੱਡੇ ਪੱਧਰ 'ਤੇ ਵਿਕਾਸ ਦੇ ਕੰਮ ਵੀ ਜਾਰੀ ਹਨ। ਉਨ੍ਹਾ ਕਿਹਾ ਕਿ ਇਹ ਰਾਸ਼ੀ ਕੈਬਨਿਟ ਮੰਤਰੀ ਦੇ ਅਖਤਿਆਰੀ ਕੋਟੇ ਵਿੱਚੋਂ ਲਿਆਂਦੀ ਗਈ ਹੈ, ਜਿਸ ਨਾਲ ਮੰਡੀ ਬੋਰਡ ਤੇ ਮਾਰਕੀਟ ਕਮੇਟੀ ਉੱਪਰ ਕਿਸੇ ਪ੍ਰਕਾਰ ਦਾ ਕੋਈ ਬੋਝ ਨਹੀਂ ਪਵੇਗਾ। ਉਨ੍ਹਾ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਵੀ ਹਲਕੇ ਅੰਦਰ ਹੋਰ ਵਿਕਾਸ ਕੰਮਾਂ ਦੀ ਸ਼ੁਰੂਆਤ ਕਰਨ ਜਾ ਰਹੇ ਹਾਂ। ਇਸ ਮੌਕੇ ਆੜ੍ਹਤੀਆਂ ਵੱਲੋਂ ਜਿੱਥੇ ਵਿਧਾਇਕ ਗੈਰੀ ਬੜਿੰਗ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ, ਉਥੇ ਹੀ ਆਪਣੀਆਂ ਕੁਝ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਗਿਆ, ਜਿਨ੍ਹਾਂ ਨੂੰ ਵਿਧਾਇਕ ਵੱਲੋਂ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਦੇ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ, ਸੀਨੀਅਰ ਆਗੂ ਰਣਜੀਤ ਸਿੰਘ ਅਜਨਾਲੀ, ਸਕੱਤਰ ਸੁਰਜੀਤ ਸਿੰਘ ਆਦਿ ਮੌਜੂਦ ਸਨ।

## ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਚੰਦਰਯਾਨ ਦੀ ਸਫ਼ਲਤਾ ਲਈ ਮੁਬਾਰਕਬਾਦ

**ਲੁਧਿਆਣਾ (ਐਮ ਐਸ ਭਾਟੀਆ/ਰੈਕਟਰ ਕਥੂਰੀਆ)**-ਅਸੀਂ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਚੰਦ੍ਰਯਾਨ ਦੇ ਚੰਦਰਮਾ 'ਤੇ ਉਤਰਨ ਲਈ ਦੇਸ ਦੇ ਵਿਗਿਆਨੀਆਂ, ਇੰਜਨੀਅਰਾਂ ਅਤੇ ਕਾਮਿਆਂ ਨੂੰ, ਜਿਨ੍ਹਾਂ ਨੇ ਇਸ ਅਭਿਆਨ ਨੂੰ ਸਫ਼ਲ ਬਣਾਇਆ, ਨੂੰ ਲੱਖ-ਲੱਖ ਵਧਾਈ ਦਿੰਦੇ ਹਾਂ। ਉਨ੍ਹਾਂ ਦਾ ਨਾਂਅ ਇਤਿਹਾਸ ਵਿਚ ਸਵਰਨ ਅੱਖਰਾਂ ਵਿੱਚ ਲਿਖਿਆ ਜਾਏਗਾ। ਚੰਦਰਮਾ ਦੇ ਦੱਖਣੀ ਧਰੁਵ ਤੇ ਯਾਨ ਉਤਾਰਨ ਵਾਲਾ ਭਾਰਤ ਪਹਿਲਾ ਦੇਸ ਹੈ। ਇਹ ਬਹੁਤ ਖ਼ੁਸ਼ੀ ਦੀ ਗੱਲ ਹੈ ਕਿ ਸਾਡੇ ਦੇਸ ਦੀ ਸੰਸਥਾ ਇਸਰੋ, ਜਿਸ ਦੀ ਸਥਾਪਨਾ 15 ਅਗਸਤ 1969 ਕੀਤੀ ਗਈ ਸੀ, ਇਸ ਮੁਕਾਮ 'ਤੇ ਪਹੁੰਚ ਗਈ ਹੈ ਕਿ ਅਸੀਂ ਚੰਦਰਮਾ ਦੇ ਉੱਪਰ ਆਪਣਾ ਯਾਨ ਉਤਾਰਨ ਵਿੱਚ ਸਫਲ ਹੋਏ ਹਾਂ। ਚੇਤੇ ਕਰਨਾ ਜ਼ਰੂਰੀ ਹੈ ਕਿ 1983 ਦੇ ਵਿੱਚ ਸਾਡੇ ਅੰਤਰਿਕਸ਼ ਯਾਤਰੀ ਰਕੇਸ਼ ਸ਼ਰਮਾ ਸੋਵੀਅਤ ਸੰਘ ਦੀ ਮਦਦ ਨਾਲ ਪੁਲਾੜ ਵਿੱਚ ਗਏ ਸਨ। ਸਾਡੇ ਦੇਸ ਨੇ 1980ਵਿਆਂ ਵਿੱਚ ਪੁਲਾੜ 'ਚ ਸੈਟੇਲਾਇਟ ਛੱਡੇ, ਜਿਨ੍ਹਾਂ ਸਦਕਾ ਟੈਲੀਵਿਜ਼ਨ ਦੇਖਣਾ ਸੰਭਵ ਹੋਇਆ ਤੇ ਬਾਅਦ ਵਿੱਚ ਅਨੇਕਾਂ ਸੈਟੇਲਾਈਟਾਂ ਕਾਰਨ ਮੌਸਮ ਦੀ ਜਾਣਕਾਰੀ ਤੇ ਇੰਟਰਨੈੱਟ ਆਦਿ ਨੂੰ ਬਹੁਤ ਲਾਭ ਹੋਇਆ। ਇਸ ਘਟਨਾ ਨੇ ਰੂੜੀਵਾਦੀ ਤੇ ਮਿੱਥਿਆਵਾਦੀ ਸੋਚ 'ਤੇ ਸੱਟ ਮਾਰੀ ਹੈ ਤੇ ਸਾਬਤ ਕੀਤਾ ਹੈ ਕਿ ਮਨੁੱਖੀ ਸ੍ਰਮ ਹੀ ਵਿਕਾਸ ਦਾ ਆਧਾਰ ਹੈ। ਸਾਨੂੰ ਲੁਧਿਆਣਾ ਵਾਸੀਆਂ ਨੂੰ ਮਾਣ ਹੈ ਕਿ ਡਾਕਟਰ ਸਤੀਸ ਧਵਨ ਲੜਕਿਆਂ ਦੇ ਗੌਰਮੈਂਟ ਕਾਲਜ ਦੇ ਵਿਦਿਆਰਥੀ ਸਨ ਜੋ ਕਿ 1972 ਤੋਂ 1984 ਤੱਕ ਇਸਰੋ ਦੇ ਚੇਅਰਮੈਨ ਰਹੇ।

# 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-2 ਦੀ ਸ਼ੁਰੂਆਤ 29 ਤੋਂ

■ ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਸਾਰੇ ਪ੍ਰਬੰਧ ਭਲਕ ਤੱਕ ਮੁਕੰਮਲ ਕਰਨ ਦੇ ਆਦੇਸ਼



**ਸੰਗਤ ਮੰਡੀ (ਰਾਜਦੀਪ ਜੋਸ਼ੀ)**-ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸੂਬੇ ਅੰਦਰ ਨੌਜਵਾਨਾਂ 'ਚ ਖੇਡ ਸੱਭਿਆਚਾਰ ਪੈਦਾ ਕਰਕੇ ਪੰਜਾਬ ਨੂੰ ਖੇਡਾਂ 'ਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਲਏ ਗਏ ਸੁਪਨੇ ਨੂੰ ਹਕੀਕੀ ਰੂਪ ਦੇਣ ਲਈ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ' ਦੀਆਂ ਸੀਜ਼ਨ-2 ਦੀ ਸ਼ੁਰੂਆਤ 29 ਅਗਸਤ 2023 ਨੂੰ ਸਥਾਨਕ ਸ਼ਹੀਦ ਭਗਤ ਸਿੰਘ ਬਹੁ-ਮੰਤਵੀ ਖੇਡ ਸਟੇਡੀਅਮ ਤੋਂ ਹੋਵੇਗੀ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਰੀਵਿਊ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਸਾਰੇ ਪ੍ਰਬੰਧ 26 ਅਗਸਤ ਤੱਕ ਕਰਨੇ ਯਕੀਨੀ ਬਣਾਉਣ। ਉਨ੍ਹਾ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਸਮਾਗਮ ਨੂੰ ਸਫ਼ਲਤਾਪੂਰਵਕ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਆਪੋ-ਆਪਣੀਆਂ ਡਿਊਟੀਆਂ ਪੂਰੀ ਤਨਦੇਹੀ ਨਾਲ ਨਿਭਾਈਆਂ ਜਾਣ। ਬੈਠਕ ਦੌਰਾਨ ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਟੇਡੀਅਮ ਦੀ ਸਾਫ਼-ਸਫ਼ਾਈ, ਖਿਡਾਰੀਆਂ ਤੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਰਹਿਣ-ਸਹਿਣ, ਖਾਣ-ਪੀਣ, ਟਰਾਂਸਪੋਰਟ, ਟ੍ਰੈਫ਼ਿਕ ਤੇ ਬਿਜਲੀ ਦੀ ਨਿਰਵਿਘਨ ਸਪਲਾਈ, ਮੈਡੀਕਲ ਟੀਮਾਂ ਤੇ ਐਂਬੂਲੈਂਸਾਂ, ਫਾਇਰ ਬ੍ਰਿਗੇਡ, ਸਾਫ਼ ਪੀਣ ਵਾਲਾ ਪਾਣੀ, ਆਰਜ਼ੀ ਪਖਾਨਿਆਂ, ਬੈਰੀਕੇਡਿੰਗ ਤੇ ਪਾਰਕਿੰਗ ਆਦਿ ਲਈ ਲੋੜੀਂਦੇ ਪ੍ਰਬੰਧ ਜਲਦ ਮੁਕੰਮਲ ਕਰਨ ਦੀ ਵੀ ਹਦਾਇਤ ਕੀਤੀ।

# ਨਸ਼ਾ ਮੁਕਤੀ ਲਈ ਪ੍ਰਬੰਧਕੀ ਕੰਪਲੈਕਸ ਵਿਖੇ ਧਰਨਾ ਜਾਰੀ

■ ਐਂਟੀ ਡਰੱਗ ਟਾਸਕ ਫੋਰਸ ਦੀਆਂ ਟੀਮਾਂ ਪਿੰਡਾਂ 'ਚ ਪ੍ਰਚਾਰ ਤੇ ਲਾਮਬੰਦੀ 'ਚ ਜੁਟੀਆਂ



**ਮਾਨਸਾ (ਪਮਾਰ)**-ਨਸ਼ਾ ਵਿਰੋਧੀ ਲਹਿਰ ਦੇ ਆਗੂ ਪਰਵਿੰਦਰ ਸਿੰਘ ਝੋਟਾ ਦੀ ਰਿਹਾਈ ਤੇ ਪੰਜਾਬ ਵਿੱਚੋਂ ਮਾਰੂ ਨਸ਼ਿਆਂ ਦੇ ਖਾਤਮੇ ਲਈ ਮਾਨਸਾ ਪ੍ਰਬੰਧਕੀ ਕੰਪਲੈਕਸ ਵਿੱਚ ਲੱਗਿਆ ਧਰਨਾ ਅੱਜ 41ਵੇਂ ਦਿਨ ਵੀ ਜਾਰੀ ਰਿਹਾ। ਨਸ਼ਾ ਵਿਰੋਧੀ ਐਕਸ਼ਨ ਕਮੇਟੀ ਦੇ ਕਨਵੀਨਰ ਕਾਮਰੇਡ ਰਾਜਵਿੰਦਰ ਸਿੰਘ ਰਾਣਾ ਨੇ ਦੱਸਿਆ ਕਿ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਗੂੜ੍ਹੀ ਨੀਂਦ 'ਚੋਂ ਜਗਾਉਣ ਲਈ ਉਨ੍ਹਾਂ ਦਾ ਘਿਰਾਓ ਕੀਤਾ ਜਾਵੇਗਾ, ਜਿਸ ਦੇ ਪ੍ਰਚਾਰ ਲਈ ਨੌਜਵਾਨਾਂ ਦੀਆਂ ਕਮੇਟੀਆਂ ਪਿੰਡ ਪਿੰਡ ਪਹੁੰਚ ਰਹੀਆਂ ਹਨ, ਜੇਕਰ ਸਰਕਾਰ ਇਸੇ ਤਰ੍ਹਾਂ ਹੀ ਵਾਅਦਾ ਖਿਲਾਫੀ ਕਰਦੀ ਰਹੀ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਸਾਬਕਾ ਵਿਧਾਇਕ ਕਾਮਰੇਡ ਹਰਦੇਵ ਅਰਸ਼ੀ, ਕਾਮਰੇਡ ਨਛੱਤਰ ਸਿੰਘ ਖੀਵਾ, ਜਥੇਦਾਰ ਗੁਰਸੇਵਕ ਸਿੰਘ ਜਵਾਹਰਕੇ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੀਆਂ ਹਾਕਮ ਜਮਾਤਾਂ ਦੇਸ਼ ਦੀ ਨੌਜਵਾਨੀ ਨਾਲ ਵੈਰ ਵਿਰੋਧ ਪਾਲ ਰਹੀਆਂ ਹਨ ਤੇ ਨਸ਼ਿਆਂ ਨਾਲ ਉਨ੍ਹਾਂ ਨੂੰ ਬਰਬਾਦ ਕਰਨ 'ਤੇ ਤੁਲੀਆਂ ਹੋਈਆਂ ਹਨ। ਇਸੇ ਲਈ ਅੰਡਾਨੀ, ਅੰਬਾਨੀ ਵਰਗਿਆਂ ਦੀਆਂ ਬੰਦਰਗਾਹਾਂ ਤੋਂ ਨਸ਼ੇ ਦੀਆਂ ਖੇਪਾਂ ਫੜੀਆਂ ਜਾਣ 'ਤੇ ਵੀ ਕੋਈ ਕਾਰਵਾਈ ਨਹੀਂ ਹੋ ਰਹੀ। ਧਰਨੇ ਨੂੰ ਪਰਮਿੰਦਰ ਸਿੰਘ ਝੋਟਾ ਦੇ ਪਿਤਾ ਸੂਬੇਦਾਰ ਭੀਮ ਸਿੰਘ, ਕਿਸਾਨ ਆਗੂ ਗੁਰਮੁੱਖ ਸਿੰਘ, ਮਹਿੰਦਰ ਸਿੰਘ ਭੈਣੀ ਬਾਘਾ, ਮਨਜੀਤ ਸਿੰਘ ਮੀਹਾਂ, ਸੁਖਦੇਵ ਸਿੰਘ ਭੈਣੀ ਬਾਘਾ, ਡਾਕਟਰ ਮਨਜੀਤ ਸਿੰਘ ਰਾਣਾ, ਜਸਬੀਰ ਕੌਰ ਨੱਤ, ਹਰਮੀਤ ਸਿੰਘ ਤੇ ਕੇਵਲ ਅਕਲੀਆ ਨੇ ਵੀ ਸੰਬੋਧਨ ਕੀਤਾ। ਗਿਆਨੀ ਦਰਸ਼ਨ ਸਿੰਘ ਕੋਟਫੱਤਾ, ਜਗਦੇਵ ਭੋਪਾਲ ਤੇ ਸੁਖਬੀਰ ਖਾਰਾ ਨੇ ਇਨਕਲਾਬੀ ਗੀਤ ਗਾ ਕੇ ਧਰਨਾਕਾਰੀਆਂ ਵਿੱਚ ਜੋਸ਼ ਭਰਨ ਦਾ ਕੰਮ ਕੀਤਾ। ਸਟੇਜ ਸੰਚਾਲਨ ਜਥੇਦਾਰ ਜਸਵੰਤ ਸਿੰਘ ਜਵਾਹਰਕੇ ਨੇ ਕੀਤਾ। ਨੌਜਵਾਨ ਆਗੂ ਗਗਨਦੀਪ ਨੇ ਜਾਣਕਾਰੀ ਦਿੱਤੀ ਕਿ ਐਂਟੀ ਡਰੱਗ ਟਾਸਕ ਫੋਰਸ ਦੇ ਆਗੂ ਅਮਨ ਪਟਵਾਰੀ, ਕੁਲਵਿੰਦਰ ਕਾਲੀ, ਸੁਰਿੰਦਰ ਪਾਲ, ਪ੍ਰਦੀਪ ਖਾਲਸਾ, ਭਾਨਾ ਸਿੰਘ 'ਤੇ ਅਧਾਰਤ ਕਮੇਟੀ ਨੇ ਪਿੰਡਾਂ ਵਿੱਚ ਜਾ ਕੇ ਪ੍ਰਚਾਰ ਤੇ ਲਾਮਬੰਦੀ ਕਰਨੀ ਸ਼ੁਰੂ ਕਰ ਦਿੱਤੀ ਹੈ।

# ਆਰ ਟੀ ਏ ਵੱਲੋਂ ਚੈਕਿੰਗ ਦੌਰਾਨ 6 ਗੱਡੀਆਂ ਨੂੰ ਕੀਤਾ ਬੰਦ, 4 ਵਾਹਨਾਂ ਦੇ ਕੀਤੇ ਚਾਲਾਨ



**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ/ਪ੍ਰਦੀਪ ਸ਼ਰਮਾ)**

ਸਕੱਤਰ ਆਰ.ਟੀ.ਏ. ਲੁਧਿਆਣਾ ਡਾ. ਪੂਨਮਪ੍ਰੀਤ ਕੌਰ ਵੱਲੋਂ ਲੁਧਿਆਣਾ ਦੀਆਂ ਵੱਖ-ਵੱਖ ਸੜਕਾਂ 'ਤੇ ਅਚਨਚੇਤ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ 4 ਕੈਂਟਰ, ਜੋ ਕਿ ਓਵਰਲੋਡ ਤੇ ਦਸਤਾਵੇਜ਼ ਨਾ ਹੋਣ ਕਰਕੇ ਧਾਰਾ 207 ਅੰਦਰ ਬੰਦ ਕੀਤੇ ਅਤੇ ਹੋਰ ਦੋ ਕੈਂਟਰਾਂ ਦੇ ਕਾਗਜ਼ ਨਾ ਪੂਰੇ ਹੋਣ ਕਰਕੇ ਚਲਾਨ ਕੀਤੇ ਗਏ। ਇੱਕ ਪਿੱਕਅਪ ਦਾ ਚਲਾਨ ਓਵਰਹਾਈਟ ਕਰਕੇ ਕੀਤੇ ਗਿਆ। ਦੋ ਟਰੱਕ ਓਵਰਲੋਡ ਹੋਣ ਕਰਕੇ ਧਾਰਾ 207 ਅੰਦਰ ਬੰਦ ਕੀਤੇ ਗਏ। ਇੱਕ ਟਰੱਕ ਟਰਾਲੇ ਦਾ ਬਿਨਾਂ ਐੱਚ.ਐੱਸ.ਆਰ.ਪੀ. ਤੇ ਓਵਰਲੋਡ ਹੋਣ ਕਰਕੇ ਚਲਾਨ ਕੀਤਾ ਗਿਆ। ਇਹ ਚੈਕਿੰਗ ਕੋਹਾੜੇ ਤੋਂ ਪਿੱਛੇ ਜੰਡੀਆਲੀ ਚੌਕ ਦੇ ਨੇੜੇ ਕੀਤੀ ਗਈ, ਜਿੱਥੇ ਆਸ-ਪਾਸ ਦੇ ਲੋਕਾਂ ਨਾਲ ਗੱਲ ਕਰਕੇ ਪਤਾ ਲੱਗਿਆ ਕਿ ਇੱਥੇ ਦੁਰਘਟਨਾਵਾਂ ਹੁੰਦੀਆਂ ਹਨ ਤੇ ਪਿਛਲੇ ਹਫ਼ਤੇ ਵੀ ਇੱਕ ਦੁਰਘਟਨਾ ਵਿੱਚ ਮੋਟਰਸਾਈਕਲ ਦੀ ਟਰੱਕ ਨਾਲ ਟੱਕਰ ਹੋਣ ਤੋਂ ਬਾਅਦ ਮੌਕੇ 'ਤੇ ਹੀ ਦੋਨੋਂ ਮੋਟਰਸਵਾਰਾਂ ਦੀ ਮੌਤ ਹੋ ਗਈ ਸੀ।

ਉਪਰੰਤ ਡੀ.ਸੀ.ਪੀ. ਟ੍ਰੈਫਿਕ ਨਾਲ ਸੰਪਰਕ ਕਰਕੇ ਚੌਕ ਦੇ ਨੇੜੇ ਟ੍ਰੈਫਿਕ ਪੁਲਸ ਦਾ ਪ੍ਰਬੰਧ ਤੇ ਟ੍ਰੈਫਿਕ ਲਾਈਟਾਂ ਲਗਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਚੈਕਿੰਗ ਦੌਰਾਨ ਸਕੱਤਰ ਆਰ.ਟੀ.ਏ. ਨੇ ਚੇਤਾਵਨੀ ਦਿੱਤੀ ਕਿ ਸੜਕ ਚਾਲਕਾਂ ਵੱਲੋਂ ਦੇ ਕਿਸੇ ਵੀ ਤਰ੍ਹਾਂ ਦੇ ਨਿਯਮਾਂ ਦੀ ਉਲੰਘਣਾ ਜਾਂ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਹੈਵਨ ਸੈਲੂਨ ਐਂਡ ਅਕੈਡਮੀ ਦੀ ਨਵੀਂ ਸ਼ਾਖਾ ਦਾ ਉਦਘਾਟਨ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਸਥਾਨਕ ਹੈਵਨ ਸੈਲੂਨ ਐਂਡ ਅਕੈਡਮੀ ਬਹੁਤ ਹੀ ਜਲਦੀ ਉਚਾਈਆਂ 'ਤੇ ਪਹੁੰਚਦੀ ਦਿਖਾਈ ਦੇ ਰਹੀ ਹੈ। ਇਨ੍ਹਾਂ ਉਚਾਈਆਂ ਦਾ ਸਿਹਰਾ ਸੈਂਟਰ ਹੈੱਡ ਮੈਨੇਜਰ ਨਵਦੀਪ ਕੌਰ ਮਾਹਲਾ ਤੇ ਮੈਨੇਜਿੰਗ ਡਾਇਰੈਕਟਰ ਪਵਨ ਮਨਚੰਦਾ ਨੂੰ ਜਾਂਦਾ ਹੈ। ਉਨ੍ਹਾਂ ਨਾਲ ਸਮੂਹ ਸਟਾਫ ਤੇ ਵਿਦਿਆਰਥੀਆਂ ਦਾ ਸਹਿਯੋਗ ਵੀ ਸ਼ਲਾਗਾਯੋਗ ਹੈ। ਬੀਤੇ 15 ਅਗਸਤ ਦੇਸ਼ ਦੇ 77ਵੇਂ ਆਜ਼ਾਦੀ ਦਿਵਸ ਤੋਂ ਵਿਦਿਆਰਥੀਆਂ ਦੇ ਕੋਰਸਾਂ ਨੂੰ ਵਧਾਉਂਦੇ ਹੋਏ ਹੈਵਨ ਸੈਲੂਨ ਐਂਡ ਅਕੈਡਮੀ ਦੀ ਇੱਕ ਹੋਰ ਨਵੀਂ ਸ਼ਾਖਾ ਓਪਨ ਕਰ ਦਿੱਤੀ ਗਈ ਅਤੇ ਇਸ ਸੈਂਟਰ 'ਚ ਵਿਦਿਆਰਥੀਆਂ ਲਈ ਇੱਕ ਮਹੀਨੇ ਲਈ ਹਰ ਇੱਕ ਕੋਰਸਾਂ 'ਚ ਭਾਰੀ ਛੋਟ ਦੇਣ ਦਾ ਐਲਾਨ ਕੀਤਾ ਹੈ।

ਇਸ ਮੌਕੇ ਹੈਵਨ ਸੈਲੂਨ ਐਂਡ ਅਕੈਡਮੀ ਦੇ ਸੈਂਟਰ ਹੈੱਡ ਮੈਨੇਜਰ ਨਵਦੀਪ ਕੌਰ ਮਾਹਲਾ ਨੇ ਦੱਸਿਆ ਕਿ 15 ਅਗਸਤ ਤੋਂ ਇੱਕ ਵਾਰ ਫਿਰ ਨਵੇਂ ਪ੍ਰਵੇਸ਼ ਕਰਨ ਵਾਲੇ ਵਿਦਿਆਰਥੀਆਂ ਨੂੰ ਕੋਰਸਾਂ 'ਚ ਭਾਰੀ ਛੋਟ ਦੇਣ ਦਾ ਐਲਾਨ ਕੀਤਾ ਗਿਆ ਹੈ, ਜੋ ਸੁੰਦਰਤਾ ਤੇ ਤੰਦਰੁਸਤੀ ਦੇ ਖੇਤਰ 'ਚ ਆਪਣਾ ਕਰੀਅਰ ਬਣਾਉਣਾ ਚਾਹੁੰਦੇ ਹਨ, ਉਹ ਹੈਵਨ ਸੈਲੂਨ ਐਂਡ ਅਕੈਡਮੀ ਵਿਖੇ ਐਡਵਾਂਸਡ ਡਿਪਲੋਮਾ ਇਨ ਕਾਸਮੈਟੋਲੋਜੀ ਤੇ ਹੇਅਰ ਡਿਜ਼ਾਈਨ ਕਰਕੇ ਦੂਜਿਆਂ ਨਾਲੋਂ ਅੱਗੇ ਵਧ ਸਕਦੇ ਹਨ।

ਇਸ ਵਿੱਚ ਮੁੱਖ ਤੌਰ 'ਤੇ ਸੁੰਦਰਤਾ, ਵਾਲਾਂ ਤੇ ਮੇਕਅਪ ਦੇ ਸਾਰੇ ਪਹਿਲੂਆਂ ਵਿੱਚ ਪੇਸ਼ੇਵਰ ਹੁਨਰ ਕੋਰਸ, ਸੁਹਜ-ਸ਼ਾਸਤਰ ਵਿੱਚ ਐਡਵਾਂਸਡ ਡਿਪਲੋਮਾ ਤੇ ਵਾਲਾਂ, ਚਮੜੀ ਤੇ ਮੇਕਅਪ 'ਚ ਵਾਲਾਂ ਦੇ ਡਿਜ਼ਾਈਨ, ਮੇਕਅਪ ਅਤੇ ਨੇਲ ਆਰਟ ਵਿੱਚ ਪੇਸ਼ੇਵਰ ਪੱਧਰ ਦੇ ਫਾਊਂਡੇਸ਼ਨ ਪੱਧਰ ਦੇ ਕੋਰਸਾਂ ਤੋਂ ਇਲਾਵਾ ਬ੍ਰਾਈਡਲ ਮਹਿੰਦੀ ਐਪਲੀਕੇਸ਼ਨ ਸ਼ਾਮਲ ਹਨ। ਇਸ ਤੋਂ ਇਲਾਵਾ ਹੇਵਨ ਸੈਲੂਨ ਐਂਡ ਅਕੈਡਮੀ ਵਿਖੇ ਵਾਲਾਂ ਦੇ ਝੜਨ, ਡੈਂਡਰਫ ਤੇ ਹੇਅਰ ਸਪਾ ਦੇ ਪੇਸ਼ੇਵਰ ਇਲਾਜ ਕੀਤੇ ਜਾਂਦੇ ਹਨ। ਉਨ੍ਹਾ ਦੱਸਿਆ ਕਿ ਪ੍ਰਿੰਸ ਬਰਾੜ ਵੱਲੋਂ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਹਰ ਇੱਕ ਪ੍ਰੋਗਰਾਮ ਦੀ ਫੋਟੋਗ੍ਰਾਫੀ ਕੀਤੀ ਜਾਂਦੀ ਹੈ। ਇਸ ਮੌਕੇ ਹੈਵਨ ਸੈਲੂਨ ਐਂਡ ਅਕੈਡਮੀ ਦੇ ਸੈਂਟਰ ਹੈੱਡ ਮੈਨੇਜਰ ਨਵਦੀਪ ਕੌਰ ਮਾਹਲਾ, ਮੈਨੇਜਿੰਗ ਡਾਇਰੈਕਟਰ ਪਵਨ ਮਨਚੰਦਾ, ਵਿਦਿਆਰਥੀ ਤੇ ਸਮੂਹ ਸਟਾਫ ਹਾਜ਼ਰ ਸੀ।

# ਪੈਨਸ਼ਨ ਫੰਡ ਨੂੰ ਏਨਾ ਕੁ ਮਜ਼ਬੂਤ ਕੀਤਾ ਜਾਵੇ ਕਿ ਭਵਿੱਖ 'ਚ ਕੋਈ ਮੁਸ਼ਕਲ ਨਾ ਆਵੇ : ਮਾਨ



**ਮੁਹਾਲੀ ( ਗੁਰਜੀਤ ਬਿੱਲਾ )** ਪੰਜਾਬ ਸਕੂਲ ਸਿੱਖਿਆ ਬੋਰਡ ਆਫੀਸਰ ਐਸੋਸੀਏਸ਼ਨ ਦਾ ਇਕ ਵਫਦ ਐਸੀਸੀਏਸ਼ਨ ਦੇ ਪ੍ਰਧਾਨ ਰਣਜੀਤ ਸਿੰਘ ਮਾਨ ਦੀ ਅਗਵਾਈ ਵਿੱਚ ਸਿਖਿਆ ਬੋਰਡ ਦੀ ਚੇਅਰਪਰਸਨ ਡਾ. ਸਤਬੀਰ ਬੇਦੀ ਆਈ.ਏ.ਐਸ ( ਸੇਵਾ ਨਿਵਰਤ ) ਨੂੰ ਮਿਲਿਆ। ਮਾਨ ਨੇ ਕਿਹਾ ਕਿ ਮੀਟਿੰਗ ਬਹੁਤ ਹੀ ਸੁਖਾਵੇਂ ਮਹੌਲ ਵਿੱਚ ਹੋਈ । ਵਫਦ ਵੱਲੋਂ ਚੇਅਰਪਰਸਨ ਵੱਲੋਂ ਪੰਜਾਬ ਸਰਕਾਰ ਪਾਸੋਂ ਰਹਿੰਦੀ ਬਕਾਇਆ ਰਾਸ਼ੀ ਪ੍ਰਾਪਤ ਕਰਨ ਲਈ ਕੀਤੇ ਜਾਂਦੇ ਯਤਨਾਂ ਦੀ ਸ਼ਲਾਘਾ ਕੀਤੀ ਗਈ, ਉਨਾਂ ਮੰਗ ਕੀਤੀ ਕਿ ਪੈਨਸ਼ਨ ਫੰਡ ਨੂੰ ਇਨਾਂ ਕੁ ਸਟਰੌਂਗ ਕੀਤਾ ਜਾਵੇ ਕਿ ਭਵਿੱਖ ਵਿੱਚ ਕੋਈ ਮੁਸ਼ਕਲ ਨਾ ਆਵੇ। ਡਾ. ਸਤਬੀਰ ਬੇਦੀ ਨੇ ਵਫਦ ਨੂੰ ਭਰੋਸਾ ਦਿਵਾਇਆ ਕਿ ਉਨਾਂ ਦੀਆਂ ਕੋਸ਼ਸਾਂ ਜਾਰੀ ਹਨ , ਉਹ ਇਸ ਕਾਰਜ ਲਈ ਅਪਣਾ ਨਿੱਜੀ ਪ੍ਰਭਾਵ ਵੀ ਵਰਤ ਰਹੇ ਹਨ ਕਿ ਸਿੱਖਿਆ ਬੋਰਡ ਦੀ ਵਿਤੀ ਹਾਲਤ ਪਹਿਲਾਂ ਵਾਂਗ ਆਤਿਮ ਨਿਰਭਰ ਬਣ ਜਾਵੇ। ਉਨਾਂ ਕਿਹਾ ਕਿ ਉਹ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾਂ ਨੂੰ ਇਸ ਮਾਮਲੇ ਦਾ ਤੁਰੰਤ ਹਲ ਕਰਨ ਲਈ ਮਿਲਣ ਜਾ ਰਹੇ ਹਨ। ਉਨਾਂ ਕਿਹਾ ਕਿ ਉਹ ਇਸ ਮਾਮਲੇ ਦੇ ਹਲ ਲਈ ਕਈ ਸੁਝਾਓ ਵੀ ਮੰਤਰੀ ਦੇ ਧਿਆਨ ਵਿੱਚ ਲਿਆ ਰਹੇ ਹਨ। ਉਨਾਂ ਵਫਦ ਨੂੰ ਭਰੋਸਾ ਦਿੱਤਾ ਕਿ ਕਰਮਚਾਰੀਆਂ ਨੂੰ ਤਨਖਾਹਾਂ ਅਤੇ ਪੈਨਸ਼ਨਰਜ਼ ਨੂੰ ਪੈਨਸ਼ਨ ਸਮੇਂ ਸਿਰ ਦੇਣ ਲਈ ਉਹ ਵਚਨਬੱਧ ਹਨ। ਉਹ ਪੈਨਸ਼ਨਰਜ਼ ਨੂੰ ਦਰਪੇਸ਼ ਸਮੱਸਿਆਵਾਂ ਤੋਂ ਭਲੀ ਭਾਂਤ ਜਾਣੂ ਹਨ। ਉਹ ਸੀਬੀਐਸਈ ਦੀ ਚੇਅਰਪਰਸਨ ਰਹੇ ਹਨ ਉਨਾਂ ਵੱਲੋਂ ਪੈਨਸਰਜ਼ ਲਈ 1500 ਕਰੋੜ ਦੇ ਫੰਡ ਦੀ ਵਿਵਸਥਾ ਕੀਤੀ ਗਈ ਸੀ। ਵਫਦ ਵੱਲੋਂ ਇਹ ਵੀ ਸੁਝਾਓ ਦਿੱਤਾ ਗਿਆ ਕਿ ਪੈਨਸਰਜ਼ ਫੰਡ ਦੇ ਨਿਯਮਾਂ ਵਿੱਚ ਤਬਦੀਲੀ ਕਰਕੇ ਇਹ ਨਿਸ਼ਚਿਤ ਕੀਤਾ ਜਾਵੇ ਕਿ ਭਵਿੱਖ ਵਿੱਚ ਕਿਸੇ ਵੀ ਹਾਲਤ ਵਿੱਚ ਇਸ ਫੰਡ ਨੂੰ ਕਿਸੇ ਦੂਸਰੇ ਕਾਰਜ ਲਈ ਨਾ ਵਰਤਿਆ ਜਾਵੇ। ਵਫਦ ਵੱਲੋਂ ਇਹ ਪੇਸ਼ਕਸ ਕੀਤੀ ਕਿ ਸੇਵਾ ਮੁਕਤ ਅਧਿਕਾਰੀਆਂ ਦੀ ਦਿਲੀ ਇੱਛਾ ਹੈ ਕਿ ਕੋਈ ਢੁਕਵਾਂ ਸਮਾਂ ਕੱਢਿਆ ਜਾਵੇ ਕਿ ਉਨਾਂ ਨਾਲ ਲੰਚ ਤੇ ਇਕ ਮੀਟਿੰਗ ਕੀਤੀ ਜਾਵੇ। ਡਾ. ਬੇਦੀ ਨੇ ਇਸ ਨੂੰ ਤੁਰੰਤ ਪ੍ਰਵਾਨ ਕਰਦੇ ਹੋਏ ਕਿਹਾ ਉਨਾਂ ਦੀ ਵੀ ਇੱਛਾ ਹੈ ਕਿ ਸੇਵਾ ਮੁਕਤ ਬੋਰਡ ਪਰਵਾਰ ਨਾਲ ਮਿਲਨੀ ਕਰੇ। ਉਨਾਂ ਕਿਹਾ ਕਿ ਅਗਲੇ ਦਿਨਾਂ ਵਿੱਚ ਉਨ੍ਹਾਂ ਦੀਆਂ ਕਈ ਅਹਿਮ ਮੀਟਿੰਗਾਂ ਹਨ ਇਸ ਲਈ ਸਤੰਬਰ ਦੇ ਆਖਰੀ ਹਫਤੇ ਕੋਈ ਵੀ ਦਿਨ ਤੈਅ ਕਰਕੇ ਦੱਸ ਦੇਣਾ ਮੈਂ ਜਰੂਰ ਸ਼ਾਮਲ ਹੋਵਾਂਗੀ। ਇਸ ਮੌਕੇ ਵਫਦ ਵਿੱਚ ਮਾਨ ਤੋਂ ਇਲਾਵਾ ਰਛਭਿੰਦਰ ਸਿੰਘ, ਰਾਮ ਨਾਥ ਗੋਇਲ, ਮੇਘ ਰਾਜ ਗੋਇਲ ਹਰਵਿੰਦਰ ਸਿੰਘ, ਜੱਥੇਦਾਰ ਨਿਸ਼ਾਨ ਸਿੰਘ ਕਾਹਲੋਂ ਅਤੇ ਹਰਬੰਸ ਸਿੰਘ ਬਾਗੜੀ ਸ਼ਾਮਲ ਸਨ ।

# ਹਰਿਆਣਾ ਦੇ ਛੋਰੇ ਤੇ ਛੋਰੀਆਂ ਜਾਣਗੇ ਜਰਮਨੀ

## ਦੁਸ਼ਯੰਤ ਚੌਟਾਲਾ ਨੇ ਦਿੱਤੀਆਂ ਸ਼ੁੱਭਕਾਮਨਾਵਾਂ

**ਚੰਡੀਗੜ੍ਹ, (ਕ੍ਰਿਸ਼ਨ ਗਰਗ )**- ਹਰਿਆਣਾ ਦੇ ਕਰੀਬ ਤਿੰਨ ਦਰਜਨ ਛੋਰੇ ਤੇ ਛੋਰੀਆਂ ਜਰਮਨੀ ਵਿਚ ਉੱਚ ਸਿਖਿਆ ਹਾਸਲ ਕਰਨ ਲਈ ਜਲਦੀ ਹੀ ਉੜਾਨ ਭਰਣਗੀਆਂ। ਇਹ ਯੁਵਾ ਫਰੀ ਪੜ੍ਹਾਈ ਦੇ ਨਾਲ -ਨਾਲ ਕਰੀਬ 80 ਹਜਾਰ ਰੁਪਏ ਪ੍ਰਤੀ ਮਹੀਨਾ ਪ੍ਰਾਪਤ ਵੀ ਕਰਣਗੇ। ਹਰਿਆਣਾ ਦੇ ਡਿਪਟੀ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਚੰਡੀਗੜ੍ਹ ਵਿਚ ਆਪਣੇ ਸਰਕਾਰੀ ਰਿਹਾਇਸ਼ 'ਤੇ ਪੂਰੇ ਸੂਬੇ ਦੇ 32 ਮੁੰਡੇ ਕੁੜੀਆਂ ਨੂੰ ਜਰਮਨੀ ਦਾ ਵੀਜਾ ਵੰਡ ਕੀਤਾ। ਚੌਟਾਲਾ ਨੇ ਇਸ ਮੌਕੇ 'ਤੇ ਵੀਜਾ ਹਾਸਲ ਕਰਨ ਵਾਲੇ ਨੌਜੁਆਨਾਂ ਨੂੰ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਤੁਹਾਡੇ ਸਾਰਿਆਂ ਦੇ ਮੈਪਿਆਂ ਨੇ ਦਿਨ ਰਾਤ ਮਿਹਨਤ ਕਰ ਕੇ ਤੁਹਾਡੀ ਚੰਗੀ ਸਿਖਿਆ ਦਿਵਾਈ ਹੈ, ਅਜਿਹੇ ਵਿਚ ਤੁਹਾਡਾ ਸਾਰਿਆਂ ਦਾ ਫਰਜ ਬਣਦਾ ਹੈ ਕਿ ਜਰਮਨੀ ਵਿਚ ਪਹੁੰਚ ਕੇ ਅੱਗੇ ਦੀ ਸਿਖਿਆ ਬਿਹਤਰ ਢੰਗ ਨਾਲ ਲੈਣ ਅਤੇ ਦੇਸ਼-ਸੂਬੇ ਦੇ ਨਾਲ ਹੀ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਕਰਨ। ਉਨ੍ਹਾਂ ਨੇ ਆਪਣੇ ਤਜਰਬੇ ਸਾਂਝੇ ਕਰਦੇ ਹੋਏ ਨੌਜੁਆਨਾਂ ਨੂੰ ਪ੍ਰੇਰਿਤ ਕੀਤਾ ਕਿ ਪੜਾਈ ਦੇ ਨਾਲ-ਨਾਲ ਕੰਮ ਕਰਨ ਵਿਚ ਤੁਹਾਡੇ ਪਰਵਾਰ 'ਤੇ ਵੀ ਆਰਥਕ ਬੋਝ ਨਹੀਂ ਵਧੇਗਾ ਅਤੇ ਮਿਹਨਤਕਸ਼ ਬਨਣ ਦੀ ਵੀ ਆਦਤ ਬਣੇਗੀ। ਇਸ ਮੌਕੇ 'ਤੇ ਹਿਸਾਰ ਵਿਚ ਸਥਾਪਿਤ ਕ੍ਰਾਸ ਐਂਡ ਕਲਾਈਂਬ ਗਲੋਬਲ ਐਜੁਕੇਸ਼ਨ ਅਕਾਦਮੀ ਦੇ ਸੀਈਓ ਰਣਵਿਜੈ ਸਿੰਘ ਨਰਵਾਲ, ਜਿਸ ਦੀ ਅਕਾਦਮੀ ਨੇ ਇੰਨ੍ਹਾਂ ਨੌਜੁਆਨਾਂ ਦਾ ਮਾਰਗਦਰਸ਼ਨ ਕੀਤਾ ਹੈ, ਨੇ ਜਾਣਕਾਰੀ ਦਿੱਤੀ ਕਿ ਜਰਮਨੀ ਨੇ ਭਾਰਤੀ ਨੌਜੁਆਨਾਂ ਦੇ ਲਈ ਵੀਜਾ ਪ੍ਰਕਿਆ ਬਹੁਤ ਆਸਾਨ ਕਰ ਦਿੱਤੀ ਹੈ ਜਿਸ ਦੇ ਤਹਿਤ ਇਹ ਯੁਵਾ ਇੱਥੇ ਪੜ੍ਹਾਈ ਨੌਕਰੀ ਕਰ ਸਕਦੇ ਹਨ।

# ਬੀਬੀ ਮਹਿੰਦਰ ਕੌਰ ਤਲਵੰਡੀ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ








**ਬਹਿਰਾਮ (ਅਵਤਾਰ ਕਲੇਰ)** ਜਨਵਾਦੀ ਇਸਤਰੀ ਸਭਾ ਦੀ ਸਾਬਕਾ ਸੂਬਾਈ ਆਗੂ ਬੀਬੀ ਮਹਿੰਦਰ ਕੌਰ ਤਲਵੰਡੀ ਦਾ ਸ਼ੋਕ ਸਮਾਗਮ ਉਨ੍ਹਾਂ ਦੇ ਪਿੰਡ ਤਲਵੰਡੀ ਜੱਟਾਂ ਵਿਖੇ ਹੋਇਆ। ਇਸ ਮੌਕੇ ਬੋਲਦਿਆਂ ਸੀ ਪੀ ਆਈ ਐਮ ਦੇ ਸਕਤਰੇਤ ਮੈਂਬਰ ਕਾਮਰੇਡ ਰਾਮ ਸਿੰਘ ਨੂਰਪੁਰੀ ਨੇ ਕਿਹਾ ਕਿ ਅਗਾਂਹ ਵਧੂ ਔਰਤਾਂ ਦੀ ਸਮਾਜ ਨੂੰ ਬਹੁਤ ਦੇਣ ਹੈ। ਸਾਥੀ ਨੂਰਪੁਰੀ ਨੇ ਕਿਹਾ ਕਿ ਜਿੱਥੇ ਔਰਤ ਜਗਤ ਜਨਣੀ ਹੈ ਉਥੇ ਪੜੀ ਲਿਖੀ ਤੇ ਅਗਾਂਹ ਵਧੂ ਹੋਵੇ ਤਾਂ ਸਮਾਜ ਨੂੰ ਅੱਗੇ ਲਿਜਾ ਸਕਦੀ ਹੈ। ਦੁਨੀਆਂ 'ਚ ਵੀਅਤਨਾਮ, ਕਿਊਬਾ ਤੇ ਅਰਾਊਸ ਵਰਗੇ ਥਾਵਾਂ 'ਤੇ ਔਰਤਾਂ ਨੇ ਕ੍ਰਾਂਤੀ ਲਿਆਉਣ 'ਚ ਉੱਘਾ ਰੋਲ ਅਦਾ ਕੀਤਾ। ਸਾਨੂੰ ਬੀਬੀ ਮਹਿੰਦਰ ਕੌਰ ਤਲਵੰਡੀ ਵਰਗੀ ਨੇਕ ਤੇ ਬਹੁ ਪੱਖੀ ਔਰਤ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਤਾਂ ਕਿ ਸਮਾਜ ਨੂੰ ਚੰਗੇ ਪਾਸੇ ਲਿਜਾਣ ਵਿਚ ਆਗੂ ਰੋਲ ਅਦਾ ਕੀਤਾ ਜਾਵੇ। ਸਾਥੀ ਨੂਰਪੁਰੀ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੇ ਮੋਦੀ ਸਰਕਾਰ ਦੀਆਂ ਮਜਦੂਰ ਵਿਰੋਧੀ ਨੀਤੀਆਂ ਤੋਂ ਜਾਣੂ ਕਰਵਾਇਆ ਅਤੇ ਇਨ੍ਹਾਂ ਨੀਤੀਆਂ ਖਿਲਾਫ ਜਨਤਕ ਲਾਮਬੰਦੀ ਦੀ ਅਪੀਲ ਕੀਤੀ ਇਸ ਮੌਕੇ ਤੇ ਸੀਟੂ ਪੰਜਾਬ ਦੇ ਜਨਰਲ ਸਕੱਤਰ ਜਤਿੰਦਰ ਪਾਲ ਸਿੰਘ ਨੇ ਕਿਹਾ ਕਿ ਬੀਬੀ ਮਹਿੰਦਰ ਕੌਰ ਤਲਵੰਡੀ ਤੇ ਕਾਮਰੇਡ ਧੰਨਾ ਸਿੰਘ ਫੌਜੀ ਨਾਲ ਬਿਤਾਏ ਪਲਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਸਦਾ ਹੀ ਪ੍ਰੇਰਨਾ ਸਰੋਤ ਰਹਿਣਗੇ। ਜਨਵਾਦੀ ਇਸਤਰੀ ਸਭਾ ਦੀ ਸੂਬਾਈ ਜਾਇੰਟ ਮੀਤ ਪ੍ਰਧਾਨ ਕ੍ਰਿਸਨਾ ਕੁਮਾਰੀ ਨੇ ਸਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਬੀਬੀ ਮਹਿੰਦਰ ਕੌਰ ਨੇ ਆਪਣੇ ਵਡਮੁੱਲੇ ਵਿਚਾਰਾਂ ਨਾਲ ਪਰਵਾਰ ਨੂੰ ਜਥੇਬੰਦੀ ਨਾਲ ਜੋੜਿਆ ਅਤੇ ਉਨ੍ਹਾਂ ਦੀ ਵੱਡੀ ਲੜਕੀ ਸੁਨੀਤਾ ਸਾਡੇ ਨਾਲ ਐਡਵਾ 'ਚ ਕੰਮ ਕਰ ਰਹੀ ਹੈ। ਸੋਕ ਸਮਾਗਮ ਨੂੰ ਖੇਤ ਮਜ਼ਦੂਰ ਆਗੂ ਮਾ. ਮੂਲ ਚੰਦ ਸਰਹਾਲੀ, ਸੋਢੀ ਲਾਲ ਉਪਲਭੂਪਾ, ਜੋਗਿੰਦਰ ਲੜੋਆ, ਸਰਾਧੂ ਰਾਮ ਤਾਜੋਵਾਲ, ਬੀ ਐਸ ਪੀ ਦੇ ਆਗੂ ਧਰਮਪਾਲ ਕਲਸੀ, ਲੋਕ ਜਮਹੂਰੀ ਮੋਰਚੇ ਦੇ ਤੀਰਥ ਰਾਮ ਰਸੂਲਪੁਰੀ, ਕੁਲ ਹਿੰਦ ਕਿਸਾਨ ਸਭਾ ਦੇ ਤਹਿਸੀਲ ਪ੍ਰਧਾਨ ਦਲਜੀਤ ਸਿੰਘ ਗੁਣਾਚੌਰ ਅਤੇ ਪਿੰਡ ਦੇ ਸਰਪੰਚ ਜਗਤਾਰ ਸਿੰਘ ਚਾਹਲ ਨੇ ਵੀ ਸਰਧਾਂਜਲੀ ਭੇਂਟ ਕੀਤੀ। ਇਸ ਮੌਕੇ ਸੀ ਪੀ ਆਈ ਐਮ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ, ਐਡਵਾ ਦੇ ਜਨਰਲ ਸਕੱਤਰ ਹਰਪ੍ਰੀਤ ਕੌਰ ਝਬਾਲ , ਸੂਬਾਈ ਮੀਤ ਪ੍ਰਧਾਨ ਸੁਭਾਸ ਮੱਟੂ ਤੇ ਕਿਸਾਨ ਆਗੂ ਦਰਸਨ ਸਿੰਘ ਮੱਟੂ ਤੇ ਚਰਨਜੀਤ ਸਿੰਘ ਦੌਲਤਪੁਰ ਨੇ ਸੋਕ ਸੰਦੇਸ ਭੇਜੇ। ਅੰਤ ਵਿੱਚ ਸਾਰੀ ਟੀਮ ਨੇ ਸੁਨੀਤਾ ਤਲਵੰਡੀ ਨੂੰ ਉਨ੍ਹਾਂ ਦੇ ਮਾਤਾ-ਪਿਤਾ ਵਾਲਾ ਲਾਲ ਝੰਡਾ ਜੋ ਸੰਘਰਸਾਂ ਦਾ ਪ੍ਰਤੀਕ ਹੈ ਦੇ ਕੇ ਲੋਕ ਲਹਿਰ ਵਿੱਚ ਅੱਗੇ ਕੁੱਦਣ ਲਈ ਪ੍ਰੇਰਿਆ।

# ਵਾਜਿਬ ਪ੍ਰਮੋਸ਼ਨ ਜਾਂ ਅਪਗ੍ਰੇਡੇਸ਼ਨ ਦੇ ਮਾਮਲਿਆਂ ਨੂੰ ਲੰਬਿਤ ਨਾ ਰੱਖਿਆ ਜਾਵੇ : ਬਰਾਲਾ

**ਚੰਡੀਗੜ੍ਹ, ( ਕ੍ਰਿਸ਼ਨ ਗਰਗ)** - ਹਰਿਆਣਾ ਪਬਲਿਕ ਇੰਟਰਪ੍ਰਾਈਜਿਜ ਬਿਊਰੋ ਦੇ ਚੇਅਰਮੈਨ ਸੁਭਾਸ਼ ਬਰਾਲਾ ਨੇ ਕਿਹਾ ਕਿ ਸੂਬਾ ਸਰਕਾਰ ਦੀ ਮੰਸ਼ਾ ਪਬਲਿਕ ਕੰਮਾਂ ਨੂੰ ਪ੍ਰਾਥਮਿਕਤਾ ਦੇ ਆਧਾਰ ''ਤੇ ਪੂਰਾ ਕਰਨਾ ਹੈ, ਇਸ ਦੇ ਲਈ ਜੇਕਰ ਵੱਧ ਜਨ ਜਾਂ ਧਨ ਦੀ ਜਰੂਰਤ ਹੋਵੇਗੀ ਤਾਂ ਤੁਰੰਤ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕਰਮਚਾਰੀਆਂ ਦੇ ਵਾਜਿਬ ਪ੍ਰਮੋਸ਼ਨ ਜਾਂ ਅਪਗ੍ਰੇਡੇਸ਼ਨ ਦੇ ਮਾਮਲਿਆਂ ਨੂੰ ਲੰਬਿਤ ਨਾ ਰੱਖਣ। ਬਰਾਲਾ ਚੰਡੀਗੜ੍ਹ ਵਿਚ ਬਿਊਰੋ ਦੀ ਸਟੈਂਡਿੰਗ ਕਮੇਟੀ ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਪਬਲਿਕ ਇੰਟਰਪ੍ਰਾਈਸਿਸ ਬਿਊਰੋ ਦੇ ਚੇਅਰਮੈਨ ਸੁਭਾਸ਼ ਬਰਾਲਾ ਦੀ ਅਗਵਾਈ ਹੇਠ ਇੱਥੇ ਦੱਖਣੀ ਹਰਿਆਣਾ ਬਿਜਲੀ ਵੰਡ ਨਿਗਮ ਅਤੇ ਹਰਿਆਣਾ ਐਗਰੋ ਰਿਸਰਚ ਐਂਡ ਡਿਵੈਲਪਮੈਂਟ ਸੈਂਟਰ ਦੇ ਵੱਖ-ਵੱਖ ਏਜੰਡਿਆਂ 'ਤੇ ਚਰਚਾ ਕੀਤੀ ਗਈ ਅਤੇ ਵਾਜਿਬ ਪਾਏ ਗਏ ਏਜੰਡਿਆਂ ਨੂੰ ਪਾਸ ਕੀਤਾ ਗਿਆ। ਬਰਾਲਾ ਨੇ ਇਸ ਮੌਕੇ 'ਤੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕਿਸੀ ਵੀ ਅਧਿਕਾਰੀ ਦੇ ਪ੍ਰਮੋਸ਼ਨ, ਪੋਸਟ-ਅਪਗ੍ਰੇਡੇਸ਼ਨ ਜਾਂ ਫਿਰ ਨਵੇਂ ਅਹੁਦਿਆਂ ਦੀ ਸਰੰਚਨਾ ਦਾ ਕੰਮ ਹੋਵੇ, ਅਤੇ ਸੰਭਵ ਜਲਦੀ ਤੋਂ ਜਲਦੀ ਫਾਈਨਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਦੇ ਸਪਸ਼ਟ ਨਿਰਦੇਸ਼ ਹਨ ਕਿ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਨੂੰ ਉਸ ਦੇ ਅਧਿਕਾਰ ਤੋਂ ਵਾਂਝਾ ਨਾ ਰੱਖਿਆ ਜਾਵੇਗਾ। ਇਸ ਮੌਕੇ 'ਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਸੁਧੀਰ ਰਾਜਪਾਲ, ਵਿੱਤ ਅਤੇ ਯੋਜਨਾ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਰਸਤੋਗੀ, ਉਰਜਾ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਪੂਰਵ ਕੁਮਾਰ ਸਿੰਘ, ਵਿੱਤ ਵਿਭਾਗ ਦੀ ਸਕੱਤਰ ਸ੍ਰੀਮਤੀ ਸੋਫਿਆ ਦਹਿਆ, ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਲਿਮੀਟੇਡ ਦੇ ਪ੍ਰਬੰਧ ਨਿਦੇਸ਼ਕ ਅਮਿਤ ਖੱਤਰੀ, ਚੀਫ ਫਾਇਨੈਂਸ਼ਿਲ ਐਡਵਾਈਜਰ ਕਿਰਨ ਰੇਖੀ ਵਾਲੀਆ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

# ਖੇਤੀਬਾੜੀ ਮੰਤਰੀ ਵੱਲੋਂ ਨਕੋਦਰ ਸਹਿਕਾਰੀ ਖੰਡ ਮਿਲ ਵਿਖੇ ਫਿਲਿੰਗ ਸਟੇਸ਼ਨ ਦਾ ਉਦਘਾਟਨ

**ਜਲੰਧਰ, ( ਸੁਰਿੰਦਰ ਕੁਮਾਰ)** ਪੰਜਾਬ ਦੇ ਖੇਤਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵਲੋਂ ਨਕੋਦਰ ਸਹਿਕਾਰੀ ਖੰਡ ਮਿਲ ਵਿਖੇ ਸਥਾਪਿਤ ਕੀਤੇ ਗਏ ਫਿਲਿੰਗ ਸਟੇਸ਼ਨ ਦਾ ਉਦਘਾਟਨ ਕੀਤਾ ਗਿਆ, ਜਿਸ ਨਾਲ ਮਿਲ ਵਿੱਚ ਗੰਨਾ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਵੱਡਾ ਲਾਭ ਹੋਵੇਗਾ। ਖੁੱਡੀਆਂ ਜਿਨ੍ਹਾਂ ਕੋਲ ਖੇਤੀਬਾੜੀ ਦੇ ਨਾਲ-ਨਾਲ ਮੱਛੀ ਪਾਲਣ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਫੂਡ ਪ੍ਰੋਸੈਸਿੰਗ ਵਿਭਾਗ ਵੀ ਹੈ , ਵਲੋਂ ਖੰਡ ਮਿੱਲ ਵਿਚ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਹਿਕਾਰੀ ਮਿਲਾਂ ਵਿੱਚ ਪੰਜਾਬ ਸਰਕਾਰ ਵਲੋਂ ਕਿਸਾਨਾਂ ਦੀ ਸਹੂਲਤ ਲਈ ਤੇਲ ਪੰਪ (ਪੈਟਰੋਲ ਤੇ ਡੀਜ਼ਲ) ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਕੋਦਰ ਮਿਲ ਵਿਖੇ ਲਗਾਏ ਗਏ ਤੇਲ ਪੰਪ ਦੀ ਸਮਰੱਥਾ 20000 ਲੀਟਰ ਹੈ ਅਤੇ ਜਿਸ ਵਿੱਚ ਡੀਜ਼ਲ ਦੇ ਦੋ ਟੈਂਕ ਹਨ। ਉਨ੍ਹਾਂ ਕਿਹਾ ਕਿ ਮਿਲ ਵਿੱਚ ਪੈਟਰੋਲ ਪੰਪ ਲੱਗਣ ਨਾਲ ਜਿਥੇ ਇਲਾਕੇ ਦੇ ਕਿਸਾਨਾਂ ਨੂੰ ਵੱਡਾ ਲਾਭ ਹੋਵੇਗਾ ਉਥੇ ਹੀ ਉਨ੍ਹਾਂ ਨੂੰ ਸਾਫ਼-ਸੁਥਰਾ ਅਤੇ ਪੂਰੀ ਮਿਕਦਾਰ ਵਿੱਚ ਤੇਲ ਮਿਲੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਮਿਲਾਂ ਦੀ ਵਿੱਤੀ ਆਮਦਨ ਵਧਾਉਣ ਵੱਲ ਪੂਰਾ ਧਿਆਨ ਦਿੱਤਾ ਜਾ ਰਿਹਾ ਹੈ ਜਿਸ ਦੇ ਸਾਰਥਕ ਨਤੀਜੇ ਜਲਦ ਸਾਹਮਣੇ ਹੋਣਗੇ। ਇਥੇ ਇਹ ਵੀ ਦੱਸਣਯੋਗ ਹੈ ਕਿ ਪੈਟਰੋਲ ਪੰਪ ਇੰਡੀਅਨ ਆਇਲ ਕਾਰਪੋਰੇਸ਼ਨ ਅਤੇ ਸ਼ੂਗਰਫੈਡ ਪੰਜਾਬ ਦਰਮਿਆਨ ਹੋਏ ਇਕਰਾਰਨਾਮੇ ਤਹਿਤ ਸਾਂਝੇ ਉਦੱਮ ਨਾਲ ਸਹਿਕਾਰੀ ਖੰਡ ਮਿਲ ਨਕੋਦਰ ਵਿਖੇ ਸਥਾਪਿਤ ਕੀਤਾ ਗਿਆ ਹੈ ਜਿਸ ਨਾਲ ਮਿਲ ਨੂੰ ਇੱਕ ਲੱਖ ਰੁਪਏ ਪ੍ਰਤੀ ਮਹੀਨਾ ਲਾਭ ਪ੍ਰਾਪਤ ਹੋਣ ਦੀ ਸੰਭਾਵਨਾ ਹੈ।

ਦੱਸਣਯੋਗ ਹੈ ਕਿ ਨਕੋਦਰ ਖੰਡ ਮਿੱਲ ਵਲੋਂ ਪਿੜਾਈ ਸੀਜ਼ਨ 2022-23 ਦੌਰਾਨ 17.32 ਲੱਖ ਕੁਇੰਟਲ ਗੰਨੇ ਦੀ ਪਿੜਾਈ ਕਰਨ ਦੇ ਨਾਲ-ਨਾਲ ਕਿਸਾਨਾਂ ਨੂੰ ਗੰਨੇ ਦੀ ਬਣਦੀ ਕੀਮਤ 100 ਪ੍ਰਤੀਸ਼ਤ ਅਦਾਇਗੀ ਕੀਤੀ ਜਾ ਚੁੱਕੀ ਹੈ। ਨਕੋਦਰ ਤੋਂ ਵਿਧਾਇਕਾ ਸ੍ਰੀਮਤੀ ਇੰਦਰਜੀਤ ਕੌਰ ਮਾਨ ਨੇ ਆਪਣੇ ਸੰਬੋਧਨ ਦੌਰਾਨ ਜਿਥੇ ਖੇਤੀਬਾੜੀ ਮੰਤਰੀ ਦਾ ਧੰਨਵਾਦ ਕੀਤਾ ਉਥੇ ਹੀ ਕਿਸਾਨਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸ਼ੂਗਰ ਮਿਲ ਰਾਹੀਂ ਹਲਕੇ ਦੇ ਲੋਕਾਂ ਲਈ ਸਿੱਧੇ ਅਤੇ ਅਸਿੱਧੇ ਤੌਰ 'ਤੇ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣਗੇ। ਇਸ ਮੌਕੇ ਸ਼ੂਗਰਫੈਡ ਦੇ ਚੇਅਰਮੈਨ ਨਵਦੀਪ ਸਿੰਘ ਜੀਦਾ, ਐਮ.ਡੀ. ਸ਼ੂਗਰਫੈਡ ਅਰਵਿੰਦਪਾਲ ਸਿੰਘ ਸੰਧੂ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਤਨ ਸਿੰਘ ਕਾਕੜ ਕਲਾਂ , ਜੀ.ਐਮ. ਸ਼ੂਗਰ ਮਿਲ ਨਕੋਦਰ ਸੁਭਾਸ਼ ਚੰਦਰ, ਚੇਅਰਮੈਨ ਸ਼ੂਗਰ ਮਿਲ ਅਸ਼ਵਿੰਦਰਪਾਲ ਸਿੰਘ, ਵਾਈਸ਼ ਚੇਅਰਮੈਨ ਹਰਦੇਵ ਸਿੰਘ ਔਜਲਾ, ਡਾਇਰੈਕਟਰ ਰੌਸ਼ਨ ਸਿੰਘ, ਦਲਬੀਰ ਸਿੰਘ, ਅਵਤਾਰ ਸਿੰਘ, ਮੇਜਰ ਸਿੰਘ, ਬੋਰਡ ਆਫ਼ ਡਾਇਰੈਕਟਰ ਦੇ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਕਿਸਾਨ ਆਗੂ ਹਾਜ਼ਰ ਸਨ।

# ਪਲੇਸਮੈਂਟ ਕੈਂਪ 'ਚ 27 ਉਮੀਦਵਾਰ ਨੌਕਰੀਆਂ ਲਈ ਸ਼ਾਰਟਲਿਸਟ

**ਜਲੰਧਰ, (ਸੁਰਿੰਦਰ ਕੁਮਾਰ)** ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਵੱਲੋਂ ਆਪਣੇ ਦਫਤਰ ਵਿਖੇ ਲਗਾਏ ਗਏ ਪਲੇਸਮੈਂਟ ਕੈਂਪ ਵਿੱਚ 27 ਉਮੀਦਵਾਰ ਨੌਕਰੀਆਂ ਲਈ ਸ਼ਾਰਟਲਿਸਟ ਕੀਤੇ ਗਏ। ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਣਜੀਤ ਕੌਰ ਨੇ ਦੱਸਿਆ ਕਿ ਪਲੇਸਮੈਂਟ ਕੈਂਪ ਵਿੱਚ ਐਲ.ਆਈ.ਸੀ., ਫਲਿੱਪ ਕਾਰਟ, ਭਾਰਤੀ ਏਅਰਟੈੱਲ ਅਤੇ ਟੀਮ ਲੀਜ਼ ਕੰਪਨੀਆਂ ਵੱਲੋਂ ਸ਼ਿਰਕਤ ਕੀਤੀ ਗਈ ਅਤੇ 43 ਉਮੀਦਵਾਰਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 27 ਉਮੀਦਵਾਰਾਂ ਨੂੰ ਨੌਕਰੀਆਂ ਲਈ ਸ਼ਾਰਟਲਿਸਟ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਵਿੱਚ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਲਈ ਸਮੇਂ-ਸਮੇਂ 'ਤੇ ਅਜਿਹੇ ਪਲੇਸਮੈਂਟ ਕੈਂਪ ਲਗਾਏ ਜਾਂਦੇ ਹਨ। ਉਨ੍ਹਾਂ ਰੋਜ਼ਗਾਰ ਦੇ ਵਧੇਰੇ ਮੌਕਿਆਂ ਦਾ ਲਾਭ ਲੈਣ ਲਈ ਨੌਜਵਾਨਾਂ ਨੂੰ ਇਨ੍ਹਾਂ ਪਲੇਸਮੈਂਟ ਕੈਂਪਾਂ 'ਚ ਭਾਗ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਰੋਜ਼ਗਾਰ ਸਬੰਧੀ ਵਧੇਰੇ ਜਾਣਕਾਰੀ ਲਈ ਨੌਜਵਾਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸਥਿਤ ਬਿਊਰੋ ਦੇ ਦਫਤਰ ਵਿਖੇ ਸੰਪਰਕ ਕਰ ਸਕਦੇ ਹਨ ਜਾਂ ਦਫ਼ਤਰ ਦੇ ਹੈਲਪਲਾਈਨ ਨੰਬਰ 90569-20100 'ਤੇ ਵੀ ਰਾਬਤਾ ਕੀਤਾ ਜਾ ਸਕਦਾ ਹੈ।

## ਤਰਕਸ਼ੀਲ ਵਿਦਿਆਰਥੀ ਚੇਤਨਾ ਪ੍ਰੀਖਿਆ 2023 ਮੁਲਤਵੀ

**ਜਲੰਧਰ (ਕੇਸਰ)** ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਜਲੰਧਰ ਮੀਡੀਆ ਮੁਖੀ ਵਿਜੈ ਰਾਹੀ ਨੇ ਕਿਹਾ ਹੈ ਕਿ ਭਾਰੀ ਬਾਰਿਸ਼ਾਂ ਅਤੇ ਹੜਾਂ ਕਾਰਣ ਕਿਉਕਿ ਸਕੂਲ 23 ਅਗਸਤ ਤੋਂ 26 ਅਗਸਤ ਤੱਕ ਬੰਦ ਰਹਿਣਗੇ ਇਸ ਲਈ ਹਾਲ ਦੀ ਘੜੀ ਤਰਕਸ਼ੀਲ ਸੁਸਾਇਟੀ ਵੱਲੋਂ ਲਈ ਜਾਣ ਵਾਲੀ ਵਿਦਿਆਰਥੀ ਚੇਤਨਾ ਪ੍ਰੀਖਿਆ ਮੁਲਤਵੀ ਕਰ ਦਿੱਤੀ ਗਈ ਹੈ। ਮੁੜ ਵਿਚਾਰ ਵਟਾਂਦਰਾ ਕਰਕੇ ਪ੍ਰੀਖਿਆ ਲਈ ਅਗਲੀ ਮਿਤੀ ਦੀ ਇਤਲਾਹ ਪ੍ਰੈਸ ਰਹੀਂ ਦਿੱਤੀ ਜਾਵੇਗੀ। ਜਲੰਧਰ ਜੋਨ ਦੇ ਸਾਰੇ ਪ੍ਰੀਖਿਆ ਕੇਂਦਰ ਮੁਖੀ ਨੋਟ ਕਰਨ।

## ਰਾਕੇਸ਼ ਚੋਪੜਾ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਰੈੱਡ ਕਰਾਸ ਨੂੰ ਦਿੱਤਾ ਇੱਕ ਲੱਖ ਰੁਪਏ ਦਾ ਯੋਗਦਾਨ



**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਅਗਵਾਈ ਹੇਠ ਰੈੱਡ ਕਰਾਸ ਹੁਸ਼ਿਆਰਪੁਰ ਨੇ ਮੌਜੂਦਾ ਹੜ੍ਹਾਂ ਦੀ ਗੰਭੀਰਤਾ ਨੂੰ ਦੇਖਦਿਆਂ ਪੀੜਤਾਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਦਾ ਬੀੜਾ ਚੁੱਕਿਆ ਹੈ ਅਤੇ ਇਸ ਮੰਤਵ ਦੀ ਪ੍ਰਾਪਤੀ ਲਈ ਰੈੱਡ ਕਰਾਸ ਨੂੰ ਲਗਾਤਾਰ ਨਾਗਰਿਕਾਂ ਦਾ ਸਹਿਯੋਗ ਪ੍ਰਾਪਤ ਹੋ ਰਿਹਾ ਹੈ। ਇਸੇ ਤਹਿਤ ਰਾਕੇਸ਼ ਚੋਪੜਾ, ਪੁੱਤਰ ਰਾਜਪਾਲ ਚੋਪੜਾ, ਵਾਸੀ ਦੇਵ ਨਗਰ, ਬਹਾਦਰਪੁਰ, ਹੁਸ਼ਿਆਰਪੁਰ ਵੱਲੋਂ ਲਗਾਤਾਰ ਰੈੱਡ ਕਰਾਸ ਨੂੰ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਰਾਕੇਸ਼ ਚੋਪੜਾ ਦੁਆਰਾ ਇਸ ਲੜੀ ਨੂੰ ਅੱਗੇ ਵਧਾਉਂਦੇ ਹੋਏ ਰੈੱਡ ਕਰਾਸ ਸੁਸਾਇਟੀ ਨੂੰ ਹੜ੍ਹ ਪੀੜਤਾਂ ਦੀ ਸਹਾਇਤਾ ਹਿੱਤ ਇੱਕ ਲੱਖ ਰੁਪਏ ਦੀ ਰਾਸ਼ੀ ਦਾ ਯੋਗਦਾਨ ਕੀਤਾ ਗਿਆ ਹੈ। ਦਾਨ 'ਚ ਮਿਲੀ ਇਸ ਸਹਿਯੋਗ ਰਾਸ਼ੀ ਦੁਆਰਾ ਹੜ੍ਹ ਪੀੜਤਾਂ ਨੂੰ ਗੱਦੇ, ਮੱਛਰਦਾਨੀਆਂ, ਓਡੋਮੋਸ, ਪਾਣੀ ਦੀਆਂ ਬੋਤਲਾ ਅਤੇ ਸੈਨੇਟਰੀ ਪੈਡ ਵਰਗੀਆਂ ਜ਼ਰੂਰਤ ਦੀਆਂ ਵਸਤਾਂ ਪਹੁੰਚਾਈਆਂ ਜਾ ਰਹੀਆਂ ਹਨ। ਸਕੱਤਰ ਮੰਗੇਸ਼ ਸੂਦ ਵੱਲੋਂ ਰਾਕੇਸ਼ ਚੋਪੜਾ ਦਾ ਇਸ ਔਖੀ ਘੜੀ ਵਿਚ ਪਾਏ ਗਏ ਵੱਡਮੁੱਲੇ ਯੋਗਦਾਨ ਦਾ ਦਿਲੋਂ ਧੰਨਵਾਦ ਕਰਦਿਆ ਕਿਹਾ ਕਿ ਦਾਨੀਆਂ ਦੁਆਰਾ ਕੀਤੇ ਜਾਣ ਵਾਲੇ ਛੋਟੇ ਜਿਹੇ ਸਮਰਥਨ ਨਾਲ ਹੜ੍ਹ ਪੀੜਤਾਂ ਦੇ ਚਿਹਰੇ ਦੀ ਰੌਣਕ ਮੁੜ ਵਾਪਸ ਆ ਰਹੀ ਹੈ ਅਤੇ ਜਨਤਾ ਦੇ ਸਹਿਯੋਗ ਨਾਲ ਹੀ ਇਸ ਔਖੀ ਘੜੀ ਨਾਲ ਨਿਬੜਿਆ ਜਾ ਸਕਦਾ ਹੈ।

## ਹਰਿਆਣਾ ਕੌਸ਼ਲ ਰੁਜ਼ਗਾਰ ਨਿਗਮ ਨੇ 746 ਉਮੀਦਵਾਰਾਂ ਨੂੰ ਕੀਤਾ ਸ਼ਾਰਟਲਿਸਟ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਹਰਿਆਣਾ ਕੌਸ਼ਲ ਰੁਜਗਾਰ ਨਿਗਮ ਤਹਿਤ ਵੱਖ-ਵੱਖ ਅਸਾਮੀਆਂ ਲਈ ਪ੍ਰਾਪਤ ਬਿਨਿਆਂ ਨੂੰ ਸ਼ਾਰਟਲਿਸਟ ਕਰਦੇ ਹੋਏ 746 ਉਮੀਦਵਾਰਾਂ ਨੂੰ ਇਕ ਕਲਿਕ ਨਾਲ ਜਾਬ ਆਫਰ ਲੈਟਰ ਏਸਐਮਐਸ ਰਾਹੀਂ ਭੇਜੇ। 15 ਦਿਨਾਂ ਵਿਚ ਸ਼ਾਟਰਲਿਸਟ ਨੌਜੁਆਨਾਂ ਨੂੰ ਸੇਵਾ ਵਿਚ ਆਉਣ ਦਾ ਵਿਕਲਪ ਦੇਣਾ ਹੋਵੇਗਾ। ਮੁੱਖ ਮੰਤਰੀ ਦੀ ਅਗਵਾਈ ਹੇਠ ਇੱਥੇ ਹੋਈ ਹਰਿਆਣਾ ਕੌਸ਼ਲ ਰੁਜਗਾਰ ਨਿਗਮ ਦੀ ਮੀਟਿੰਗ ਵਿਚ ਨਿਗਮ ਦੀ ਕਾਰਜਪ੍ਰਣਾਲੀ 'ਤੇ ਵੀ ਵਿਸਤਾਰ ਨਾਲ ਚਰਚਾ ਕੀਤੀ ਗਈ। ਮੁੱਖ ਮੰਤਰੀ ਮਨੋਹਰ ਲਾਲ ਨੇ ਸਪੱਸ਼ਟ ਕੀਤਾ ਹੈ ਕਿ ਕੁੱਝ ਲੋਕ ਗੁਮਰਾਹ ਕਰ ਰਹੇ ਹਨ ਕਿ ਏਚਕੇਆਰਏਨ ਵਿਚ ਵੱਖ-ਵੱਖ ਤਰ੍ਹਾਂ ਦੇ ਲਾਲਚ ਦੇ ਕੇ ਲੋਕਾਂ ਦਾ ਕੰਮ ਹੋ ਰਿਹਾ ਹੈ ਇਹ ਸਰਾਸਰ ਗਲਤ ਹੈ। ਮੁੱਖ ਮੰਤਰੀ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਏਚਕੇਆਰਏਨ ਵਿਚ ਕਿਸੇ ਵੀ ਕਾਰਜ ਦੇ ਲਈ ਕਿਸੇ ਵੀ ਤਰ੍ਹਾਂ ਦੇ ਲਾਲਚ ਵਿਚ ਨਾ ਆਉਣ, ਕਿਉਂਕਿ ਨਿਗਮ ਦੇ ਤਹਿਤ ਪੂਰੀ ਇਮਾਨਦਾਰੀ ਤੇ ਪਾਰਦਰਸ਼ੀ ਢੰਗ ਨਾਲ ਸਹੀ ਪ੍ਰਕ੍ਰਿਆ ਨੂੰ ਅਪਨਾ ਕੇ ਹੀ ਨੌਜੁਆਨਾਂ ਨੂੰ ਠੇਕਾ ਆਧਾਰ 'ਤੇ ਰੁਜਗਾਰ ਦੇ ਮੌਕੇ ਦਿੱਤੇ ਜਾ ਰਹੇ ਹਨ। ਜਿਨ੍ਹਾਂ ਉਮੀਦਵਾਰਾਂ ਨੂੰ ਸ਼ਾਰਟਲਿਸਟ ਕੀਤਾ ਗਿਆ ਉਨ੍ਹਾਂ ਵਿਚ ਲੇਵਲ-1 ਤੋਂ ਲੇਵਲ -3 ਦੇ ਅਹੁਦੇ ਸ਼ਾਮਿਲ ਹਨ। ਇੰਨ੍ਹਾਂ ਅਹੁਦਿਆਂ ਵਿਚ ਸਹਾਇਕ ਲਾਇਨਮੈਨ ਦੇ ਸੱਭ ਤੋਂ ਵੱਧ 227 ਡਰਾਈਵਰ (ਈਆਰਵੀ) ਦੇ 55, ਫਾਇਰਮੈਨ/ਫਾਇਰ ਡਰਾਈਵਰ ਦੇ 47, ਡਾਟਾ ਏਂਟਰੀ ਆਪ੍ਰੇਟਰ ਦੇ 46, ਬਲਾਕ ਕਲਸਟਰ ਕੋਡੀਨੇਟਰ ਦੇ 42, ਡਰਾਈਵਰ ਦੇ 40, ਜੇਈ (ਸਿਵਲ) ਦੇ 31, ਸਵੀਪਰ ਦੇ 30, ਆਯੁਸ਼ ਯੋਗ ਸਹਾਇਕ ਦੇ 20, ਕਲਰਕ ਦੇ 15, ਲੀਗਲ ਅਸਿਸਟੈਂਟ ਦੇ 11, ਅਕਾਊਂਟਸ ਕਲਰਕ ਦੇ 7 ਅਹੁਦਿਆਂ ਸਮੇਤ ਹੋਰ ਵੱਖ-ਵੱਖ ਅਹੁਦੇਦਾਰ ਸ਼ਾਮਿਲ ਹਨ।

# ਇੰਟਰਨੈਸ਼ਨਲ ਸਕੂਲ 'ਚ ਨਸ਼ਾਖੋਰੀ ਤੇ ਇਲਾਜ ਬਾਰੇ ਜਾਗਰੂਕਤਾ ਸੈਮੀਨਾਰ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**- ਕੋਮਲ ਮਿੱਤਲ ਡਿਪਟੀ ਕਮਿਸ਼ਨਰ ਕਮ ਚੇਅਰਪਰਸਨ, ਹੁਸ਼ਿਆਰਪੁਰ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਅਤੇ ਓ.ਓ.ਏ.ਟੀ. ਕਲੀਨਿਕ ਹੁਸ਼ਿਆਰਪੁਰ ਵੱਲੋਂ ਜੇਮਸ ਕੈਂਬਰਿਜ ਇੰਟਰਨੈਸ਼ਨਲ ਸਕੂਲ ਹੁਸ਼ਿਆਰਪੁਰ ਵਿਖੇ ਪ੍ਰਿੰਸੀਪਲ ਸ਼ਰਤ ਕੁਮਾਰ ਸਿੰਘ ਦੀ ਪ੍ਰਧਾਨਗੀ ਹੇਠ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਹੁਸ਼ਿਆਰਪੁਰ ਤੋਂ ਪ੍ਰਸ਼ਾਂਤ ਆਦੀਆ ਕੌਂਸਲਰ ਰਿਸੋਰਸ ਪਰਸਨ ਵਜੋਂ ਹਾਜ਼ਰ ਹੋਏ। ਇਸ ਮੌਕੇ ਨਸ਼ਾਖੋਰੀ ਦੇ ਮਾੜੇ ਪ੍ਰਭਾਵਾਂ ਤੇ ਇਲਾਜ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਪੰਜਾਬ ਵੱਲੋ ਨਸ਼ਾਖੋਰੀ ਦਾ ਇਲਾਜ ਮੁਫਤ ਕੀਤਾ ਜਾਂਦਾ ਹੈ ਜਿਸ ਲਈ ਹੁਸ਼ਿਆਰਪੁਰ ਵਿਖੇ 2 ਨਸ਼ਾ ਮੁਕਤੀ ਕੇਂਦਰ, 1 ਪੁਨਰਵਾਸ ਕੇਂਦਰ ਅਤੇ 17 ਓ.ਓ.ਏ.ਟੀ. ਕਲੀਨਿਕ ਹਨ। ਇਸ ਦੇ ਇਲਾਜ ਬਾਰੇ ਜਾਣਕਾਰੀ ਦਿੰਦੇ ਕਿਹਾ ਕਿ ਇਹ ਸੰਦੇਸ਼ ਹਰ ਘਰ ਹਰ ਗਲੀ, ਮੁਹੱਲੇ ਤੱਕ ਪਹੁੰਚਾਓ ਤਾਂ ਜੋ ਰਲ ਕੇ ਪੰਜਾਬ ਨੂੰ ਤੰਦਰੁਸਤ, ਖੁਸ਼ਹਾਲ ਅਤੇ ਨਸ਼ਾ ਮੁਕਤ ਬਣਾਇਆ ਜਾ ਸਕੇ। ਜਿਸ ਮੌਕੇ ਤੇ ਬੱਚਿਆਂ ਨੂੰ ਨਸ਼ਾ ਮੁਕਤ ਰਹਿਣ ਦੀ ਸਹੁੰ ਵੀ ਚੁਕਾਈ ਗਈ । ਇਸ ਮੌਕੇ ਕਮਲ ਪਠਾਨੀਆ, ਅਮਨਦੀਪ, ਵਿਜੇ, ਉਪਾਸਨ, ਸੁਮਨ ਸੂਦ, ਮਿਸਟਰ ਰਿਚਰਡ, ਜੋਇਲ, ਮਨੀਸ਼, ਹਰਕੀਰਤ ਪਾਲ, ਪ੍ਰਿਆ ਸ਼ਰਮਾ, ਮਨਜੀਤ ਕੌਰ, ਰਾਜਵਿੰਦਰ ਕੌਰ, ਹਰਮਨਦੀਪ ਸਿੰਘ, ਵਰੁਣ, ਨਿਧੀ ਅਗਨੀਹੋਤਰੀ, ਰਮੇਸ਼ ਸ਼ਾਂਡਿਲ, ਦਿਵਿਆ ਰਾਜਪੂਤ, ਮੀਨੂੰ ਸੈਣੀ, ਰੀਨਾ ਰਾਣੀ, ਨੀਰਜਾ ਕਸ਼ਅਪ, ਰੋਹਿਤ ਆਦਿ ਹਾਜ਼ਰ ਸਨ।

# ਪੀ ਐੱਮ ਐੱਫ ਐੱਮ ਈ ਸਕੀਮ ਅਧੀਨ ਕੈਂਪ ਲਗਾਇਆ



**ਮੋਰਿੰਡਾ ( ਜੈਜੀ ਸਰਦਾਰ )**-ਜ਼ਿਲ੍ਹਾ ਪ੍ਰਸ਼ਾਸਨ ਰੂਪਨਗਰ ਦੇ ਸਹਿਯੋਗ ਨਾਲ ਪਿੰਡ ਢੰਗਰਾਲੀ, ਮੋਰਿੰਡਾ ਵਿਖੇ ਪ੍ਰਧਾਨ ਮੰਤਰੀ ਲਘੂ ਅਤੇ ਛੋਟੀਆਂ ਫੂਡ ਪ੍ਰੋਸੈਸਿੰਗ ਇਕਾਈਆਂ ਨੂੰ ਪ੍ਰਫੁੱਲਤ ਕਰਨ ਲਈ ਪੀ.ਐਮ.ਐਫ.ਐਮ.ਈ. ਸਕੀਮ ਅਧੀਨ ਕੈਂਪ ਲਗਾਇਆ ਗਿਆ ਅਤੇ ਇਸ ਸਕੀਮ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਲਈ ਵਿਆਪਕ ਪੱਧਰ ਉੱਤੇ ਯਤਨ ਕੀਤੇ ਜਾ ਰਹੇ ਹਨ। ਜਿਸ ਵਿੱਚ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਰੂਪਨਗਰ ਦੇ ਅਧਿਕਾਰੀ, ਬਲਾਕ ਪੱਧਰ ਪ੍ਰਸਾਰ ਅਫਸਰ ਮੋਰਿੰਡਾ, ਬਲਾਕ ਪੱਧਰ ਪ੍ਰਸਾਰ ਅਫਸਰ ਚਮਕੌਰ ਸਾਹਿਬ ਅਤੇ ਜ਼ਿਲ੍ਹਾ ਰਿਸੋਰਸ ਪਰਸਨ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਅਤੇ ਲੋੜਵੰਦ ਨੌਜਵਾਨ ਹਾਜਰ ਹੋਏ। ਜ਼ਿਲ੍ਹਾ ਉਦਯੋਗ ਕੇਂਦਰ, ਰੂਪਨਗਰ ਦੇ ਅਧਿਕਾਰੀ/ਬਲਾਕ ਪੱਧਰ ਪ੍ਰਸਾਰ ਅਫਸਰ/ਜ਼ਿਲ੍ਹਾ ਰਿਸੋਰਸ ਪਰਸਨ ਵੱਲੋਂ ਪੀ.ਐਮ.ਐਫ.ਐਮ.ਈ. ਸਕੀਮ ਅਧੀਨ ਉੱਦਮੀਆਂ ਨੂੰ ਦਿੱਤੀ ਜਾਣ ਵਾਲੀ ਵਿੱਤੀ, ਤਕਨੀਕੀ ਅਤੇ ਵਪਾਰਕ ਸਹਾਇਤਾ ਬਾਰੇ ਜਾਣੂ ਕਰਵਾਇਆ ਗਿਆ ਅਤੇ ਦੱਸਿਆ ਗਿਆ ਕਿ ਇਸ ਸਕੀਮ ਅਧੀਨ ਪ੍ਰੋਜੈਕਟ ਦੀ ਲਾਗਤ ਦਾ 35 ਪ੍ਰਤੀਸ਼ਤ ਕਰੈਡਿਟ ਲਿੰਕਡ ਕੈਪੀਟਲ ਸਬਸਿਡੀ ਜੋ ਵੱਧ ਤੋਂ ਵੱਧ 3 ਕਰੋੜ ਰੁਪਏ ਦਿੱਤੀ ਜਾਂਦੀ ਹੈ। ਬਿਨੈਕਾਰ ਦੀ ਪ੍ਰੋਜੈਕਟ ਲਾਗਤ 10 ਕਰੋੜ ਤੋਂ ਵੱਧ ਨਹੀਂ ਹੋਣੀ ਚਾਹੀਂਦੀ। ਇਸੇ ਤਰ੍ਹਾਂ ਲਾਭਪਾਤਰੀ ਨੂੰ ਘੱਟੋ ਘੱਟ 10 ਪ੍ਰਤੀਸ਼ਤ ਦਾ ਹਿੱਸਾ ਆਪਣੇ ਕੋਲੋਂ ਪਾਉਣਾ ਪਵੇਗਾ। ਬਿਨੈਕਾਰ ਵੱਲੋਂ ਆਪਣੀ ਅਰਜੀ ਆਨਲਾਇਨ ਪੋਰਟਲ ... ਤੇ ਅਪਲਾਈ ਕਰਨੀ ਹੁੰਦੀ ਹੈ ਅਤੇ ਲਾਭਪਾਤਰੀ ਵੱਲੋਂ ਤਜਵੀਜਨ ਪ੍ਰੋਜੈਕਟ ਨੂੰ ਤਿਆਰ ਕਰਨ ਲਈ ਪੰਜਾਬ ਐਗਰੋ ਵੱਲੋਂ ਨਿਯੁਕਤ ਕੀਤੇ ਡੀ.ਆਰ.ਪੀ. ਵੱਲੋਂ ਤਿਆਰ ਕਰਨ ਵਿੱਚ ਮਦਦ ਕੀਤੀ ਜਾਂਦੀ ਹੈ ਕਿਉਂ ਜੋ ਪੰਜਾਬ ਐਗਰੋ ਸਕੀਮ ਵਿੱਚ ਸਟੇਟ ਨੋਡਲ ਏਜੰਸੀ ਹੈ। ਜ਼ਿਲ੍ਹੇ ਦੇ ਰਿਸੋਰਸ ਪਰਸਨ ਵੱਲੋਂ ਪੋਰਟਲ ਤੇ ਕੇਸ ਅਪਲਾਈ ਕੀਤਾ ਜਾਂਦਾ ਹੈ ਜੋ ਕਿ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਨੂੰ ਫਾਰਵਰਡ ਕਰ ਦਿੱਤਾ ਜਾਂਦਾ ਹੈ। ਇਸ ਉਪਰੰਤ ਕੇਸ ਸਹੀ ਹੋਣ ਦੀ ਸਹੂਲਤ ਵਿੱਚ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ ਵੱਲੋਂ ਸਬੰਧਤ ਬੈਂਕ ਨੂੰ ਭੇਜ ਦਿੱਤਾ ਜਾਂਦਾ ਹੈ। ਜ਼ਿਲ੍ਹਾ ਉਦਯੋਗ ਕੇਂਦਰ, ਰੂਪਨਗਰ ਦੇ ਅਧਿਕਾਰੀਆਂ ਵੱਲੋਂ ਦੱਸਿਆ ਗਿਆ ਹੈ ਕਿ ਇਸ ਸਕੀਮ ਅਧੀਨ ਉਹਨਾਂ ਦੁਆਰਾ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਵਿੱਚ ਕੈਂਪ ਲਗਾ ਕੇ ਸਕੀਮ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ ਜਾ ਰਿਹਾ ਹੈ।

# ਲੁੱਟ-ਖੋਹ ਕਰਨ ਵਾਲੇ ਤਿੰਨ ਕਾਬੂ

**ਫਿਲੌਰ ( ਨਿਰਮਲ)** ਸਿਮਰਨਜੀਤ ਸਿੰਘ ਲੰਗ ਪੀ ਪੀ ਐਸ ਉਪ ਪੁਲਸ ਕਪਤਾਨ ਸਬ ਡਵੀਜਨ ਫਿਲੌਰ ਨੇ ਦੱਸਿਆ ਕਿ ਉਹਨਾਂ ਵੱਲੋਂ ਮੁੱਖ ਅਫਸਰ ਥਾਣਾ ਫਿਲੌਰ ਨੂੰ ਦਿਸ਼ਾ ਨਿਰਦੇਸ਼ ਦੇ ਕੇ ਲੁੱਟ ਖੋਹ ਦੀਆਂ ਵਾਰਦਾਤਾਂ ਕਰਨ ਵਾਲੇ ਵਿਅਕਤੀਆਂ ਖਿਲਾਫ ਸਪੈਸ਼ਲ ਚੈਕਿੰਗ ਕਰਨ ਲਈ ਹਦਾਇਤ ਕੀਤੀ ਗਈ ਸੀ। ਜਿਸ ਤੇ ਇੰਸਪੈਕਟਰ ਹਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਦੇ ਸਹਾਇਕ ਸਬ ਇੰਸਪੈਕਟਰ ਧਰਮਿੰਦਰ ਸਿੰਘ ਥਾਣਾ ਫਿਲੌਰ ਵੱਲੋਂ ਸਪੈਸ਼ਲ ਆਪ੍ਰੇਸ਼ਨ ਦੌਰਾਨ ਸੂਰਜ ਕੁਮਾਰ ਉਰਫ ਸੁਰਜੂ ਵਾਸੀ ਮੁਹੱਲਾ ਜਗਤਪੁਰਾ ਪੰਜਢੇਰਾ ਥਾਣਾ ਫਿਲੌਰ ਜਿਲ੍ਹਾ ਜਲੰਧਰ, ਬਿਰਜੂ ਵਾਸੀ ਨਹਿਰ ਕੰਡਾ, ਜਗਤਪੁਰ ਪੰਜਢੇਰਾ ਥਾਣਾ ਫਿਲੌਰ ਜਿਲ੍ਹਾ ਜਲੰਧਰ ਅਤੇ ਹਰਜਿੰਦਰ ਕੁਮਾਰ ਉਰਫ ਗੱਬਰ ਵਾਸੀ ਪਿੰਡ ਨੰਗਲ ਥਾਣਾ ਫਿਲੌਰ ਜਿਲ੍ਹਾ ਜਲੰਧਰ ਨੂੰ ਗ੍ਰਿਫਤਾਰ ਕਰਕੇ ਇਹਨਾਂ ਦੇ ਕਬਜੇ 'ਚੋਂ 11 ਮੋਬਾਇਲ ਫੋਨ ਅਤੇ 2 ਮੋਟਰਸਾਈਕਲ ਚੋਰੀ ਸੁਦਾ ਬਰਾਮਦ ਕਰਕੇ ਮੁਕੱਦਮਾ ਥਾਣਾ ਫਿਲੌਰ ਦਰਜ ਰਜਿਸਟਰ ਕੀਤਾ ਗਿਆ। ਮੁਢਲੀ ਪੁੱਛਗਿੱਛ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਤਿੰਨੋਂ ਕਾਫੀ ਸਮੇਂ ਤੋਂ ਲੁੱਟ ਖੋਹ ਅਤੇ ਚੋਰੀ ਦੀਆਂ ਵਾਰਦਾਤਾਂ ਕਰਨ ਦਾ ਧੰਦਾ ਕਰਦੇ ਆ ਰਹੇ ਹਨ। ਸੂਰਜ ਕੁਮਾਰ ਉਰਫ ਸੁਰਜੂ ਵਾਸੀ ਮੁਹੱਲਾ ਜਗਤਪੁਰਾ ਪੰਜਢੇਰਾ ਥਾਣਾ ਫਿਲੌਰ ਜਿਲਾ ਜਲੰਧਰ ਜੋ ਥੋੜੇ ਸਮੇਂ ਪਹਿਲਾਂ ਹੀ ਜੇਲ੍ਹ 'ਚੋਂ ਜ਼ਮਾਨਤ ਪਰ ਆਇਆ ਹੈ ਇਸ ਨੇ ਬਿਰਜੂ ਵਾਸੀ ਨਹਿਰ ਕੰਡਾ, ਜਗਤਪੁਰ ਪੰਜਢੇਰਾ ਅਤੇ ਹਰਜਿੰਦਰ ਕੁਮਾਰ ਉਰਫ ਗੱਬਰ ਨਾਲ ਮਿਲ ਕੇ ਲੁੱਟ ਖੋਹ ਦੀਆਂ ਵਾਰਦਾਤਾਂ ਕੀਤੀਆਂ ਹਨ।

# ਰਾਸ਼ਟਰੀ ਪੱਧਰ 'ਤੇ ਜਾਗਰੂਕਤਾ ਸੈਮੀਨਾਰ ਕਰਵਾਇਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਮਾਈਕਰੋ ਸਮਾਲ ਮੀਡੀਅਮ ਇੰਟਰਪ੍ਰਾਇਸਿਸ ਪ੍ਰਮੋਸ਼ਨ ਕੌਂਸਲ ਇੰਡੀਆ ਦੀ ਛਤਰ ਛਾਇਆ ਹੇਠ ਆਈ ਐਸ ਐਫ ਫਾਰਮੇਸੀ ਕਾਲਜ ਪੰਜਾਬ ਦੇ ਜ਼ਿਲ੍ਹਾ ਮੋਗਾ ਵਿਖੇ 10 ਤੋਂ 2 ਵਜੇ ਰਾਸ਼ਟਰੀ ਪੱਧਰ 'ਤੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਬੈਂਕਾਂ ਦੇ ਮੁੱਖ ਅਧਿਕਾਰੀਆਂ, ਜ਼ਿਲ੍ਹਾ ਮੋਗਾ ਦੇ ਮੌਜੂਦਾ ਜ਼ਿਲ੍ਹਾ ਲੋਕ ਸੰਪਰਕ ਅਫਸਰ ਪ੍ਰਭਦੀਪ ਸਿੰਘ, ਸਾਬਕਾ ਐਮ ਐਲ ਏ ਡਾਕਟਰ ਹਰਜੋਤ ਕਮਲ, ਸੈਂਟਰਲ ਦਿੱਲੀ ਤੋਂ ਐਮ ਐਸ ਐਮ ਈ ਪ੍ਰਮੋਸ਼ਨ ਕੌਂਸਲ ਇੰਡੀਆ ਦੇ ਨੈਸ਼ਨਲ ਚੇਅਰਮੈਨ ਵਿਜੇ ਕੁਮਾਰ ਤੇ ਨੈਸ਼ਨਲ ਵਾਈਸ ਚੇਅਰਮੈਨ ਪ੍ਰਦੀਪ ਮਿਸਰਾ ਸਰਕਾਰ, ਪੰਜਾਬ ਚੇਅਰਮੈਨ ਸੰਜੀਵ ਥਾਪਰ, ਪੰਜਾਬ ਵਾਇਸ ਚੇਅਰਮੈਨ ਬਲਵੀਰ ਸਿੰਘ ਹਰਾਈਪੁਰ ਵੱਲੋਂ ਸੈਮੀਨਾਰ ਆਰੰਭ ਕੀਤਾ ਗਿਆ। ਚੇਅਰਮੈਨ ਵਿਜੇ ਕੁਮਾਰ ਅਤੇ ਉਪ ਚੇਅਰਮੈਨ ਪ੍ਰਦੀਪ ਮਿਸਰਾ ਸਰਕਾਰ ਨੇ ਦੱਸਿਆ ਕਿ ਭਾਰਤ ਵਿਚ ਬੇਰੋਜ਼ਗਾਰੀ ਅਤੇ ਦੇਸ਼ ਦੀ ਆਰਥਕ ਸਥਿਤੀ ਨੂੰ ਮੁੱਖ ਰੱਖਦਿਆਂ ਭਾਰਤ ਦੇਸ਼ ਦੀ ਨੌਜਵਾਨ ਪੀੜ੍ਹੀ ਨੂੰ ਦਿਸ਼ਾ ਦੇਣ ਸੰਬੰਧੀ ਕਾਰੋਬਾਰ ਕਰਨ ਲਈ ਐਮ ਐਸ ਐਮ ਈ ਅਤੇ ਪੀ ਐੱਮ ਈ ਜੀ ਪੀ ਪ੍ਰੋਗਰਾਮ ਤਹਿਤ ਚਲਾਈ ਜਾ ਰਹੀਆਂ ਛੋਟੀਆਂ ਵੱਡੀਆਂ ਇੰਡਸਟਰੀਜ਼ ਲੋਨ ਸੰਬੰਧਤ ਸਕੀਮਾਂ ਨੂੰ ਪੂਰੇ ਭਾਰਤ ਪੱਧਰ ਉੱਤੇ ਆਮ ਜਨਤਾ ਤੱਕ ਐਮ ਐਸ ਐਮ ਈ ਕੌਂਸਲ ਵੱਲੋਂ ਘਰ ਘਰ ਤੱਕ ਪਹੁਚਾਉਣ ਦਾ ਜ਼ੁਮਾ ਚੁੱਕਿਆ ਗਿਆ ਹੈ ਅਤੇ ਕੌਂਸਲ ਵੱਲੋਂ ਪੂਰੇ ਭਾਰਤ ਵਿੱਚ ਟਾਰਗੇਟ ਦੇ ਰੂਪ ਵਿਚ ਬੇਰੋਜ਼ਗਾਰੀ ਜੜ੍ਹੋਂ ਖਤਮ ਕਰਨ ਦਾ ਮੁਕੰਮਲ ਯਤਨ ਵੀ ਕੀਤਾ ਜਾ ਰਿਹਾ ਹੈ। ਇਸ ਮੌਕੇ ਐਮ.ਐਸ.ਐਮ. ਈ. ਪ੍ਰਮੋਸ਼ਨ ਕੌਂਸਲ ਇੰਡੀਆ ਤੋਂ ਸੀਨੀਅਰ ਡਾਇਰੈਕਟਰ, ਡਾਇਰੈਕਟਰ ਰੋਹਿਤ ਭਾਟੀਆ ਗੋਲਡ ਮੈਡਲਿਸਟ ਸਟੇਟ ਐਵਾਰਡੀ, ਭਾਰਤੀ ਜਾਗ੍ਰਿਤੀ ਮੰਚ ਵਿਨੋਦ ਕੌਸਰ ਅਤੇ ਹੋਰ ਅਨੇਕਾਂ ਸਟੇਟ ਤੇ ਨੈਸ਼ਨਲ ਲੈਵਲ ਦੀਆਂ ਨਾਮਵਰ ਸ਼ਖਸੀਅਤਾਂ ਹਾਜ਼ਰ ਸਨ।

# ਜਨ-ਸੁਣਵਾਈ ਕੈਂਪ ਲਾਇਆ



**ਮੋਰਿੰਡਾ (ਜੈਜੀ ਸਰਦਾਰ)** ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹਦਾਇਤਾਂ 'ਤੇ ਪਿੰਡ ਪੱਧਰ 'ਤੇ ਲੋਕ ਸਮੱਸਿਆਵਾਂ ਦੇ ਹੱਲ ਲਈ 'ਜਨ ਸੁਣਵਾਈ ਕੈਂਪਾਂ' ਦਾ ਆਯੋਜਨ ਲਗਾਤਾਰ ਜਾਰੀ ਹੈ। ਇਸੇ ਲੜੀ ਤਹਿਤ ਮੁੱਖ ਮੰਤਰੀ ਫੀਲਡ ਅਫਸਰ ਸ੍ਰੀਮਤੀ ਅਨਮਜੋਤ ਕੌਰ ਅਤੇ ਐੱਸ ਡੀ ਐਮ ਮੋਰਿੰਡਾ ਦੀਪਾਂਕਰ ਗਰਗ ਵੱਲੋਂ ਮੋਰਿੰਡਾ ਦੇ ਪਿੰਡ ਢੋਲਣ ਮਾਜਰਾ ਵਿਖੇ ਕੈਂਪ ਲਗਾ ਕੇ ਆਮ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ। ਇਸ ਮੌਕੇ ਹਲਕਾ ਵਿਧਾਇਕ ਸ੍ਰੀ ਚਮਕੌਰ ਸਾਹਿਬ ਡਾ. ਚਰਨਜੀਤ ਸਿੰਘ ਵੀ ਵਿਸੇਸ ਤੌਰ ਉਤੇ ਹਾਜ਼ਰ ਹੋਏ। ਡਾ. ਚਰਨਜੀਤ ਸਿੰਘ ਨੇ ਦੱਸਿਆ ਕਿ ਜਨ ਸੁਣਵਾਈ ਕੈਂਪ ਵਿਚ ਮੋਰਿੰਡਾ ਦੇ ਪਿੰਡ ਢੋਲਣ ਮਾਜਰਾ, ਬੰਗੀਆਂ ਅਤੇ ਕਾਂਜਲਾ ਦੇ ਲੋਕਾਂ ਦੀਆਂ ਵੱਖ-ਵੱਖ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕਰਦਿਆਂ ਉਨ੍ਹਾਂ ਦਾ ਹੱਲ ਕੀਤਾ ਗਿਆ। ਇਸ ਕੈਂਪ ਦੌਰਾਨ ਪੈਨਸਨ ਸੰਬੰਧੀ, ਰੁਜਗਾਰ, ਪ੍ਰਦੂਸਣ ਕਟਰੋਲ ਬੋਰਡ, ਸਿਹਤ ਵਿਭਾਗ, ਪੰਜਾਬ ਹੁਨਰ ਵਿਕਾਸ, ਖੇਤੀਬਾੜੀ ਵਿਭਾਗ, ਕਿਰਤ ਵਿਭਾਗ ਅਤੇ ਹੋਰ ਵਿਭਾਗਾਂ ਵਲੋਂ ਚਲਾਈ ਜਾਂਦੀਆ ਲੋਕ ਭਲਾਈ ਸਕੀਮਾਂ ਬਾਰੇ ਜਾਣੂ ਕਰਵਾਇਆ ਤਾਂ ਜੋ ਕੋਈ ਲੋੜਵੰਦ ਆਪਣੀ ਲੋੜ ਅਨੁਸਾਰ ਸਰਕਾਰੀ ਸਕੀਮ ਦਾ ਫਾਇਦਾ ਲੇ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡੀ.ਐਸ.ਪੀ ਮਨਜੀਤ ਸਿੰਘ ਔਲਖ, ਤਹਿਸੀਲਦਾਰ ਮੋਰਿੰਡਾ ਮਨਿੰਦਰ ਸਿੰਘ ਸਿੱਧੂ, ਡੀ.ਡੀ.ਪੀ.ਓ. ਬੀ ਐੱਸ ਗਰੇਵਾਲ, ਬੀ.ਡੀ.ਪੀ.ਓ ਮੋਰਿੰਡਾ ਹਰਿੰਦਰ ਕੌਰ, ਸੀਨੀਅਰ ਮੈਡੀਕਲ ਅਫਸਰ ਡਾ. ਬਲਦੇਵ ਸਿੰਘ, ਸੀਨੀਅਰ ਮੈਡੀਕਲ ਅਫਸਰ ਡਾ. ਗੋਬਿੰਦ ਟੰਡਨ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਪਿੰਡ ਦੇ ਮੋਹਤਬਰ ਵਿਅਕਤੀ ਮੌਜੂਦ ਸਨ।

## ਗੁਰੂ ਨਾਨਕ ਖਾਲਸਾ ਕਾਲਜ 'ਚ ਮੈਜ਼ਿਕ ਸ਼ੋਅ ਕਰਵਾਇਆ



**ਸੁਲਤਾਨਪੁਰ ਲੋਧੀ, (ਹਨੀ)** ਇੰਡੀਅਨ ਰੈੱਡ ਕਰਾਸ ਸੁਸਾਇਟੀ ਕਪੂਰਥਲਾ ਵੱਲੋਂ ਮਾਨਵਤਾ ਦੇ ਭਲੇ ਲਈ ਫੰਡ ਇਕੱਤਰ ਕਰਨ ਹਿੱਤ ਵੱਖ-ਵੱਖ ਸਕੂਲਾਂ, ਕਾਲਜਾਂ 'ਚ ਕਰਵਾਏ ਜਾ ਰਹੇ ਮੈਜ਼ਿਕ ਸ਼ੋਅ ਤਹਿਤ ਗੁਰੂ ਨਾਨਕ ਖਾਲਸਾ ਕਾਲਜ ਵਿਖੇ ਮੈਜ਼ਿਕ ਸ਼ੋਅ ਦਾ ਆਯੋਜਨ ਕੀਤਾ ਗਿਆ, ਜਿਸ 'ਚ ਇੰਡੀਅਨ ਰੈੱਡ ਕਰਾਸ ਸੁਸਾਇਟੀ ਕਪੂਰਥਲਾ ਵੱਲੋਂ ਵਿਦਿਆਰਥੀਆਂ ਨੂੰ ਮੈਜ਼ਿਕ ਦੇ ਵੱਖ-ਵੱਖ ਟ੍ਰਿਕ ਦਿਖਾ ਕੇ ਜਿੱਥੇ ਉਹਨਾਂ ਦਾ ਮਨੋਰੰਜਨ ਕੀਤਾ ਗਿਆ, ਉੱਥੇ ਵਿਦਿਆਰਥੀਆਂ ਨੂੰ ਇਸ ਮਾਨਵਤਾ ਦੇ ਭਲੇ ਲਈ ਇਕੱਤਰ ਕੀਤੇ ਜਾ ਰਹੇ ਫੰਡ ਵਿੱਚ ਭਾਈਵਾਲ ਵੀ ਬਣਾਇਆ ਗਿਆ। ਇਸ ਮੌਕੇ ਡਾ. ਮਨੀ ਛਾਬੜਾ, ਪ੍ਰੋ. ਰਾਜਪ੍ਰੀਤ ਕੌਰ, ਪ੍ਰੋ. ਰਾਜਦੀਪ ਕੌਰ ਜੋਸਨ, ਪ੍ਰੋ. ਸ਼ਿਲਪਾ ਅਰੋੜਾ, ਪ੍ਰੋ. ਪਲਕ, ਪ੍ਰੋ. ਸਿਮਰਜੀਤ ਕੌਰ, ਪ੍ਰੋ. ਅਰਸ਼ਪ੍ਰੀਤ ਕੌਰ, ਪ੍ਰੋ. ਕੋਮਲਪ੍ਰੀਤ ਕੌਰ, ਪ੍ਰੋ. ਮਨਮੀਤ ਕੌਰ, ਪ੍ਰੋ. ਨਿਵਿਆ, ਪ੍ਰੋ. ਹਰਪ੍ਰੀਤ ਸਿੰਘ, ਪ੍ਰੋ. ਹਰਦੀਸ਼ ਕੌਰ, ਪ੍ਰੋ. ਸਰਬਜੀਤ ਕੌਰ, ਪ੍ਰੋ. ਅਮਨਦੀਪ ਕੌਰ, ਪ੍ਰੋ. ਹਰਜਾਪ ਸਿੰਘ, ਪ੍ਰੋ. ਦਿਕਸ਼ਾ, ਅਮਰੀਕ ਸਿੰਘ, ਅਜਮੇਰ ਸਿੰਘ, ਸੁਮਿਤ ਕੁਮਰਾ, ਮੈਡਮ ਨਵਨੀਤ ਕੌਰ ਆਦਿ ਹਾਜ਼ਰ ਸਨ।

# ਝੁੱਗੀਆਂ, ਝੌਂਪੜੀਆਂ ਦੇ ਵਿਦਿਆਰਥੀਆਂ ਲਈ ਨਵੋਦਿਆ ਸਕੂਲ ਦਾਖਲੇ ਲਈ ਕੀਤੇ ਵਿਸ਼ੇਸ਼ ਪ੍ਰਬੰਧ : ਪ੍ਰੋਫੈਸਰ ਸੁਨੇਤ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਹੁਸ਼ਿਆਰਪੁਰ ਦੇ ਪਿੰਡ ਅੱਜੋਵਾਲ ਤੇ ਪ੍ਰੀਤ ਨਗਰ ਵਿਖੇ ਗਰੀਬੀ ਰੇਖਾ ਤੋਂ ਹੇਠਾਂ ਝੁੱਗੀਆਂ ਝੌਂਪੜੀਆਂ 'ਚ ਰਹਿ ਰਹੇ ਲੋਕਾਂ ਦੇ ਜੀਵਨ ਪੱਧਰ ਉੱਚਾ ਚੁੱਕਣ ਲਈ ਸੇਵਾਵਾਂ ਨਿਭਾ ਰਹੀ ਉਘੀ ਸਮਾਜ ਸੇਵੀ ਸੰਸਥਾ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰਸਟ ਵੱਲੋਂ ਇਥੇ ਰਹਿ ਰਹੇ ਪਰਵਾਰਾਂ ਦੇ ਬੱਚਿਆਂ ਨੂੰ ਵਿੱਦਿਆ ਪ੍ਰਾਪਤ ਕਰਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਕਿ ਇਹ ਲੋਕ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਵਿੱਦਿਆ ਹਾਸਲ ਕਰਵਾ ਕੇ ਅੱਗੇ ਵਧ ਸਕਨ। ਇਸ ਇਲਾਕੇ ਵਿੱਚ ਸਥਿਤ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਨੂੰ ਗੋਦ ਲੈ ਕੇ ਸਕੂਲ ਅਤੇ ਵਿਦਿਆਰਥੀਆਂ ਦੀ ਉਨਤੀ ਅਤੇ ਵਿਕਾਸ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਨਵੋਦਿਆ ਵਿਦਿਆਲਿਆ ਵਿਚ ਦਾਖਲਾ ਲੈਣ ਲਈ ਹੋਣ ਵਾਲੀ ਪ੍ਰੀਖਿਆ ਦੀ ਤਿਆਰੀ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ । ਇਸ ਸੰਬੰਧੀ ਇੱਛੁਕ ਵਿਦਿਆਰਥੀਆਂ, ਉਨ੍ਹਾਂ ਦੇ ਮਾਤਾ ਪਿਤਾ, ਅਧਿਆਪਕਾਂ ਅਤੇ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰਸਟ ਦੇ ਮੈਂਬਰਾਂ ਦੀ ਇੱਕ ਮੀਟਿੰਗ ਕੀਤੀ ਗਈ ਜਿਸ ਨੂੰ ਸੰਬੋਧਨ ਕਰਦਿਆਂ ਟਰਸਟ ਦੇ ਪ੍ਰਧਾਨ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਨੇ ਨਵੋਦਿਆ ਸਕੂਲਾਂ ਵਿੱਚ ਦਾਖਲੇ ਸੰਬੰਧੀ ਅਤੇ ਸਰਕਾਰ ਵੱਲੋਂ ਉਥੇ ਦਿੱਤੀਆਂ ਜਾਂਦੀਆਂ ਸਹੂਲਤਾਂ ਸੰਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਜਿਸ ਤਰਸਯੋਗ ਹਾਲਤ ਵਿੱਚ ਰਹਿ ਰਹੇ ਹਨ ਉਸ ਵਿੱਚੋਂ ਨਿਕਲ ਦਾ ਇੱਕੋ ਇੱਕ ਰਸਤਾ ਹੈ ਕਿ ਉਹ ਆਪਣੇ ਭਵਿੱਖ ਨੂੰ ਸੁਧਾਰਨ ਲਈ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਵਿੱਦਿਆ ਪ੍ਰਾਪਤ ਕਰਵਾਉਣ। ਜਿਸ ਲਈ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰਸਟ ਹਮੇਸ਼ਾ ਹੀ ਉਨ੍ਹਾਂ ਦੀ ਮਦਦ ਕਰਦਾ ਰਹੇਗਾ । ਟਰਸਟ ਦੇ ਚੇਅਰਮੈਨ ਅਤੇ ਉਘੇ ਸਮਾਜ ਸੇਵੀ ਇੰਗਲੈਂਡ ਨਿਵਾਸੀ ਰਣਜੀਤ ਸਿੰਘ ਅਤੇ ਟਰੱਸਟੀ ਜੇ ਐਸ ਆਹਲੂਵਾਲੀਆ ਵੱਲੋਂ ਭੇਜੇ ਗਏ ਵਿਸ਼ੇਸ਼ ਸੰਦੇਸ਼ ਵਿੱਚ ਵਿਦਿਆਰਥੀਆਂ ਨੂੰ ਸਖਤ ਮਿਹਨਤ ਕਰਕੇ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਉਤਸ਼ਾਹਤ ਕੀਤਾ । ਇਸ ਮੌਕੇ ਪ੍ਰਿੰਸੀਪਲ ਰਚਨਾ ਕੌਰ, ਗੁਰਪ੍ਰੀਤ ਸਿੰਘ, ਜਤਿੰਦਰ ਕੌਰ, ਡਾ. ਗੁਰਬਖਸ਼ ਸਿੰਘ ਸੰਧੂ, ਪ੍ਰੀਤਮ ਸਿੰਘ ਖਾਲਸਾ ਨੇ ਕਿਹਾ ਕਿ ਟਰਸਟ ਦਾ ਮੁੱਖ ਉਦੇਸ਼ ਲੋੜਵੰਦ ਵਿਦਿਆਰਥੀਆਂ ਨੂੰ ਵਿੱਦਿਆ ਪ੍ਰਾਪਤ ਕਰਵਾਉਣ ਲਈ ਉਪਰਾਲੇ ਕਰਨੇ ਹਨ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਪਰਵੀਨ ਕੁਮਾਰ ਨੇ ਟਰਸਟ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ।

# ਪੰਚਾਇਤਾਂ ਭੰਗ ਕਰਨ ਵਿਰੁੱਧ ਅਕਾਲੀ ਦਲ (ਅ) ਨੇ ਡੀ ਸੀ ਨੂੰ ਦਿੱਤਾ ਮੰਗ ਪੱਤਰ

**ਹੁਸ਼ਿਆਰਪੁਰ , ( ਓ ਪੀ ਰਾਣਾ )** ਪੰਜਾਬ ਸਰਕਾਰ ਵੱਲੋਂ ਮਿਆਦ ਪੂਰੀ ਹੋਣ ਤੋਂ ਪਹਿਲਾਂ ਪੰਚਾਇਤਾਂ ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਭੰਗ ਕਰਨ ਦੇ ਫੈਸਲੇ ਵਿਰੁੱਧ ਰੋਸ ਪ੍ਰਗਟਾਉਣ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸੀਨੀਅਰ ਆਗੂ ਮਾਸਟਰ ਕੁਲਦੀਪ ਸਿੰਘ ਮਸੀਤੀ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੂੰ ਮੰਗ ਪੱਤਰ ਦਿੱਤਾ। ਇਸ ਮੌਕੇ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਜਨਰਲ ਸਕੱਤਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇੱਕ ਨੋਟੀਫਿਕੇਸਨ ਜਾਰੀ ਕਰਕੇ ਪੰਜਾਬ ਦੀ ਸਾਰੀਆਂ 13241 ਗ੍ਰਾਮ ਪੰਚਾਇਤਾਂ ਨੂੰ ਤੁਰੰਤ ਪ੍ਰਭਾਵ ਨਾਲ ਸਮੇਂ ਤੋਂ ਪਹਿਲਾਂ ਭੰਗ ਕਰਨਾ ਜਮਹੂਰੀਅਤ ਦਾ ਘਾਣ ਹੈ ਅਤੇ ਭਾਰਤੀ ਸੰਵਿਧਾਨ ਦੀ ਧਾਰਾ 243-ਈ ਦੀ ਉਲੰਘਣਾ ਹੈ। ਸਿੰਗੜੀਵਾਲਾ ਨੇ ਕਿਹਾ ਕਿ ਗ੍ਰਾਮ ਪੰਚਾਇਤ ਦੀ ਮਿਆਦ ਪੰਜ ਸਾਲ ਲਈ ਨਿਰਧਾਰਿਤ ਕੀਤੀ ਗਈ ਹੈ ਜਿਸ ਨੂੰ ਸਰਕਾਰ ਵੱਲੋਂ ਸਮੇਂ ਤੋਂ ਪਹਿਲਾਂ ਭੰਗ ਕਰਨਾ ਬਹੁਤ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਪੰਚਾਇਤਾਂ ਭੰਗ ਕਰਨ ਦਾ ਜਾਰੀ ਕੀਤਾ ਗਿਆ ਨੋਟਿਸ ਕਾਰਜਕਾਰੀ ਸ਼ਕਤੀਆਂ ਦੀ ਮਨਮਾਨੀ, ਗੈਰ ਜਮਹੂਰੀ, ਗੈਰ ਕਾਨੂੰਨੀ ਅਤੇ ਸਖਤ ਵਰਤੋਂ ਦੇ ਕਾਰਨਾਂ ਬਾਰੇ ਭਗਵੰਤ ਮਾਨ ਦੀ ਸਰਕਾਰ ਪੂਰੀ ਤਰ੍ਹਾਂ ਚੁੱਪ ਹੈ । ਪੰਜਾਬ ਦੀ ਕਿਸੇ ਵੀ ਗ੍ਰਾਮ ਪੰਚਾਇਤ ਨੂੰ ਪੰਜ ਸਾਲ ਦੀ ਮਿਆਦ ਪੂਰੀ ਹੋਣ ਤੋਂ ਪਹਿਲਾਂ ਭੰਗ ਕਰਨ ਲਈ ਪਹਿਲਾਂ ਕੋਈ ਕਾਰਨ ਦੱਸੋ ਨੋਟਿਸ ਜਾਰੀ ਨਹੀਂ ਕੀਤਾ ਗਿਆ ਹੈ । ਇਸ ਸਮੇਂ ਮਾਸਟਰ ਕੁਲਦੀਪ ਸਿੰਘ ਮਸੀਤੀ ਨੇ ਕਿਹਾ ਕਿ ਪੰਚਾਇਤਾਂ ਨੂੰ ਭੰਗ ਕਰਨ ਦੇ ਨੋਟੀਫਿਕੇਸ਼ਨ ਦਾ ਮੁੱਦਾ ਸਿਆਸਤ ਤੋਂ ਪ੍ਰੇਰਿਤ ਹੈ । ਪੰਜਾਬ ਸਰਕਾਰ ਚੁਣੀਆਂ ਹੋਈਆਂ ਗ੍ਰਾਮ ਪੰਚਾਇਤਾਂ ਨੂੰ ਬਾਈਪਾਸ ਕਰਕੇ ਪਿੰਡਾਂ ਵਿੱਚ ਪੰਚਾਇਤਾਂ ਅਧੀਨ ਹੋਣ ਵਾਲੇ ਕੰਮਾਂ ਦਾ ਸਿਹਰਾ ਆਪਣੇ ਸਿਰ ਬੰਨ ਕੇ ਸਿਆਸੀ ਲਾਹਾ ਲੈਣਾ ਚਾਹੁੰਦੀ ਹੈ, ਕਿਉਂਕਿ ਜਿਆਦਾਤਰ ਪੰਜਾਬ ਦੀਆਂ ਪੰਚਾਇਤਾਂ 'ਤੇ ਸੱਤਾਧਾਰੀ ਪਾਰਟੀ ਨੂੰ ਛੱਡ ਕੇ ਹੋਰ ਪਾਰਟੀਆਂ ਕਾਬਜ ਹਨ। ਇਸ ਸਮੇਂ ਮਸੀਤੀ ਨੇ ਕਿਹਾ ਕਿ ਪੰਚਾਇਤਾਂ ਨੂੰ ਭੰਗ ਕਰਕੇ ਉਨ੍ਹਾਂ ਦੇ ਜੋ ਹੱਕ ਖੋਹੇ ਗਏ ਹਨ, ਉਨ੍ਹਾਂ ਨੂੰ ਤੁਰੰਤ ਵਾਪਸ ਕੀਤੇ ਜਾਣ ਅਤੇ ਪੰਚਾਇਤਾਂ ਨੂੰ ਬਹਾਲ ਕੀਤਾ ਜਾਵੇ। ਇਸ ਸਮੇਂ ਜਸਵੰਤ ਸਿੰਘ ਫੌਜੀ ਸਰਕਲ ਪ੍ਰਧਾਨ ਟਾਂਡਾ, ਪਰਮਿੰਦਰ ਸਿੰਘ ਖਾਲਸਾ ਸਰਕਲ ਪ੍ਰਧਾਨ ਮੁਕੇਰੀਆਂ, ਰਵਿੰਦਰ ਸਿੰਘ ਪਾੜਾ, ਪ੍ਰਿਤਪਾਲ ਸਿੰਘ ਮੁਰਾਦਪੁਰ, ਕਰਨੈਲ ਸਿੰਘ ਲਵਲੀ, ਗੁਰਬਖਸ਼ ਸਿੰਘ ਮੁਰਾਦਪੁਰ, ਪ੍ਰਭਜੋਤ ਸਿੰਘ ਪ੍ਰਭ ਤੇ ਦਿਲਬਾਗ ਸਿੰਘ ਪਥਰਾਲੀਆਂ ਆਦਿ ਹਾਜਰ ਸਨ

## 'ਮੇਰੀ ਮਾਟੀ ਮੇਰਾ ਦੇਸ਼' ਤਹਿਤ ਬੂਟੇ ਲਗਾਏ



**ਆਦਮਪੁਰ ( ਪਰਮਜੀਤ ਸਿੰਘ)**- ਆਜ਼ਾਦੀ ਦੇ ਮਹਾਂ ਉਤਸਵ 'ਮੇਰੀ ਮਾਟੀ ਮੇਰਾ ਦੇਸ਼' ਤਹਿਤ ਆਦਮਪੁਰ ਦੇ ਕਾਰਜਸਾਧਕ ਅਫਸਰ ਰਾਮਜੀਤ ਦੀ ਦੇਖ-ਰੇਖ ਹੇਠ ਵਾਰਡ ਨੰਬਰ 1 ਅਤੇ 2 'ਚ ਬੂਟੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਕਾਰਜਸਾਧਕ ਅਫਸਰ ਰਾਮਜੀਤ, ਆਦਮਪੁਰ ਦੇ ਵਾਰਡ ਨੰਬਰ 2 ਦੇ ਕੌਂਸਲਰ ਸੁਰਿੰਦਰ ਪਾਲ ਸਿੱਧੂ ਅਤੇ ਵਾਰਡ ਨੰਬਰ 1 ਦੀ ਕੌਂਸਲਰ ਸੁਸ਼ਮਾ ਕੁਮਾਰੀ ਦੇ ਪਤੀ ਰਾਜੇਸ਼ ਕੁਮਾਰ ਰਾਜੂ ਨੇ ਐਮ ਆਰ ਇੰਟਰਨੈਸ਼ਨਲ ਸਕੂਲ ਅਤੇ ਐਸ ਡੀ ਪਬਲਿਕ ਸਕੂਲ ਆਦਮਪੁਰ ਦੇ ਬੱਚਿਆਂ ਨਾਲ ਮਿਲ ਕੇ ਵਾਰਡ ਨੰਬਰ 1 ਅਤੇ 2 'ਚ ਵੱਖ-ਵੱਖ ਥਾਵਾਂ 'ਤੇ ਪੌਦੇ ਲਗਾਏ ਗਏ। ਉਪਰੰਤ ਈ ਓ ਰਾਮਜੀਤ, ਕੌਂਸਲਰ ਸੁਰਿੰਦਰ ਪਾਲ ਸਿੱਧੂ, ਰਾਜੇਸ਼ ਕੁਮਾਰ ਰਾਜੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿਹਤਮੰਦ ਜੀਵਨ ਜਿਊਣ ਲਈ ਪੌਦਿਆਂ ਸਾਡੇ ਜੀਵਨ 'ਚ ਬਹੁਤ ਵੱਡਾ ਯੋਗਦਾਨ ਹੈ। ਇਸ ਮੌਕੇ ਕਲਰਕ ਤਨੁਜ ਮਲਹੋਤਰਾ, ਦੀਪਕ ਹੰਸ, ਸੁਰਿੰਦਰ, ਗੋਪੀ, ਸੰਦੀਪ ਅਤੇ ਹੋਰਨਾਂ ਨੇ ਵੀ ਬੂਟੇ ਲਗਾਏ।

# ਪਿਸਤੌਲ, ਕਾਰਤੂਸ ਤੇ ਗਹਿਣੇ ਸਮੇਤ ਤਿੰਨ ਕਾਬੂ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਐਸ.ਐਸ.ਪੀ ਰੂਪਨਗਰ ਵਿਵੇਕਸ਼ੀਲ ਸੋਨੀ ਆਈ.ਪੀ.ਐਸ ਨੇ ਅੱਜ ਪੁਲਸ ਥਾਣਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 17 ਅਗਸਤ ਨੂੰ ਪਿੰਡ ਜਿੰਦਵੜੀ ਵਿਖੇ ਇਲਾਕੇ ਦੇ ਮੋਹਤਬਰ ਵਿਅਕਤੀ ਸੁਰਿੰਦਰ ਸਿੰਘ ਕੰਗ ਮਾਲਕ ਕੰਗ ਪੈਲੇਸ ਦੀ ਰਿਹਾਇਸ਼ ਵਿਖੇ ਤੜਕਸਾਰ ਨਾ ਮਾਲੂਮ ਵਿਅਕਤੀਆਂ ਵੱਲੋਂ ਗੰਨ ਪੁਆਇੰਟ 'ਤੇ ਡਕੈਤੀ ਮਾਰੀ ਗਈ ਸੀ। ਜਿਸ ਸੰਬੰਧੀ ਥਾਣਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਡਾਕਟਰ ਨਵਨੀਤ ਸਿੰਘ ਮਾਹਲ ਕਪਤਾਨ ਪੁਲਸ (ਡਿਟੈਕਟਿਵ), ਮਨਵੀਰ ਸਿੰਘ ਬਾਜਵ ਉਪ ਕਪਤਾਨ ਪੁਲਸ ਰੂਪਨਗਰ ਅਤੇ ਅਜੇ ਸਿੰਘ ਡੀ.ਐਸ.ਪੀ (ਸਬ ਡਵੀਜ਼ਨ ਅਨੰਦਪੁਰ ਸਾਹਿਬ) ਦੀ ਨਿਗਰਾਨੀ ਹੇਠ ਇੰਸਪੈਕਟਰ ਸਤਨਾਮ ਸਿੰਘ ਇੰਚਾਰਜ ਸੀ.ਆਈ.ਏ ਰੂਪਨਗਰ ਅਤੇ ਇੰਸਪੈਕਟਰ ਹਰਕੀਰਤ ਸਿੰਘ ਮੁੱਖ ਅਫਸਰ ਥਾਣਾ ਸ੍ਰੀ ਅਨੰਦਪੁਰ ਸਾਹਿਬ ਦੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਦਾ ਗਠਨ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਨੇ ਉਕਤ ਡਕੈਤੀ ਦੀ ਵਾਰਦਾਤ ਨੂੰ ਟਰੇਸ ਕਰਕੇ ਬਹੁਤ ਵੱਡੀ ਸਫਲਤਾ ਹਾਸਲ ਕਰਦੇ ਹੋਏ ਮੁਕੱਦਮੇ ਦੇ ਦੋਸ਼ੀਆਂ, ਗੈਂਗ ਲੀਡਰ ਗੁਰਨੂਰ ਕੌਰ ਸਿੱਧੂ ਪਤਨੀ ਦਿਲਪ੍ਰੀਤ ਸਿੰਘ ਵਾਸੀ ਹਰਿੰਦਰਾ ਨਗਰ ਥਾਣਾ ਸਿਟੀ ਫਰੀਦਕੋਟ ਹਾਲ ਵਾਸੀ ਮੁਹੱਲਾ ਜੀ.ਕੇ ਬਿਹਾਰ ਜ਼ਿਲ੍ਹਾ ਲੁਧਿਆਣਾ, ਜਗਪ੍ਰੀਤ ਸਿੰਘ ਪੁੱਤਰ ਲਾਭ ਸਿੰਘ ਵਾਸੀ ਪਿੰਡ ਧਾਂਦਲਾ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਹਾਲ ਵਾਸੀ ਵਿਸ਼ਾਲ ਨਗਰ ਨੇੜੇ ਸ਼ਹੀਦ ਕਰਤਾਰ ਸਿੰਘ ਨਗਰ ਲੁਧਿਆਣਾ, ਜ਼ਿਲ੍ਹਾ ਲੁਧਿਆਣਾ ਅਤੇ ਜੁਗਿੰਦਰ ਸਿੰਘ ਪੁੱਤਰ ਛੱਤਰ ਸਿੰਘ ਵਾਸੀ ਮਕਾਨ ਨੰ: 334, ਫੇਜ਼ 1 ਰਾਮ ਦਰਬਾਰ ਚੰਡੀਗੜ੍ਹ ਨੂੰ 4 ਮਾਰੂ ਹਥਿਆਰਾਂ ਤੇ ਡਾਕੇ ਦੌਰਾਨ ਲੁੱਟੇ ਗਏ ਜੇਬਰਾਤ, ਸੋਨਾ ਸਮੇਤ ਗ੍ਰਿਫਤਾਰ ਕੀਤਾ ਹੈ। ਐਸ.ਐਸ.ਪੀ ਨੇ ਦੱਸਿਆ ਕਿ ਇਸ ਡਕੈਤੀ ਕਰਨ ਵਾਲੇ ਗੈਂਗ ਦੀ ਮੁੱਖ ਸਰਗਨਾ ਇੱਕ ਔਰਤ ਹੈ। ਜਿਸ ਦਾ ਨਾਂਅ ਗੁਰਨੂਰ ਕੌਰ ਹੈ, ਜਿਸ ਵੱਲੋਂ ਰੈਕੀ ਕਰਕੇ ਆਪਣੇ ਗੁਰਗਿਆਂ ਨੂੰ ਭੇਜ ਕੇ ਉਕਤ ਡਾਕੇ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਸੀ। ਦੋਸ਼ੀਆਂ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਾਲੇ ਦੋ ਹੋਰ ਦੋਸ਼ੀ ਫਰਾਰ ਹਨ, ਜਿਨ੍ਹਾਂ ਦੀ ਭਾਲ ਜਾਰੀ ਹੈ। ਡਕੈਤੀ ਲਈ ਵਰਤੇ ਸਮਾਨ 2 ਪਿਸਤੌਲ 32 ਬੋਰ, ਚਾਰ ਮੈਗਜ਼ੀਨ, 9 ਜ਼ਿੰਦਾ ਰੌਂਦ, 2 ਡੰਮੀ ਪਿਸਤੌਲ, ਸੋਨੇ ਅਤੇ ਹੀਰੇ ਦੇ ਗਹਿਣੇ ਬਰਾਮਦ ਕਰ ਲਏ ਹਨ।

# ਖੇਡਾਂ ਵਤਨ ਪੰਜਾਬ ਦੀਆਂ' ਸੁਚਾਰੂ ਢੰਗ ਨਾਲ ਕਰਵਾਉਣ ਲਈ ਨੋਡਲ ਅਫਸਰ ਨਿਯੁਕਤ




**ਜਲੰਧਰ, ( ਸ਼ੈਲੀ ਐਲਬਰਟ)** ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਵੱਲੋਂ ਬੁੱਧਵਾਰ ਨੂੰ ਜਲੰਧਰ ਵਿਖੇ ਖੇਡਾਂ ਵਤਨ ਪੰਜਾਬ ਦੀਆਂ-2023 ਸੁਚੱਜੇ ਢੰਗ ਨਾਲ ਕਰਵਾਉਣ ਲਈ ਪੁਖਤਾ ਪ੍ਰਬੰਧ ਯਕੀਨੀ ਬਣਾਉਣ ਲਈ ਨੋਡਲ ਅਫਸਰ ਨਿਯੁਕਤ ਕੀਤੇ ਗਏ। ਖੇਡਾਂ ਵਤਨ ਪੰਜਾਬ ਦੀਆਂ-2023 ਸੀਜਨ-2 ਤਹਿਤ 1 ਤੋਂ 6 ਅਕਤੂਬਰ ਤੱਕ ਕਰਵਾਏ ਜਾਣ ਵਾਲੇ ਸੂਬਾ ਪੱਧਰੀ ਮੈਚਾਂ ਦੇ ਸੁਚਾਰੂ ਸੰਚਾਲਨ ਲਈ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਅਮਿਤ ਮਹਾਜਨ ਨੋਡਲ ਅਫਸਰ ਤੋਂ ਇਲਾਵਾ ਸਹਾਇਕ ਕਮਿਸ਼ਨਰ (ਯੂ.ਟੀ.) ਇਰਵਿਨ ਕੌਰ ਸਹਾਇਕ ਨੋਡਲ ਅਫਸਰ ਹੋਣਗੇ। ਹਾਕੀ, ਅਥਲੈਟਿਕਸ ਅਤੇ ਘੋੜਸਵਾਰ ਖੇਡਾਂ ਦੇ ਮੈਚ ਬਰਲਟਨ ਪਾਰਕ, ਪੀ.ਏ.ਪੀ. ਅਤੇ ਸਪੋਰਟਸ ਕਾਲਜ ਵਿੱਚ ਹੋਣਗੇ। ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਅਮਿਤ ਮਹਾਜਨ ਆਪਣੀ ਟੀਮ ਸਮੇਤ ਉਨ੍ਹਾਂ ਥਾਵਾਂ ਦਾ ਅਗਾਊਂ ਸਰਵੇਖਣ ਕਰਨਗੇ, ਜਿੱਥੇ ਮੈਚ ਕਰਵਾਏ ਜਾਣੇ ਹਨ। ਉਨ੍ਹਾਂ ਕਿਹਾ ਕਿ ਟੀਮ ਵੱਲੋਂ ਨਗਰ ਨਿਗਮ, ਪੁਲਸ, ਲੋਕ ਨਿਰਮਾਣ ਵਿਭਾਗ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨਾਲ ਤਾਲਮੇਲ ਕਰਕੇ ਰਿਹਾਇਸ਼, ਮੈਡੀਕਲ ਸਹੂਲਤਾਂ, ਸੁਰੱਖਿਆ, ਟਰਾਂਸਪੋਰਟ, ਸੈਨੀਟੇਸ਼ਨ, ਲੜਕੇ-ਲੜਕੀਆਂ ਲਈ ਚੇਂਜਿੰਗ ਰੂਮ ਸਮੇਤ ਹੋਰ ਢੁਕਵੇਂ ਪ੍ਰਬੰਧ ਵੀ ਯਕੀਨੀ ਬਣਾਏ ਜਾਣਗੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਖਿਡਾਰੀਆਂ ਨੂੰ ਸਮਾਗਮ ਵਿੱਚ ਦਾਖਲੇ ਦੌਰਾਨ ਕਿਸੇ ਕਿਸਮ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਡਿਪਟੀ ਕਮਿਸ਼ਨਰ ਨੇ ਨੌਜਵਾਨਾਂ ਨੂੰ ਇਨ੍ਹਾਂ ਖੇਡਾਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਚਾਹਵਾਨ ਨੌਜਵਾਨ ਪੋਰਟਲ 'ਤੇ ਆਪਣੇ ਆਪ ਨੂੰ ਰਜਿਸਟਰ ਕਰ ਸਕਦੇ ਹਨ।

# ਕੁੱਲ ਹਿੰਦ ਕਿਸਾਨ ਸਭਾ ਨੇ ਕਿਸਾਨਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਦਾ ਲਿਆ ਗੰਭੀਰ ਨੋਟਿਸ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਖਿਲਾਫ ਕੁੱਲ ਹਿੰਦ ਕਿਸਾਨ ਸਭਾ ਨੇ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਮਾਨ ਸਰਕਾਰ ਜਬਰ ਜ਼ੁਲਮ ਨਾਲ ਕਿਸਾਨ ਅੰਦੋਲਨ ਨੂੰ ਖਤਮ ਕਰਨ ਦਾ ਜੋ ਤਹੱਈਆ ਕੀਤਾ ਹੈ ਇਹ ਇਸ ਦੇ ਪਤਨ ਦਾ ਕਾਰਨ ਬਣੇਗਾ। ਅੱਜ ਨਜ਼ਦੀਕੀ ਪਿੰਡ ਢੇਰ ਵਿਖੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਜ਼ਿਲ੍ਹਾ ਆਗੂ ਜਸਵਿੰਦਰ ਸਿੰਘ ਭੰਗਲ, ਤਹਿਸੀਲ ਪ੍ਰਧਾਨ ਇੰਦਰਜੀਤ ਸਿੰਘ ਫੌਜੀ ਨੇ ਕਿਹਾ ਕਿ ਲੌਂਗੋਵਾਲ ਵਿਖੇ ਅਤੇ ਪੰਜਾਬ ਵਿੱਚ ਜੋ ਮਾਨ ਸਰਕਾਰ ਨੇ ਕਿਸਾਨਾਂ ਨਾਲ ਧੱਕੇਸ਼ਾਹੀ ਕੀਤੀ ਹੈ, ਇਹ ਅਤਿ ਨਿੰਦਣਯੋਗ ਘਟਨਾ ਹੈ। ਕਿਸਾਨ ਆਪਣੀਆਂ ਮੰਗਾਂ ਮਨਾਉਣ ਲਈ ਚੰਡੀਗੜ੍ਹ ਵਿਖੇ ਆ ਰਹੇ ਸਨ ਪਰ ਸਰਕਾਰੀ ਬੁਰਛਾਗਰਦੀ ਨੇ ਕਿਸਾਨਾਂ 'ਤੇ ਅੰਨ੍ਹੇਵਾਹ ਲਾਠੀਚਾਰਜ ਕੀਤਾ, ਗੱਡੀਆਂ ਨੂੰ ਨੁਕਸਾਨ ਪਹੁੰਚਾਇਆ ਅਤੇ ਔਰਤ ਕਿਸਾਨਾਂ ਦੀ ਕੁੱਟਮਾਰ ਕੀਤੀ। ਇਸ ਦੌਰਾਨ ਇਕ ਕਿਸਾਨ ਸ਼ਹੀਦ ਹੋ ਗਿਆ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਸ਼ਹੀਦ ਕਿਸਾਨ ਦੇ ਪਰਵਾਰ ਨੂੰ ਸਰਕਾਰੀ ਨੌਕਰੀ ਤੇ ਮੁਆਵਜ਼ਾ ਦਿੱਤਾ ਜਾਵੇ। ਗ੍ਰਿਫਤਾਰ ਕਿਸਾਨ ਫੌਰੀ ਤੌਰ 'ਤੇ ਛੱਡੇ ਜਾਣ, ਕਿਸਾਨਾਂ 'ਤੇ ਦਰਜ ਪਰਚੇ ਰੱਦ ਕੀਤੇ ਜਾਣ ਅਤੇ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਕੀਤੀਆਂ ਜਾਣ। ਕਿਸਾਨ ਆਗੂਆਂ ਨੇ ਕਿਹਾ ਕਿ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਸਰਕਾਰ ਕਰੇ। ਇਸ ਮੌਕੇ ਡਾ. ਰਵਿੰਦਰ ਨਾਥ, ਸਤਨਾਮ ਸਿੰਘ ਢਾਹੇ, ਚੌਧਰੀ ਰਾਮ ਚੰਦ ਦੋਨਾਲ, ਭਾਗ ਸਿੰਘ ਸੂਰੇਵਾਲ, ਸੋਹਣ ਲਾਲ, ਮਹਿੰਦਰ ਸਿੰਘ, ਬਰਜਿੰਦਰ ਡੋਡ, ਨਰਿੰਦਰ ਸਿੰਘ ਖਾਨਪੁਰ ਪੋਲੀ ਢੇਰ, ਜੀਤ ਸਿੰਘ ਤੋਂ ਇਲਾਵਾ ਹੋਰ ਕਿਸਾਨ ਮਜ਼ਦੂਰ ਹਾਜ਼ਰ ਸਨ। ਇਸ ਮੌਕੇ ਕੇਂਦਰ ਤੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ।

## ਬਦਲ ਫਟਣ ਨਾਲ 3 ਮੌਤਾਂ

**ਰੋਪੜ ( ਬਿੰਦਰਾ)** ਹਿਮਾਚਲ ਵਿਚ ਬੱਦਲਾਂ ਦੇ ਫਟਣ ਦੀਆਂ ਘਟਨਾਵਾਂ ਜਾਰੀ ਹਨ। ਦੋ ਥਾਵਾਂ 'ਤੇ ਬੱਦਲ ਫਟਣ ਦੀ ਸੂਚਨਾ ਹੈ। ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਜ਼ਿਲ੍ਹੇ ਵਿੱਚ ਅਲਰਟ ਜਾਰੀ ਕੀਤਾ ਗਿਆ ਹੈ। ਸ਼ੱਕ ਹੈ ਕਿ ਦਰਿਆ ਸਤਲੁਜ ਵਿਚ ਪਾਣੀ ਵੱਧ ਸਕਦਾ ਹੈ। ਸਾਰੇ ਸਕੂਲ 26 ਅਗਸਤ ਤੱਕ ਬੰਦ ਕਰ ਦਿੱਤੇ ਗਏ ਹਨ।

## ਪਾਲ ਖੜੌਦ ਦਾ ਕੀਤਾ ਸਨਮਾਨ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਅਪਨਾ ਫਰਜ ਸੇਵਾ ਸੁਸਾਇਟੀ ਪਿੰਡ ਲਚਕਾਣੀ ਕਲਾਂ (ਪਟਿਆਲਾ) ਦੇ ਮੁੱਖ ਸੇਵਾਦਾਰ ਪਾਲ ਖੜੌਦ ਅਤੇ ਉਨ੍ਹਾਂ ਦੇ ਨਾਲ ਹੋਰ ਸੇਵਾਦਾਰ ਮੇਹਟੀਆਣਾ ਵਿਖੇ ਆਏ। ਉਨ੍ਹਾਂ ਵੱਲੋਂ ਅਨਾਥਾਂ ,ਭੁੱਲੇ ਭਟਕੇ ਅਤੇ ਲਾਵਾਰਸ ਰੁਲ ਰਹੇ ਮਰੀਜਾਂ ਦੀ ਦੇਖ ਭਾਲ ਦੇ ਕੀਤੇ ਕੰਮਾਂ ਤੋਂ ਪ੍ਰਭਾਵਤ ਹੋ ਕੇ ਮਨਜੀਤ ਸਿੰਘ ਸੋਨੂੰ ਭੁੰਗਰਨੀ, ਅੰਮ੍ਰਿਤ ਪਾਲ ਸਿੰਘ ਖਲਿਆਣ,ਕੁਲਦੀਪ ਸਿੰਘ ਬਸਰਾ, ਪ੍ਰਧਾਨ ਬਲਵੀਰ ਸਿੰਘ ਫੁੱਗਲਾਣਾ ਦੋਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ,ਜਨਰਲ ਸਕੱਤਰ ਜਗਤਾਰ ਸਿੰਘ ਭੁੰਗਰਨੀ, ਕੈਸ਼ੀਅਰ ਜਸਵਿੰਦਰ ਸਿੰਘ ਸੰਘਾ, ਵਰਿੰਦਰ ਸਿੰਘ ਭਿੰਡਰ, ਮਾ.ਅਵਤਾਰ ਸਿੰਘ,ਅਮਰ ਕੌਰ -ਚਰਨ ਕੌਰ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਜਸਵੀਰ ਸਿੰਘ ਮਿਨਹਾਸ, ਸਤਨਾਮ ਸਿੰਘ ਪਰਹਾਰ,ਬਲਵੀਰ ਸਿੰਘ ਤੰਬੜ ਵੱਲੋਂ ਸਿਰਪਾਓ ਅਤੇ ਮਹਾਨ ਸ਼ਹੀਦ.ਭਗਤ ਸਿੰਘ ਦੀ ਫੋਟੋ ਭੇਟ ਕੀਤੀ ਗਈ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਸਭ ਤੋਂ ਮਹਾਨ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਦੀਪ ਸਿੰਘ ਚੀਮਾ ਬਘਾਣਾ,ਕਰਨਜੀਤ ਸਿੰਘ ਅਟਵਾਲ,ਰਾਜਿੰਦਰ ਬੈਂਸ,ਗਗਨ ਸਿੰਘ ਖਾਲਸਾ ਜਿਊਲਰ,ਰੋਹਿਤ,ਰਵੀ ਮੇਹਟੀਆਣਾ, ਰਾਜ ਸੋਮਲ, ਹਰਜੋਧ ਸਿੰਘ ਹੈਰੀ,ਹਰਵੀਰ ਸਿੰਘ ਫੈਰੀ, ਬਿੰਦਾ ਮੇਹਟੀਆਣਾ,ਸਤਨਾਮ ਸਿੰਘ ਸ਼ਿੰਦੂ, ਮਨਦੀਪ ਸਿੰਘ, ਬਿਕਰ ਸਿੰਘ,ਪਰਮਿੰਦਰ ਸਿੰਘ ਆਦਿ ਹਾਜਰ ਸਨ ।

## 28 ਨੂੰ ਐੱਸ ਈ ਦਫਤਰ ਗੜ੍ਹਸ਼ੰਕਰ ਰੋਡ ਧਰਨਾ ਲਾਇਆ ਜਾਵੇਗਾ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪਿੰਡ ਰਾਣੇਵਾਲ ਵਿੱਚ ਕਿਰਤੀ ਕਿਸਾਨ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਇਲਾਕਾ ਪ੍ਰਧਾਨ ਪਰਮਜੀਤ ਸਿੰਘ ਸ਼ਹਾਬਪੁਰ ਦੀ ਅਗਵਾਈ 'ਚ ਬਾਬਾ ਸੁੱਜਪਾਲ ਦੇ ਅਸਥਾਨ 'ਤੇ ਚਿੱਪ ਵਾਲੇ ਮੀਟਰਾਂ ਦੇ ਵਿਰੋਧ 'ਚ ਵੱਡਾ ਇਕੱਠ ਕਰਕੇ ਚਿੱਪ ਵਾਲੇ ਮੀਟਰਾਂ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਗਿਆ। 28 ਅਗਸਤ ਨੂੰ ਐਸ ਈ ਦਫਤਰ ਗੜ੍ਹਸ਼ੰਕਰ ਰੋਡ ਧਰਨਾ ਲਾਇਆ ਜਾਵੇਗਾ। ਇਕੱਠ 'ਚ ਰਾਣਾ, ਰਾਮਜੀ ਦਾਸ, ਮੇਜਰ ਸਿੰਘ, ਜੋਗਾ ਸਿੰਘ, ਅਮਨਦੀਪ ਸਿੰਘ, ਗੁਰਨਾਮ ਸਿੰਘ, ਜਸਵੀਰ ਸਿੰਘ, ਸੁਮੇਲ ਸਿੰਘ, ਨਰਿੰਦਰ ਸਿੰਘ, ਮਨਪ੍ਰੀਤ ਸਿੰਘ, ਜੁਝਾਰ ਸਿੰਘ, ਲਖਵਿੰਦਰ ਸਿੰਘ, ਦਲਾਵਰ ਸਿੰਘ, ਮੇਜਰ ਸਿੰਘ, ਸੋਮਨਾਥ ਪਾਲ, ਸਿੰਘ ਸ਼ਿਗਾਰਾ, ਰੇਵਲ ਕੌਰ, ਤਲਵਿੰਦਰ ਕੌਰ, ਅਮਰੀਕ ਕੌਰ, ਬਲਵੀਰ ਕੌਰ ਆਦਿ ਮੌਜੂਦ ਸਨ।

## ਕਲੋਆ 'ਚ ਮੁਫਤ ਹੋਮਿਓਪੈਥਿਕ ਕੈਂਪ



**ਅੱਡਾ ਸਰਾਂ (ਕਾਜਲ)**- ਸੈਮ ਢਿੱਲੋਂ ਵੈੱਲਫੇਅਰ ਸੋਸਾਇਟੀ ਕਲੋਆ ਵੱਲੋਂ ਇਕ ਰੋਜ਼ਾ ਮੁਫਤ ਹੋਮਿਓਪੈਥਿਕ ਜਾਂਚ ਕੈਂਪ ਲਗਾਇਆ ਗਿਆ। ਪ੍ਰਵਾਸੀ ਪੰਜਾਬੀ ਸੁਰਮੁਖ ਸਿੰਘ ਢਿੱਲੋਂ ਦੀ ਅਗਵਾਈ ਹੇਠ ਜਨਰਲ ਸਕੱਤਰ ਜਗਤਾਰ ਸਿੰਘ ਦੀ ਦੇਖ-ਰੇਖ ਹੇਠ ਲਗਾਏ ਗਏ ਇਸ ਕੈਂਪ 'ਚ ਡਾ. ਮੀਨਾਕਸ਼ੀ ਸੈਣੀ ਦੀ ਟੀਮ ਨੇ ਸੇਵਾਵਾਂ ਦਿੱਤੀਆਂ ਅਤੇ 80 ਲੋਕਾਂ ਨੂੰ ਦਵਾਈਆਂ ਮੁਹੱਈਆ ਕਰਵਾਈਆਂ। ਇਸ ਦੇ ਨਾਲ ਹੀ ਹੋਮਿਓਪੈਥੀ ਜਾਂਚ ਪੱਧਤੀ ਅਤੇ ਬਿਮਾਰੀਆਂ ਤੋਂ ਬਚਣ ਲਈ ਜਾਣਕਾਰੀ ਦਿੱਤੀ। ਇਸ ਮੌਕੇ ਜਨਰਲ ਸਕੱਤਰ ਜਗਤਾਰ ਸਿੰਘ ਨੇ ਕਿਹਾ ਕਿ ਸੁਸਾਇਟੀ ਵੱਲੋਂ ਲੋੜਵੰਦਾਂ ਦੀ ਮਦਦ ਕਰਨ ਦਾ ਮਿਸ਼ਨ ਲਗਾਤਾਰ ਜਾਰੀ ਹੈ। ਇਸ ਮੌਕੇ ਨੰਬਰਦਾਰ ਤਰਸੇਮ ਲਾਲ, ਫੌਜੀ ਕੇਵਲ ਸਿੰਘ, ਅਮਨਦੀਪ ਸਿੰਘ, ਸੁਰਿੰਦਰ ਕੌਰ, ਕੁਲਵਿੰਦਰ ਕੌਰ, ਕੁਨਾਲ ਸ਼ਰਮਾ, ਸਤਪਾਲ ਸਿੰਘ ਆਦਿ ਹਾਜ਼ਰ ਸਨ।

## ਐੱਸ ਆਈ ਪ੍ਰਦੀਪ ਕੁਮਾਰ ਨੇ ਚਾਰਜ ਸੰਭਾਲਿਆ

**ਕਾਲਾ ਸੰਘਿਆਂ (ਮਨਜੀਤ ਮਾਨ)**- ਥਾਣਾ ਸਦਰ ਨਕੋਦਰ ਅਧੀਨ ਪੈਂਦੀ ਪੁਲਸ ਚੌਕੀ ਉੱਗੀ ਵਿਖੇ ਪੁਲਸ ਚੌਕੀ ਲਸਾੜਾ ਤੋਂ ਬਦਲ ਕੇ ਆਏ ਐਸ ਆਈ ਪ੍ਰਦੀਪ ਕੁਮਾਰ ਨੇ ਆਪਣਾ ਚਾਰਜ ਸੰਭਾਲ ਲਿਆ ਹੈ। ਐਸ ਆਈ ਪ੍ਰਦੀਪ ਕੁਮਾਰ ਨੇ ਪ੍ਰੈੱਸ ਨੂੰ ਦੱਸਿਆ ਕਿ ਪੁਲਸ ਚੌਕੀ ਆਉਣ ਜਾਣ ਵਾਲੇ ਲੋਕਾਂ ਨੂੰ ਪੂਰਾ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਲੋਕ ਪੁਲਸ ਨੂੰ ਸੱਚੀ ਇਤਲਾਹ ਦੇਣ। ਉਨ੍ਹਾਂ ਮਾੜੇ ਅਨਸਰਾਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਕਿਸੇ ਵੀ ਮਾੜੇ ਅਨਸਰ ਨੂੰ ਇਲਾਕੇ ਦਾ ਮਾਹੌਲ ਖਰਾਬ ਨਹੀਂ ਕਰਨ ਦਿਆਂਗੇ। ਉਨ੍ਹਾਂ ਕਿਹਾ ਉਹ ਲੋਕਾਂ ਦੀ ਸੇਵਾ ਵਿੱਚ 24 ਘੰਟੇ ਹਾਜ਼ਰ ਰਹਿਣਗੇ।

## ਪੀ.ਸੀ.ਐਮ.ਐੱਸ.ਡੀ ਕਾਲਜ ਦਾ ਨਤੀਜਾ ਰਿਹਾ ਸ਼ਾਨਦਾਰ

**ਜਲੰਧਰ ( ਇਕਬਾਲ ਸਿੰਘ ਉੱਭੀ )** ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ ਦੇ ਪੀ ਜੀ ਡਿਪਲੋਮਾ ਗਾਰਮੈਂਟ ਕੰਸਟਰਕਸ਼ਨ ਐਂਡ ਫੈਸ਼ਨ ਡਿਜਾਈਨਿੰਗ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਦੇ ਵਿਦਿਆਰਥੀ ਨੇ 659/700 ਅੰਕ (94.14%) ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਨੇ ਵਿਦਿਆਰਥੀ ਨੂੰ ਇਸ ਸਿਖਰ 'ਤੇ

## ਅਧਿਆਪਕਾਂ ਦੀ ਮੌਤ ਲਈ ਸਰਕਾਰ ਦੀ ਸਿੱਖਿਆ ਵਿਰੋਧੀ ਨੀਤੀ ਜ਼ਿੰਮੇਵਾਰ : ਡੀ ਟੀ ਐੱਫ

**ਜਲੰਧਰ (ਕੇਸਰ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਦੋਵਾਲ (ਲੁਧਿਆਣਾ) ਦੇ ਸਟਾਫ ਰੂਮ ਦਾ ਲੈਂਟਰ ਡਿਗਣ ਨਾਲ ਅਧਿਆਪਕਾ ਰਵਿੰਦਰ ਕੌਰ (ਐਸ.ਐਸ.ਮਿਸਟ੍ਰੈਸ) ਦੀ ਹੋਈ ਮੌਤ ਅਤੇ ਤਿੰਨ ਹੋਰ ਅਧਿਆਪਕਾਂ ਦੇ ਗੰਭੀਰ ਜ਼ਖਮੀ ਹੋਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਨੇ ਇਸ ਘਟਨਾ ਲਈ ਆਪ ਸਰਕਾਰ ਦੀ ਸਿੱਖਿਆ ਵਿਰੋਧੀ ਨੀਤੀ ਨੂੰ ਜ਼ਿੰਮੇਵਾਰ ਦੱਸਿਆ। ਫਰੰਟ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਸ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਸਰਵਨ ਸਿੰਘ ਔਜਲਾ, ਮੀਤ ਪ੍ਰਧਾਨ ਸੁਖਵਿੰਦਰ ਸੁੱਖੀ, ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਜਥੇਬੰਦਕ ਸਕੱਤਰ ਕਰਨੈਲ ਸਿੰਘ ਚਿੱਟੀ, ਵਿੱਤ ਸਕੱਤਰ ਜਸਵਿੰਦਰ ਸਿੰਘ ਅਤੇ ਪ੍ਰੈਸ ਸਕੱਤਰ ਗੁਰਮੀਤ ਸਿੰਘ ਕੋਟਲੀ ਨੇ ਜਾਰੀ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਪੁਰਾਣੀਆਂ ਖਸਤਾ ਇਮਾਰਤਾਂ ਨੂੰ ਰੰਗ-ਰੋਗਨ ਕਰਕੇ ਸਕੂਲ ਆਫ ਐਮੀਨੈਂਸ ਬਣਾਏ ਜਾਣ ਵਾਲੀ ਨੀਤੀ ਨੇ ਇਕ ਅਧਿਆਪਕਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਨੇਕਾਂ ਖਸਤਾ ਹਾਲਤਾਂ ਵਾਲੇ ਸਕੂਲਾਂ ਨੂੰ ਰੰਗ ਰੋਗਨ ਕਰਕੇ ਉਨ੍ਹਾਂ ਅੱਗੇ ਸਕੂਲ ਆਫ ਐਮੀਨੈਂਸ ਦੇ ਲੱਖਾਂ ਰੁਪਏ ਦੇ ਬੋਰਡ ਟੰਗ ਦਿੱਤੇ ਗਏ। ਅਧਿਆਪਕ ਆਗੂਆਂ ਨੇ ਕਿਹਾ ਕਿ ਸਰਕਾਰ ਪ੍ਰਿੰਸੀਪਲਾਂ ਨੂੰ ਸਿੰਘਾਪੁਰ ਭੇਜਣ 'ਤੇ ਕਰੋੜਾਂ ਰੁਪਏ ਤਾਂ ਖਰਚ ਕਰ ਰਹੀ ਹੈ,ਪਰ ਸਕੂਲਾਂ ਦੀਆਂ ਇਮਾਰਤਾਂ ਉਪਰ ਇਕ ਧੇਲਾ ਵੀ ਖਰਚ ਨਹੀ ਕਰ ਰਹੀ,ਜਿਸ ਕਾਰਨ ਅੱਜ ਬੱਦੋਵਾਲ ਵਿਚ ਇਹ ਮੰਦਭਾਗੀ ਘਟਨਾ ਵਾਪਰ ਗਈ। ਉਨ੍ਹਾਂ ਮੰਗ ਕੀਤੀ ਕਿ ਸਮੂਹ ਸਕੂਲਾਂ ਦੀਆਂ ਇਮਾਰਤਾਂ ਅਤੇ ਸਮੁੱਚੇ ਰੱਖ ਰਖਾਵ ਦੇ ਪ੍ਰਬੰਧਾਂ ਦੀ ਤੁਰੰਤ ਚੈਕਿੰਗ ਕਰਵਾ ਕੇ ਲੋੜਵੰਦ ਸਕੂਲਾਂ ਨੂੰ ਮੁਰੰਮਤ,ਲੋੜੀਦੀਆਂ ਸਹੂਲਤਾਂ ਅਤੇ ਉਸਾਰੀ ਲਈ ਫੰਡ ਮੁਹੱਈਆ ਕਰਵਾਏ ਜਾਣ ਤਾਂ ਜੋਂ ਅੱਗੇ ਤੋਂ ਅਜਿਹੀਆਂ ਵਾਪਰਨ ਵਾਲੀਆਂ ਘਟਨਾਵਾਂ ਉਪਰ ਕਾਬੂ ਪਾਇਆ ਜਾ ਸਕੇ।

# ਨਕਸਲੀ ਲਹਿਰ ਦੇ ਸ਼ਹੀਦਾਂ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ 9 ਨੂੰ



**ਕਾਲਾ ਸੰਘਿਆਂ, ( ਮਨਜੀਤ ਮਾਨ)** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ ਲੈਨਿਨਵਾਦੀ) ਨਿਊਡੈਮੋਕਰੇਸੀ ਵੱਲੋਂ ਜਿਲ੍ਹਾ ਪੱਧਰੀ ਮੀਟਿੰਗ ਸ਼ਹੀਦੀ ਯਾਦਗਾਰ ਕਾਲਾ ਸੰਘਿਆਂ ਵਿਖੇ ਸੁਰਿੰਦਰ ਸਿੰਘ ਗਦਰੀ ਬਾਬਾ ਦੀ ਅਗਵਾਈ ਹੇਠ ਕੀਤੀ ਗਈ। ਜਿਸ 'ਚ ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਅਜਮੇਰ ਸਿੰਘ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ 1973 ਦੇ ਕਾਲਾ ਸੰਘਿਆਂ ਘੋਲ ਦੇ 7 ਨਕਸਲੀ ਲਹਿਰ ਦੇ ਸ਼ਹੀਦ ਸਾਥੀ ਤੇਜਾ ਸਿੰਘ ਕਾਲਾ ਸੰਘਿਆਂ, ਜੋਗਿੰਦਰ ਸਿੰਘ ਜਿੰਦ, ਸਵਰਨ ਸਿੰਘ ਢੱਡਾ, ਤਰਸੇਮ ਸਿੰਘ ਟੁੱਟ, ਗੁਰਦੀਪ ਸਿੰਘ ਗੋਬਿੰਦਪੁਰ, ਗੁਰਦਿਆਲ ਸਿੰਘ ਕਾਲਾ ਸੰਘਿਆਂ ਅਤੇ ਬਿਕਰਮਜੀਤ ਸਿੰਘ ਸਾਦਿਕਪੁਰ ਦੀ ਯਾਦ 'ਚ 9 ਸਤੰਬਰ ਨੂੰ ਨਕਸਲੀ ਲਹਿਰ ਦੇ ਸ਼ਹੀਦਾਂ ਨੂੰ ਸਮਰਪਿਤ ਸਰਧਾਂਜ਼ਲੀ ਸਮਾਗਮ ਮੌਕੇ ਵਿਸ਼ਾਲ ਸਿਆਸੀ ਕਾਨਫਰੰਸ ਕੀਤੀ ਜਾਵੇਗੀ। ਅਜਮੇਰ ਸਿੰਘ ਨੇ ਕਿਹਾ ਕਿ ਸਵੇਰੇ 11 ਵਜੇ ਸ਼ਹੀਦੀ ਯਾਦਗਾਰ ਤੇ ਝੰਡਾ ਝੁਲਾਇਆ ਜਾਵੇਗਾ ਉਪਰੰਤ ਬੱਸ ਅੱਡਾ ਕਾਲਾ ਸੰਘਿਆਂ ਵਿਖੇ ਵਿਸ਼ਾਲ ਸਿਆਸੀ ਕਾਨਫਰੰਸ ਕੀਤੀ ਜਾਵੇਗੀ ਜਿਸ 'ਚ ਵੱਖ ਵੱਖ ਬੁਲਾਰਿਆਂ ਵੱਲੋਂ ਸ਼ਹੀਦ ਸਾਥੀਆਂ ਨੂੰ ਸਰਧਾਂਜਲੀਆ ਭੇਟ ਕੀਤੀਆਂ ਜਾਣਗੀਆਂ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਭੁੱਲਰ, ਜਿਲ੍ਹਾ ਸਕੱਤਰ ਤਰਸੇਮ ਸਿੰਘ ਬੰਨੇਮੱਲ, ਸੁਰਿੰਦਰ ਸਿੰਘ ਗਦਰੀ ਬਾਬਾ, ਲੁਭਾਇਆ ਸਿੰਘ, ਨਿਰਮਲ ਸਿੰਘ ਸ਼ੇਰਪੁਰ ਸੱਧਾ, ਅਮਰਜੀਤ ਸਿੰਘ ਜਵਾਲਾਪੁਰ, ਕਸ਼ਮੀਰਾ ਸਿੰਘ ਭੰਡਾਲ ਦੋਨਾ, ਸੁੱਚਾ ਸਿੰਘ ਨਾਸੀਰੇਵਾਲ, ਪਿਆਰਾ ਸਿੰਘ ਭੰਡਾਲ ਦੋਨਾ, ਰਣਜੀਤ ਦੇਸਲ ਹਾਜ਼ਰ ਸਨ।

# 27 ਨੂੰ ਪੰਜ ਜ਼ਿਲ੍ਹਿਆਂ ਦੇ ਐੱਨ ਪੀ ਐੱਸ ਮੁਲਾਜ਼ਮ ਦੇਣਗੇ ਕੈਬਨਿਟ ਮੰਤਰੀ ਨੂੰ ਮੰਗ ਪੱਤਰ : ਵਾਲੀਆ




**ਜਲੰਧਰ (ਰਾਜੇਸ਼ ਥਾਪਾ)**- 27 ਅਗਸਤ ਨੂੰ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਪੁਰਾਣੀ ਪੈਨਸ਼ਨ ਬਹਾਲੀ ਲਈ ਐਸ ਓ ਪੀ ਜਾਰੀ ਕਰਵਾਉਣ ਲਈ ਰੂਪਨਗਰ, ਸ਼ਹੀਦ ਭਗਤ ਸਿੰਘ ਨਗਰ, ਫਗਵਾੜਾ, ਹੁਸ਼ਿਆਰਪੁਰ, ਜਲੰਧਰ ਜ਼ਿਲ੍ਹਿਆਂ ਦੇ ਸੈਂਕੜੇ ਐਨ ਪੀ ਐਸ ਮੁਲਾਜ਼ਮ ਮੰਗ ਪੱਤਰ ਦੇਣਗੇ। ਇਸ ਸੰਬੰਧ 'ਚ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਜ਼ਿਲ੍ਹਾ ਜਲੰਧਰ ਦੇ ਕਨਵੀਨਰ ਕੁਲਦੀਪ ਵਾਲੀਆ ਅਤੇ ਕੋ ਕਨਵੀਨਰ ਦਿਲਬਾਗ ਨੇ ਦੱਸਿਆ ਕਿ ਬੇਸ਼ੱਕ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਸੰਬੰਧੀ ਐਲਾਨ ਕਰ ਦਿੱਤਾ ਹੈ, ਪਰ ਲੰਬਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਲਈ ਐਸ ਓ ਪੀ ਜਾਰੀ ਨਹੀਂ ਕੀਤੀ ਗਈ। ਜਿਸ ਦੇ ਕਾਰਨ ਪੰਜਾਬ ਦੇ ਲੱਖਾਂ ਐਨ ਪੀ ਐਸ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਰੋਸ ਦਾ ਸਾਹਮਣਾ ਸਰਕਾਰ ਨੂੰ ਪੰਚਾਇਤੀ ਅਤੇ ਲੋਕ ਸਭਾ ਚੋਣਾਂ ਦੇ ਸਮੇਂ ਕਰਨਾ ਪਵੇਗਾ। ਉਹਨਾਂ ਨੇ ਕਿਹਾ ਕਿ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਪੁਰਾਣੀ ਪੈਨਸ਼ਨ ਬਹਾਲੀ ਸੰਬੰਧੀ ਬਣਾਈ ਸਬ ਕਮੇਟੀ ਦੇ ਮੈਂਬਰ ਹਨ। ਇਸ ਲਈ 27 ਅਗਸਤ ਨੂੰ ਉਪਰੋਕਤ ਜ਼ਿਲ੍ਹਿਆਂ ਦੇ ਸਾਥੀ ਵੱਡੇ ਇਕੱਠ ਦੇ ਵਿੱਚ ਬੈਂਸ ਨੂੰ ਮੰਗ ਪੱਤਰ ਦੇ ਕੇ ਉਨ੍ਹਾਂ ਨੂੰ ਯਾਦ ਕਰਵਾਉਂਦੇ ਹੋਏ ਜਲਦੀ ਤੋਂ ਜਲਦੀ ਐਸ ਓ ਪੀ ਜਾਰੀ ਕਰਨ ਲਈ ਕਹਿਣਗੇ। ਇਸ ਮੌਕੇ ਉਪਰੋਕਤ ਦੇ ਇਲਾਵਾ ਕਰਨੈਲ ਫਿਲੌਰ, ਸੰਦੀਪ ਰਾਜੋਵਾਲ, ਰਾਮਰੂਪ, ਵੇਦ ਰਾਜ, ਪ੍ਰੇਮ ਖਲਵਾੜਾ, ਮੋਹਣ ਲਾਲ, ਕਸਤੂਰੀ ਲਾਲ, ਧਰਮਪਾਲ, ਅਨਿਲ ਸ਼ਰਮਾ, ਮਨਜਿੰਦਰ ਸਿੰਘ ਗਦਰਾ, ਰਾਮ ਰੂਪ ਆਦਿ ਹਾਜ਼ਰ ਸਨ ।

## ਸਿਹਤ ਵਿਭਾਗ ਦੀ ਟੀਮ ਵੱਲੋਂ ਤੰਬਾਕੂ ਰੋਕਥਾਮ ਮੁਹਿੰਮ ਤਹਿਤ , 29 ਚਲਾਨ ਕੱਟੇ



**ਮੋਹਾਲੀ (ਗੁਰਜੀਤ ਬਿੱਲਾ)** ਜ਼ਿਲ੍ਹੇ ਵਿਚ ਵੱਖ-ਵੱਖ ਥਾਈਂ ਤੰਬਾਕੂ ਰੋਕਥਾਮ ਮੁਹਿੰਮ ਲਗਾਤਾਰ ਜਾਰੀ ਹੈ। ਸਿਵਲ ਸਰਜਨ ਡਾ. ਮਹੇਸ਼ ਕੁਮਾਰ ਆਹੂਜਾ ਅਤੇ ਜ਼ਿਲ੍ਹਾ ਤੰਬਾਕੂ ਰੋਕਥਾਮ ਨੋਡਲ ਅਫ਼ਸਰ ਡਾ. ਨਵਦੀਪ ਸਿੰਘ ਨੇ ਦਸਿਆ ਕਿ ਜ਼ਿਲ੍ਹੇ 'ਚ ਵੱਖ-ਵੱਖ ਥਾਈਂ ਜਿਥੇ ਚੈਕਿੰਗ ਕੀਤੀ ਜਾ ਰਹੀ ਹੈ, ਉਥੇ ਦੁਕਾਨਦਾਰਾਂ/ਰੇਹੜੀ ਫੜ੍ਹੀ ਵਾਲਿਆਂ ਨੂੰ ਨਿਯਮਾਂ ਦੇ ਦਾਇਰੇ ਵਿਚ ਤੰਬਾਕੂ ਪਦਾਰਥ ਵੇਚਣ ਲਈ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸਿਹਤ ਵਿਭਾਗ ਦੀ ਟੀਮ ਨੇ ਮੋਹਾਲੀ ਸ਼ਹਿਰ ਦੇ ਫ਼ੇਜ਼ 5, 8, 10 ਅਤੇ ਸਨੀ ਇਨਕਲੇਵ 'ਚ ਵੱਖ ਵੱਖ ਥਾਈਂ ਲਗਭਗ ਦੁਕਾਨਾਂ ਅਤੇ ਰੇਹੜੀਆਂ-ਫੜ੍ਹੀਆਂ ਦੀ ਚੈਕਿੰਗ ਕੀਤੀ ਅਤੇ ਤੰਬਾਕੂ ਰੋਕਥਾਮ ਕਾਨੂੰਨ ਦੀ ਉਲੰਘਣਾ ਕਰ ਕੇ ਤੰਬਾਕੂ ਪਦਾਰਥ ਵੇਚਣ ਦੇ ਦੋਸ਼ ਹੇਠ 29 ਚਾਲਾਨ ਕੀਤੇ। ਉਨ੍ਹਾਂ ਦਸਿਆ ਕਿ ਟੀਮ ਨੇ ਉਲੰਘਣਾ ਕਰਨ ਵਾਲਿਆਂ ਕੋਲੋਂ 3600 ਰੁਪਏ ਜੁਰਮਾਨਾ ਵੀ ਵਸੂਲ ਕੀਤਾ ਅਤੇ ਭਵਿੱਖ ਵਿਚ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਤੰਬਾਕੂ ਪਦਾਰਥ ਵੇਚਣ ਦੀ ਹਦਾਇਤ ਕੀਤੀ।

# 57.82 ਲੱਖ ਦੀ ਲਾਗਤ ਨਾਲ ਦਾਣਾ ਮੰਡੀ ਕੰਧਾਲਾ ਜੱਟਾਂ ਦੀ ਹਾਲਤ ਸੁਧਾਰੀ ਜਾਵੇਗੀ : ਰਾਜਾ



**ਅੱਡਾ ਸਰਾਂ (ਜਸਵੀਰ ਕਾਜਲ)**- ਕਿਸਾਨ ਅਤੇ ਕਿਸਾਨੀ ਨੂੰ ਬਚਾਉਣ ਦਾ ਯਤਨ ਕਰਨ ਵਾਲੀ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਦੇਸ਼ ਦੇ ਅੰਨਦਾਤਾ ਦਾ ਹਰ ਪੱਖ ਤੋਂ ਖਿਆਲ ਰੱਖਿਆ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਮਾਰਕੀਟ ਕਮੇਟੀ ਟਾਂਡਾ ਅਧੀਨ ਆਉਂਦੀ ਦਾਣਾ ਮੰਡੀ ਟਾਂਡਾ ਕੰਧਾਲਾ ਜੱਟਾਂ ਵਿਖੇ 57.82 ਲੱਖ ਰੁਪਏ ਦੀ ਲਾਗਤ ਨਾਲ ਇੱਟਾਂ ਦੇ ਫੜ੍ਹਾਂ ਉੱਪਰ ਸੀ.ਸੀ. ਫਲੋਰਿੰਗ ਕਰਨ ਦੇ ਕੰਮ ਦਾ ਨੀਂਹ ਪੱਥਰ ਰੱਖਣ ਮੌਕੇ ਕੀਤਾ।

ਇਸ ਮੌਕੇ ਉਨ੍ਹਾਂ ਨਾਲ ਮੰਡੀ ਬੋਰਡ ਦਿਲਪ੍ਰੀਤ ਸਿੰਘ, ਬਲਾਕ ਪ੍ਰਧਾਨ ਕੇਸਵ ਸੈਣੀ, ਕੋਰ ਕਮੇਟੀ ਮੈਂਬਰ ਸੁਖਵਿੰਦਰ ਸਿੰਘ ਅਰੋੜਾ, ਸਾਬਕਾ ਸਰਪੰਚ ਬਲਵੀਰ ਸਿੰਘ ਢੱਟ, ਜਥੇਦਾਰ ਅਵਤਾਰ ਸਿੰਘ ਕੰਧਾਲਾ ਜੱਟਾਂ, ਚੌਧਰੀ ਕਮਲ ਧੂਤ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਵਿਧਾਇਕ ਜਸਵੀਰ ਰਾਜਾ ਨੇ ਦੱਸਿਆ ਕਿ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਜਾਰੀ ਕੀਤੀ ਗਈ ਗਰਾਂਟ ਨਾਲ ਮੰਡੀ ਬੋਰਡ ਵੱਲੋਂ ਦਾਣਾ ਮੰਡੀ ਟਾਂਡਾ ਸਮੇਤ ਵੱਡੀਆਂ ਮੰਡੀਆਂ ਦੀ ਹਾਲਤ ਵੀ ਸੁਧਾਰੀ ਜਾ ਰਹੀ ਹੈ ਤਾਂ ਜੋ ਮੰਡੀਆਂ ਵਿੱਚ ਕਿਸਾਨਾਂ ਨੂੰ ਹਰ ਸਹੂਲਤ ਪ੍ਰਾਪਤ ਹੋ ਸਕੇ। ਮੰਡੀ ਵਿੱਚ ਆਪਣੀ ਫਸਲ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਕੁਲਵੰਤ ਸਿੰਘ ਜਹੂਰਾ, ਹਰਵਿੰਦਰ ਕਲੋਟੀ, ਮੰਡੀ ਸੁਪਰਵਾਈਜ਼ਰ ਅਮਰਜੀਤ ਸਿੰਘ ,ਨਵਨੀਤ ਸਿੰਘ,ਡਾ. ਮੋਹਣ, ਜੋਗਿੰਦਰ ਸਿੰਘ, ਬਾਬਾ ਮੋਹਨ ਸਿੰਘ, ਅਨੂਪ ਸਿੰਘ, ਹਰਪ੍ਰੀਤ ਸਿੰਘ ਹੈਪੀ, ਬਲਜੀਤ ਸੈਣੀ, ਮਨਪ੍ਰੀਤ ਸਿੰਘ, ਸਰਪੰਚ ਨਗਿੰਦਰ ਸਿੰਘ, ਰਜਿੰਦਰ ਸਿੰਘ ਕੰਧਾਲਾ ਜੱਟਾਂ, ਕਸ਼ਮੀਰ ਸਿੰਘ, ਬਲਵਿੰਦਰ ਸਿੰਘ, ਅਵਤਾਰ ਸਿੰਘ, ਓਂਕਾਰ ਸਿੰਘ ਖੱਖ, ਅਨਿਲ ਗੋਰਾ ਆਦਿ ਵੀ ਹਾਜ਼ਰ ਸਨ।

## ਮੁਆਵਜ਼ੇ ਲਈ ਜਾਰੀ ਲਿਸਟ 'ਚ ਕਪੂਰਥਲਾ ਦਾ ਨਾਂਅ ਨਾ ਆਉਣਾ ਮੰਦਭਾਗਾ : ਚੀਮਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਹਲਕਾ ਸੁਲਤਾਨਪੁਰ ਲੋਧੀ ਦੇ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੱਲੋਂ ਪੂਰੇ ਸੂਬੇ ਵਿਚ ਹੜ੍ਹਾਂ ਨਾਲ ਹੋਏ ਨੁਕਸਾਨ ਲਈ ਮੁਆਵਜੇ ਵਜੋਂ 16 ਜ਼ਿਲ੍ਹਿਆਂ ਨੂੰ ਰਾਸ਼ੀ ਜਾਰੀ ਕੀਤੀ ਗਈ ਹੈ। ਪਰ ਹੈਰਾਨਗੀ ਦੀ ਗੱਲ ਹੈ ਕਿ ਪਵਿੱਤਰ ਸ਼ਹਿਰ ਸੁਲਤਾਨਪੁਰ ਲੋਧੀ ਜੋ ਕਿ ਜ਼ਿਲ੍ਹਾ ਕਪੂਰਥਲਾ ਦੇ ਅਧੀਨ ਆਉਂਦਾ ਹੈ ਜਿਸ ਨੂੰ ਦੋ ਦਰਿਆਵਾਂ ਅਤੇ ਵੇਈਂ ਨਦੀ ਦੇ ਪਾਣੀ ਦੀ ਮਾਰ ਝੱਲਣੀ ਪਈ ਪਰ ਫਿਰ ਵੀ ਸਰਕਾਰ ਵੱਲੋਂ ਜਾਰੀ ਕੀਤੀ ਗਈ ਲਿਸਟ ਵਿੱਚ ਕਪੂਰਥਲਾ ਦੇ ਸੁਲਤਾਨਪੁਰ ਲੋਧੀ ਦਾ ਨਾਂਅ ਨਹੀਂ ਜੋ ਬਹੁਤ ਹੀ ਨਿੰਦਣਯੋਗ ਹੈ। ਸੁਲਤਾਨਪੁਰ ਲੋਧੀ ਦੇ ਮੰਡ ਖੇਤਰ 'ਚ ਹੜ੍ਹਾਂ ਨਾਲ ਕਿਸਾਨਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ, ਗਰੀਬ ਲੋਕਾਂ ਦੇ ਘਰ ਢਹਿ ਗਏ। ਪਹਿਲਾਂ ਸਤਲੁਜ ਦਰਿਆ ਤੋਂ ਹੜ੍ਹ ਆਇਆ, ਭਰੋਆਣਾ ਤੋਂ ਲੈ ਕੇ ਕਰੀਬ 30 ਤੋਂ ਵੱਧ ਪਿੰਡਾਂ ਦੇ ਝੋਨੇ ਮਰ ਗਏ ਫਿਰ ਦੂਜੀ ਵਾਰ ਫੇਰ ਝੋਨਾ ਲਾਇਆ ਕਿਸਾਨਾਂ ਨੇ ਇੱਕ ਦੂਜੇ ਦੀ ਮਦਦ ਕੀਤੀ ਫੇਰ ਦੂਜੀ ਵਾਰ ਬਿਆਸ ਦਰਿਆ ਵਿੱਚ ਹੜ੍ਹ ਆ ਗਿਆ ਫੇਰ ਝੋਨਾ ਮਾਰਿਆ ਗਿਆ । ਜ਼ਿਲ੍ਹਾ ਕਪੂਰਥਲਾ ਦੇ ਬਲਾਕ ਸੁਲਤਾਨਪੁਰ ਲੋਧੀ ਦੇ ਮੰਡ ਖੇਤਰ ਦਾ ਤਕਰੀਬਨ 75 ਫੀਸਦੀ ਹਿੱਸੇ ਦਾ ਨੁਕਸਾਨ ਹੋਇਆ ਹੈ। ਪਰ ਸਰਕਾਰ ਨੇ ਕਪੂਰਥਲਾ ਦਾ ਨਾਂਅ ਹੀ ਲਿਸਟ ਵਿੱਚ ਨਹੀਂ ਪਾਇਆ।

# ਗਰਭਵਤੀ ਮਹਿਲਾਵਾਂ ਲਈ ਮੁਫ਼ਤ ਚੈਕਅੱਪ ਕੈਂਪ ਲਗਾਇਆ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**- ਡਾ. ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸੀ.ਐਚ.ਸੀ ਚਮਕੌਰ ਸਾਹਿਬ ਵਿਖੇ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ ਤਹਿਤ ਗਰਭਵਤੀ ਔਰਤਾਂ ਲਈ ਮੁਫ਼ਤ ਹੈਲਥ ਚੈਕਅੱਪ ਕੈਂਪ ਲਗਾਇਆ ਗਿਆ। ਇਸ ਮੌਕੇ ਡਾ.ਗੋਬਿੰਦ ਟੰਡਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਸੁਰਖਿਅਤ ਮਾਤ੍ਰਤਵ ਅਭਿਆਨ ਤਹਿਤ ਗਰਭਵਤੀ ਔਰਤਾਂ ਨੂੰ ਮੁਫ਼ਤ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੋਈ ਵੀ ਹਾਈ ਰਿਸਕ ਮਹਿਲਾ ਜਿਸ ਦਾ ਖੂਨ ਘੱਟ ਹੋਵੇ, ਪਹਿਲਾਂ ਬੱਚਾ ਸਜੇਰੀਅਨ (ਵੱਡੇ ਅਪ੍ਰੇਸ਼ਨ) ਨਾਲ ਪੈਦਾ ਹੋਇਆ ਹੋਵੇ, ਹਾਈ ਬਲੱਡ ਪ੍ਰੈਸ਼ਰ ਰਹਿੰਦਾ ਹੋਵੇ, ਸ਼ੂਗਰ ਦੀ ਬਿਮਾਰੀ ਹੋਵੇ ਜਾ ਕੋਈ ਹੋਰ ਬਿਮਾਰੀ ਤੋਂ ਪੀੜਤ ਹੋਵੇ ਨੂੰ ਆਪਣਾ ਚੈਕਅੱਪ ਲਗਾਤਾਰ ਸਰਕਾਰੀ ਸਿਹਤ ਸੰਸਥਾ ਤੋਂ ਕਰਵਾਉਣਾ ਚਾਹੀਦਾ ਹੈ ਅਤੇ ਆਪਣੀ ਸਿਹਤ ਨੂੰ ਤੰਦਰੁਸਤ ਰੱਖਣ ਲਈ ਆਪਣੇ ਖਾਣੇ ਵਿੱਚ ਪੋਸ਼ਟਿਕ ਆਹਾਰ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਮੌਕੇ ਡਾ. ਸ਼ਲਾਖਾ ਧੀਰ ਮੈਡੀਕਲ ਅਫਸਰ ਵੱਲੋਂ 44 ਗਰਭਵਤੀ ਮਹਿਲਾਵਾਂ ਦਾ ਚੈੱਕਅੱਪ ਕੀਤਾ ਗਿਆ। ਉਨ੍ਹਾਂ ਗਰਭਵਤੀ ਔਰਤਾਂ ਨੂੰ ਹਰੀਆਂ ਸਬਜ਼ੀਆਂ, ਤਾਜ਼ਾ ਫਲ, ਸਮੇਂ ਅਨੁਸਾਰ ਖਾਣਾ ਖਾਣ, ਆਇਓਡੀਨ ਯੁਕਤ ਨਮਕ ਦੀ ਵਰਤੋਂ ਕਰਨ, ਖੂਨ ਦੀ ਕਮੀ ਨੂੰ ਪੂਰਾ ਕਰਨ ਲਈ ਆਇਰਨ ਫੋਲਿਕ ਐਸਿਡ ਖਾਣ, ਆਇਰਨ ਯੁਕਤ ਭੋਜਨ ਤੇ ਫਲ ਖਾਣ ਅਤੇ ਆਲੇ-ਦੁਆਲੇ ਸਾਫ ਸਫਾਈ ਰੱਖਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਨਾਗਰ ਸਿੰਘ ਐਸ.ਆਈ, ਦਵਿੰਦਰ ਸਿੰਘ ਐਸ.ਆਈ, ਪਰਵਿੰਦਰ ਕੌਰ ਐਲ.ਐਚ.ਵੀ, ਰੇਨੂ ਬਾਲਾ ਏ.ਐਨ.ਐਮ, ਤਜਿੰਦਰ ਕੌਰ ਏ.ਐਨ.ਐਮ, ਸੁਖਵਿੰਦਰ ਕੌਰ ਆਸ਼ਾ, ਪ੍ਰਨੀਤ ਕੌਰ ਆਸ਼ਾ, ਬਲਜੀਤ ਕੌਰ ਆਸ਼ਾ ਤੇ ਗਰਭਵਤੀ ਮਹਿਲਾਵਾਂ ਹਾਜ਼ਰ ਸਨ।

# 2024 ਦੀਆਂ ਚੋਣਾਂ 'ਚ ਫਿਰਕੂ ਤੇ ਕਾਰਪੋਰੇਟ ਗਠਜੋੜ ਦੀ ਸਰਕਾਰ ਨੂੰ ਗੱਦੀ ਤੋਂ ਲਾਹਿਆ ਜਾਵੇ : ਗੁਰਮੇਸ਼ ਸਿੰਘ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਸ਼ਹੀਦ ਸਾਥੀ ਚੰਨਣ ਸਿੰਘ ਧੂਤ ਭਵਨ, ਹੁਸ਼ਿਆਰਪੁਰ ਵਿਖੇ ਸੀ.ਪੀ.ਆਈ.(ਐਮ) ਤਹਿਸੀਲ ਕਮੇਟੀ ਹੁਸ਼ਿਆਰਪੁਰ ਦੀ ਮੀਟਿੰਗ ਕਾ. ਪ੍ਰੇਮਲਤਾ ਦੀ ਪ੍ਰਧਾਨਗੀ ਹੇਠ ਹੋਈ। ਵਿਚਾਰ ਪ੍ਰਗਟ ਕਰਦਿਆਂ ਸੂਬਾ ਸਕੱਤਰੇਤ ਮੈਂਬਰ ਅਤੇ ਜ਼ਿਲ੍ਹਾ ਸੈਕਟਰੀ ਸਾਥੀ ਗੁਰਨੇਕ ਸਿੰਘ ਭੱਜਲ ਅਤੇ ਸੂਬਾ ਕਮੇਟੀ ਮੈਂਬਰ ਕਾ. ਗੁਰਮੇਸ਼ ਸਿੰਘ ਨੇ ਦੱਸਿਆ ਕਿ ਮੋਦੀ ਸਰਕਾਰ ਤੇ ਫਿਰਕੂ ਫਾਸੀਵਾਦੀ ਜੱਥੇਬੰਦੀ ਆਰ.ਐਸ.ਐਸ. ਵਲੋਂ ਦੇਸ਼ ਅੰਦਰ ਫਿਰਕੂ ਭਾਂਬੜ ਬਾਲੇ ਜਾ ਰਹੇ ਹਨ ਜਿਸ ਦੀ ਤਾਜ਼ਾ ਮਿਸਾਲ ਮਨੀਪੁਰ ਅਤੇ ਹਰਿਆਣਾ ਪ੍ਰਾਂਤ ਅੰਦਰ ਵਾਪਰੀਆਂ ਘਟਨਾਵਾਂ ਹਨ। ਅੱਜ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਲਈ ਜਮਹੂਰੀਅਤ ਪਸੰਦ ਲੋਕਾਂ ਨੂੰ ਇੱਕਜੁੱਟ ਹੋ ਕੇ ਸੰਘਰਸ਼ਾਂ ਦੇ ਮੈਦਾਨ ਵਿੱਚ ਉਤਰਨਾ ਹੋਵੇਗਾ ਤਾਂ ਜੋ 2024 ਦੀਆਂ ਚੋਣਾਂ ਵਿੱਚ ਫਿਰਕੂ ਅਤੇ ਕਾਰਪੋਰੇਟ ਗਠਜੋੜ ਦੀ ਸਰਕਾਰ ਨੂੰ ਗੱਦੀ ਤੋਂ ਲਾਹਿਆ ਜਾ ਸਕੇ। ਬੀਮਾਰੀ ਕਾਰਨ ਤਹਿਸੀਲ ਸਕੱਤਰ ਦੀ ਗੈਰ ਮੌਜੂਦਗੀ ਵਿੱਚ ਪਾਰਟੀ ਦੇ ਸੀਨੀਅਰ ਸਾਥੀ ਕਾ: ਗੁਰਬਖਸ਼ ਸਿੰਘ ਸੂਸ ਨੇ ਪ੍ਰੈਸ ਨੂੰ ਮੀਟਿੰਗ ਦੇ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਗਵੰਤ ਮਾਨ ਦੀ ਸਰਕਾਰ ਵਲੋਂ ਕਿਸਾਨਾਂ ਉਪਰ ਕੀਤੇ ਜ਼ੁਲਮ ਦੀ ਸਖਤ ਨਿਖੇਧੀ ਕੀਤੀ ਗਈ। ਇਸ ਮੌਕੇ ਤੇ ਮਾਰੇ ਗਏ ਕਿਸਾਨ ਆਗੂ ਪ੍ਰੀਤਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਪਾਰਟੀ ਦੀ ਕੇਂਦਰੀ ਕਮੇਟੀ ਵਲੋਂ 1 ਸਤੰਬਰ ਤੋਂ 7 ਸਤੰਬਰ ਤੱਕ ਜੱਥਾ ਮਾਰਚ ਦਾ ਠੋਸ ਪ੍ਰੋਗਰਾਮ ਬਣਾ ਕੇ ਸਾਥੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਤਾਂ ਜੋ ਪ੍ਰੋਗਰਾਮ ਨੂੰ ਸਫਲਤਾਪੂਰਵਕ ਨੇਪਰੇ ਚਾੜਿਆ ਜਾ ਸਕੇ। ਮੀਟਿੰਗ ਵਿੱਚ ਸੁਰਿੰਦਰ ਕੌਰ, ਬਲਵਿੰਦਰ ਸਿੰਘ, ਗੁਰਮੀਤ ਕਾਣੇ, ਪਰਸ਼ਨ ਸਿੰਘ, ਮਨਜੀਤ ਸਿੰਘ ਲਹਿਲੀ, ਇੰਦਰਪਾਲ ਸਿੰਘ ਅਹਿਰਾਣਾ, ਮਹਿੰਦਰ ਸਿੰਘ ਭੀਲੋਵਾਲ, ਸੁੱਚਾ ਸਿੰਘ ਕਾਲੀਆ ਅਤੇ ਰਾਮ ਨਿਵਾਸ ਹਾਜ਼ਰ ਸਨ।

## ਪੰਚਾਇਤਾਂ ਬਹਾਲ ਕਰਵਾਉਣ ਲਈ ਰਾਜਪਾਲ ਨੂੰ ਮੰਗ ਪੱਤਰ ਭੇਜਿਆ ਜਾਵੇਗਾ : ਦੇਸ ਰਾਜ ਮੱਲ



**ਫਿਲੌਰ, (ਨਿਰਮਲ)**- ਐਸ ਸੀ, ਬੀ ਸੀ, ਸਰਪੰਚ-ਪੰਚ ਯੂਨੀਅਨ ਦੀ ਮੀਟਿੰਗ ਪ੍ਰਧਾਨ ਦੇਸ਼ ਰਾਜ ਮੱਲ ਦੀ ਪ੍ਰਧਾਨਗੀ ਹੇਠ ਫਿਲੌਰ ਵਿਖੇ ਹੋਈ। ਜਿਸ 'ਚ ਪੰਚਾ, ਸਰਪੰਚਾਂ, ਨੰਬਰਦਾਰਾਂ ਨੇ ਹਿੱਸਾ ਲਿਆ ਅਤੇ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ। ਯੂਨੀਅਨ ਦੀ ਮੀਟਿੰਗ 'ਚ ਪਿਛਲੇ ਪੰਜ ਸਾਲਾਂ ਤੋਂ ਸਰਪੰਚ ਨੂੰ ਮਾਣ ਭੱਤਾ ਨਾ ਮਿਲਣਾ ਦੇ ਰੋਸ 'ਚ ਸਰਕਾਰ ਦੀ ਤਿੱਖੇ ਸ਼ਬਦਾਂ 'ਚ ਆਲੋਚਨਾ ਕੀਤੀ ਅਤੇ ਕਿਹਾ ਕਿ ਮੌਜੂਦਾ ਸਰਕਾਰ ਜਲਦ ਸਰਪੰਚਾਂ ਨੂੰ ਮਾਣ ਭੱਤਾ ਦੇਵੇ। ਉਨ੍ਹਾਂ ਕਿਹਾ ਕਿ ਪੰਚਾਇਤਾਂ ਬਹਾਲ ਕਰਵਾਉਣ ਲਈ ਐਸ.ਡੀ.ਐਮ ਫਿਲੌਰ ਰਾਹੀਂ ਰਾਜਪਾਲ ਨੂੰ ਮੰਗ ਪੱਤਰ ਭੇਜਿਆ ਜਾਵੇਗਾ। ਇਸ ਮੌਕੇ ਸਰਪੰਚ ਨਿਰਮਲ ਸਿੰਘ, ਸਰਪੰਚ ਬੁੱਧ ਪ੍ਰਕਾਸ਼, ਪ੍ਰੇਮ ਲਾਲ ਨੰਬਰਦਾਰ, ਸਰਪੰਚ ਸੋਹਣ ਲਾਲ ਔਟੀ, ਹਰਬੰਸ਼ ਢੀਂਡਸਾ ਸਰਪੰਚ, ਬਲਵੀਰ ਰਾਮ ਕਡਿਆਣਾ ਸਰਪੰਚ, ਪਰਗਣ ਦਿਆਲਪੁਰ ਸਰਪੰਚ, ਸਿਮਰਪਾਲ ਲਾਂਦੜਾ, ਸੁਰਿੰਦਰ ਸਿੰਘ ਸਰਪੰਚ,ਜੋਗਿੰਦਰ ਸੰਗਤਪੁਰ, ਰਾਮ ਲਾਲ ਭਾਰਸਿੰਘਪੁਰ, ਅਮਰੀਕ ਲੋਹਗੜ੍ਹ, ਨੰਬਰਦਾਰ ਜਸਵਿੰਦਰ ਚੀਮਾ, ਪੰਚ ਗਗਨ, ਮਨਜੀਤ ਲਾਲ ,ਬਿਸਨ ਦਾਸ, ਰਾਮ ਲਾਲ ਘੁੜਕਾ, ਮਨੋਜ ਕੁਮਾਰ ਮੰਡੀ ਅਤੇ ਹੋਰ ਹਾਜ਼ਰ ਸਨ।

## ਨੈਤਿਕ ਸਿੱਖਿਆ ਇਮਤਿਹਾਨ 'ਚ 45 ਸਕੂਲਾਂ ਦੇ 4000 ਵਿਦਿਆਰਥੀਆਂ ਨੇ ਹਿੱਸਾ ਲਿਆ

**ਹੁਸ਼ਿਆਰਪੁਰ (ਓ ਪੀ ਰਾਣਾ )**-ਪਿਛਲੇ ਪੰਜ ਦਹਾਕਿਆਂ ਤੋਂ ਨਿਰੋਲ ਧਾਰਮਿਕ ਅਤੇ ਸਮਾਜ ਸੇਵੀ ਕਾਰਜਾਂ ਲਈ ਯਤਨਸ਼ੀਲ ਸੰਸਥਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਜਿੱਥੇ ਸਮਾਜ ਵਿੱਚ ਅਨੇਕਾਂ ਲੋਕ ਭਲਾਈ ਕਾਰਜ ਨਿਰੰਤਰ ਜਾਰੀ ਹਨ, ਉੱਥੇ ਜੱਥੇਬੰਦੀ ਦੀ ਅਕਾਦਮਿਕ ਕੌਂਸਲ ਵਲੋਂ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਅੰਡੇਮਾਨ ਦੇ ਸਕੂਲਾਂ ਵਿਚ ਕਰਵਾਏ ਗਏ ਨੈਤਿਕ ਸਿੱਖਿਆ ਇਮਤਿਹਾਨ ਵਿੱਚ ਹੁਸ਼ਿਆਰਪੁਰ ਜ਼ੋਨ ਦੇ 45 ਸਕੂਲਾਂ ਦੇ 4000 ਵਿਦਿਆਰਥੀਆਂ ਨੇ ਭਾਗ ਲਿਆ। ਜੋਨਲ ਪ੍ਰਧਾਨ ਨਵਪ੍ਰੀਤ ਸਿੰਘ ਮੰਡਿਆਲਾ ਨੇ ਦੱਸਿਆ ਕਿ ਇਸ ਇਮਤਿਹਾਨ ਲਈ ਪਹਿਲੀ ਤੋਂ ਬਾਰਵੀਂ ਕਲਾਸ ਤੱਕ ਦੇ ਸਿਲੇਬਸ ਲਈ ਪੁਸਤਕਾਂ ਮਾਰਗਿ ਮੋਤੀ, ਗੁਣਤਾਸ ਅਤੇ ਬਾਲ-ਵਿਰਸਾ ਨਿਰਧਾਰਤ ਕੀਤੀਆਂ ਗਈਆਂ ਸਨ। ਜੋ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪਹਿਲਾਂ ਮੁੱਹਈਆ ਕਰਵਾਈਆਂ ਗਈਆਂ ਸਨ। ਉਨ੍ਹਾਂ ਜਗਜੀਤ ਸਿੰਘ ਗਣੇਸ਼ਪੁਰ, ਹਰਵਿੰਦਰ ਸਿੰਘ ਨੰਗਲ ਈਸ਼ਰ, ਸੰਦੀਪ ਸਿੰਘ, ਡਾ. ਅਰਬਿੰਦ ਸਿੰਘ ਧੂਤ, ਪ੍ਰਿੰ: ਰੁਪਿੰਦਰਜੀਤ ਸਿੰਘ, ਰਵਿੰਦਰ ਸਿੰਘ, ਨਰਿੰਦਰਪਾਲ ਸਿੰਘ, ਗੁਰਪ੍ਰੀਤ ਸਿੰਘ, ਆਸ ਕਿਰਨ ਡਰੱਗ ਕਾਊਂਸਲਿੰਗ ਅਤੇ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਦੇ ਸਮੁੱਚੇ ਸਟਾਫ ਅਤੇ ਸਕੂਲਾਂ/ਕਾਲਜਾਂ ਦੇ ਪ੍ਰਿੰਸੀਪਲ/ਮੁੱਖ ਅਧਿਆਪਕ, ਅਧਿਆਪਕਾਂ ਅਤੇ ਪੇਪਰ ਕਰਵਾਉਣ ਦੀ ਡਿਊਟੀ ਨਿਭਾਉਣ ਵਾਲੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ। ਜਥੇਬੰਦੀ ਦੇ ਪ੍ਰੋ ਆਪਿੰਦਰ ਸਿੰਘ ਮਾਹਿਲਪੁਰੀ, ਡਾਕਟਰ ਮਨਮੋਹਨਜੀਤ ਸਿੰਘ, ਕਮਲਜੀਤ ਸਿੰਘ ਨੇ ਦੱਸਿਆ ਕਿ ਸਮੁੱਚੇ ਨੈਤਿਕ ਸਿੱਖਿਆ ਇਮਤਿਹਾਨ (ਸਕੂਲ) ਵਿੱਚ 1430 ਸਕੂਲਾਂ ਦੇ 98000 ਵਿਦਿਆਰਥੀਆਂ ਨੇ ਹਿੱਸਾ ਲਿਆ ਹੈ। ਜ਼ੋਨਲ ਪੱਧਰ 'ਤੇ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਨਗਦ, ਕਿਤਾਬਾਂ ਰੂਪੀ ਆਕਰਸ਼ਕ ਇਨਾਮ ਅਤੇ ਸਰਟੀਫਿਕੇਟ ਦੇ ਕੇ ਉਤਸ਼ਾਹਿਤ ਕੀਤਾ ਜਾਵੇਗਾ।

# ਸਿੱਖ ਵਾਸਤੇ ਸ਼ਸਤਰ ਅਭਿਆਸ ਤੇ ਸ਼ਾਸਤਰ ਗਿਆਨ ਦੋਵੇਂ ਜ਼ਰੂਰੀ: ਨਿਹੰਗ ਮੁਖੀ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਗੁਰਦੁਆਰਾ ਸਿੰਘ ਸਭਾ ਸੈਵਨ ਕਿੰਗਜ਼ ਈਸਟ ਲੰਡਨ ਅਤੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਕੋਵਨਟਰੀ ਵਿਖੇ ਗੁਰੂ ਘਰਾਂ ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਵਿਸ਼ੇਸ਼ ਗੁਰਮਤਿ ਸਮਾਗਮ ਆਯੋਜਿਤ ਕੀਤੇ ਗਏ। ਏਥੇ ਸੰਗਤਾਂ ਸ਼ਸਤਰਾਂ ਦੇ ਦਰਸ਼ਨਾਂ ਲਈ ਹੁੰਮਹੁਮਾ ਕੇ ਪੁੱਜੀਆਂ। ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਬੁੱਢਾ ਦਲ ਦੀ ਪ੍ਰਚਾਰ ਵਹੀਰ, ਇੰਗਲੈਂਡ ਦੇ ਵੱਖ-ਵੱਖ ਗੁਰੂ ਘਰਾਂ ਵਿੱਚ ਕੌਮ ਦੇ ਮਹਾਨ ਜਰਨੈਲ ਬੁੱਢਾ ਦਲ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਛੇਵੇਂ ਜਥੇਦਾਰ ਰਹੇ ਸਿੰਘ ਸਾਹਿਬ ਅਕਾਲੀ ਬਾਬਾ ਫੂਲਾ ਸਿੰਘ ਦੀ ਦੂਜੀ ਸ਼ਹੀਦੀ ਸ਼ਤਾਬਦੀ ਸੰਬੰਧੀ ਬੁੱਢਾ ਦਲ ਦੇ ਇਤਿਹਾਸ, ਗੁਰਮਤਿ ਅਤੇ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਸ਼ਸਤਰਾਂ ਦੇ ਦਰਸ਼ਨ ਸੰਗਤਾਂ ਨੂੰ ਕਰਵਾਏ ਜਾ ਰਹੇ ਹਨ। ਇਸ ਸਮੇਂ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਸੰਤ ਅਤੇ ਸਿਪਾਹੀ ਦੋਵੇਂ ਗੁਣ ਬਖਸ਼ੇ ਹਨ, ਸੰਤ ਗੁਣ ਦੀ ਪ੍ਰਾਪਤੀ ਵਾਸਤੇ ਸ਼ਾਸਤਰਾਂ ਦੇ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ, ਸ੍ਰੀ ਸਰਬਲੋਹ ਗ੍ਰੰਥ ਜੀ ਦੀ ਬਾਣੀ ਦਾ ਅਨਮੋਲ ਖਜ਼ਾਨਾ ਬਖਸ਼ਿਆ ਹੈ। ਉਨ੍ਹਾਂ ਕਿਹਾ ਸੰਤ ਗੁਣ ਦੀ ਰਾਖੀ ਵਾਸਤੇ ਸਤਿਗੁਰਾਂ ਨੇ ਸ਼ਸਤਰ ਵੀ ਬਖਸ਼ੇ ਹਨ।

ਜੇ ਸ਼ਸਤਰ ਨਾ ਹੋਣ ਤਾਂ ਧਰਮ ਸ਼ਾਸਤਰਾਂ ਦੀ ਰਾਖੀ ਨਹੀਂ ਹੋ ਸਕਦੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂ ਕੇ ਸਿੱਖਾਂ ਨੂੰ ਸ਼ਸਤਰ ਪਹਿਨਣ ਦਾ ਹੁਕਮ ਕੀਤਾ ਅਤੇ ਆਪ ਦੋ ਤਲਵਾਰਾਂ ਸਜਾਈਆਂ ਮੀਰੀ ਦੀ ਅਤੇ ਪੀਰੀ ਦੀ। ਇਸ ਮੌਕੇ ਨਾਮਵਰ ਪ੍ਰਸਿੱਧ ਸਿੱਖ ਵਿਦਵਾਨ ਪੰਥਕ ਬੁਲਾਰੇ ਗਿਆਨੀ ਭਗਵਾਨ ਸਿੰਘ ਜੌਹਲ ਨੇ ਕਿਹਾ ਬਾਬਾ ਬਲਬੀਰ ਸਿੰਘ ਨੇ ਬੁੱਢਾ ਦਲ ਗੁਰੂ ਖਾਲਸਾ ਪੰਥ ਦੀ ਅਨਮੋਲ ਵਿਰਾਸਤ ਨੂੰ ਮੁੜ ਸੁਰਜੀਤ ਕੀਤਾ, ਸ੍ਰੀ ਸਰਬਲੋਹ ਗ੍ਰੰਥ, ਭਾਈ ਰਤਨ ਸਿੰਘ ਭੰਗੂ ਦਾ ਪ੍ਰਾਚੀਨ ਪੰਥ ਪ੍ਰਕਾਸ਼, ਸ਼ਸਤ੍ਰ ਵਿੱਦਿਆ ਬੁੱਢਾ ਦਲ ਦੇ ਮੁਖੀਆਂ ਦੇ ਜੀਵਨ ਅਧਾਰਤ ਖੂਬਸੂਰਤ ਕਿਤਾਬਾਂ ਪ੍ਰੰਥ ਪ੍ਰਸਿੱਧ ਵਿਦਵਾਨ ਦਿਲਜੀਤ ਸਿੰਘ ਬੇਦੀ ਦੀ ਸੇਵਾ ਲੈ ਕੇ ਪ੍ਰਚਾਰ ਹਿਤ ਪ੍ਰਕਾਸ਼ਤ ਕਰਵਾਈਆਂ ਹਨ। ਇਸ ਸਮੇਂ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦੇ ਪ੍ਰਧਾਨ ਅਮਰਜੀਤ ਸਿੰਘ ਖੱਟੜਾ, ਵਾਈਸ ਪ੍ਰਧਾਨ ਜਗਰੂਪ ਸਿੰਘ ਅਤੇ ਸਟੇਜ ਸਕੱਤਰ ਰਿੱਕੀ ਸਿੰਘ, ਗਿਆਨੀ ਜਗਜੀਤ ਸਿੰਘ ਜੱਗੀ ਤੋਂ ਇਲਾਵਾ ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਖੰਡਾ ਖੜਕੇਗਾ, ਬਾਬਾ ਜਸਵਿੰਦਰ ਸਿੰਘ ਜੱਸੀ ਅਮਰੀਕਾ ਤੇ ਹੋਰ ਸਥਾਨਕ ਨਿਹੰਗ ਸਿੰਘ ਵੱਡੀ ਗਿਣਤੀ ਵਿੱਚ ਬਾਬਾ ਜੀ ਦੇ ਨਾਲ ਸਨ।

## ਸਿੱਖਿਆ ਬੋਰਡ ਵੱਲੋਂ ਆਨ-ਲਾਈਨ ਪੋਰਟਲ ਸ਼ੁਰੂ

**ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)** ਪੰਜਾਬ ਰਾਜ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਮੂਹ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2023-24 ਲਈ ਪੰਜਵੀਂ ਅਤੇ ਅੱਠਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨ ਲਈ 24 ਅਗਸਤ 2023 ਤੋਂ 10 ਅਕਤੂਬਰ 2013 ਤੱਕ ਬਿਨਾਂ ਲੇਟ ਫੀਸ ਨਾਲ ਆਨ-ਲਾਈਨ ਪੋਰਟਲ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਨਿਰਧਾਰਿਤ ਸ਼ਡਿਊਲ ਤੋਂ ਬਾਅਦ 1500/- ਰੁ: ਲੇਟ ਫੀਸ ਨਾਲ ਮਿਤੀ 11 ਅਕਤੂਬਰ 2023 ਤੋਂ 8 ਨਵੰਬਰ 2023 ਤੱਕ ਰਜਿਸਟ੍ਰੇਸ਼ਨ ਕਰਵਾਉਣੀ ਲਾਜ਼ਮੀ ਹੋਵੇਗੀ। ਉਕਤ ਨਿਰਧਾਰਿਤ ਸਮਾਂ ਸਾਰਣੀ ਵਿੱਚ ਕਿਸੇ ਵੀ ਹਾਲਤ ਵਿੱਚ ਕੋਈ ਹੋਰ ਵਾਧਾ ਨਹੀਂ ਕੀਤਾ ਜਾਵੇਗਾ। ਇਸ ਲਈ ਇਸ ਵਾਰ ਬਾਅਦ ਵਿੱਚ ਆਉਣ ਵਾਲੀਆਂ ਔਕੜਾਂ ਤੋਂ ਬਚਣ ਲਈ ਬਣਦੀ ਫੀਸ ਨਾਲ ਹੀ ਸਮੇਂ ਸਿਰ ਕੰਮ ਮੁਕੰਮਲ ਕਰਵਾਇਆ ਜਾਵੇ। ਉਕਤ ਦੇ ਮੱਦੇ ਨਜ਼ਰ ਸਕੂਲ ਮੁਖੀਆਂ ਨੂੰ ਹਦਾਇਤ ਹੈ ਕਿ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਦੇ ਕੰਮ ਨੂੰ ਵਿਸ਼ੇਸ਼ ਤਰਜੀਹ ਦਿੰਦੇ ਹੋਏ ਵਿਦਿਆਰਥੀਆਂ ਦੀ ਨਿਰਧਾਰਿਤ ਸਡਿਊਲ ਅਨੁਸਾਰ ਹੀ ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਨੂੰ ਮੁਕੰਮਲ ਕਰਵਾਉਣਾ ਯਕੀਨੀ ਬਣਾਇਆ ਜਾਵੇ । ਜੇਕਰ ਕਿਸੇ ਵੀ ਕਾਰਨ ਕਿਸੇ ਵੀ ਵਿਦਿਆਰਥੀ ਦੀ ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨ ਤੋਂ ਰਹਿ ਜਾਂਦੀ ਹੈ ਤਾਂ ਉਸਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ/ਕਰਮਚਾਰੀ ਦੀ ਹੀ ਹੋਵੇਗੀ । ਇਸ ਸਬੰਧੀ ਕੋਈ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ। ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਸਬੰਧੀ ਹਦਾਇਤਾਂ ਅਤੇ ਸ਼ਡਿਊਲ ਸਕੂਲਾਂ ਦੀ ਲਾਗ-ਇਨ ਆਈ. ਡੀ. ਅਤੇ ਬੋਰਡ ਦੀ ਵੈਬ-ਸਾਈਟ 'ਤੇ ਵਿਸਥਾਰ ਪੂਰਵਕ ਜਾਣਕਾਰੀ ਸਹਿਤ ਉਪਲੱਬਧ ਹਨ।

25-AUG-PAGE-10.qxd 8/24/2023 10:37 PM Page 1



# ਫਿਰੋਜ਼ਸ਼ਾਹ ਟੋਲ ਪਲਾਜ਼ਾ 'ਤੇ ਕਿਸਾਨਾਂ ਵੱਲੋਂ ਤੀਜੇ ਦਿਨ ਵੀ ਧਰਨਾ

## ਸਰਕਾਰ ਨੇ ਗੱਲਬਾਤ ਸਿਰੇ ਨਾ ਲਾਈ ਤਾਂ ਕੀਤਾ ਜਾਵੇਗਾ ਤਿੱਖਾ ਐਕਸ਼ਨ : ਆਗੂ



**ਫਿਰੋਜ਼ਪੁਰ (ਪੀ ਐੱਸ ਬਿੰਦ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਦੇ ਆਗੂਆਂ ਵੱਲੋਂ ਗ੍ਰਿਫਤਾਰੀਆ ਨੂੰ ਲੈ ਕਿ ਤੀਜੇ ਦਿਨ ਵੀ ਫਿਰੋਜ਼ਸ਼ਾਹ ਟੋਲ ਪਲਾਜ਼ਾ 'ਤੇ ਧਰਨਾ ਜਾਰੀ ਹੈ। ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਮੀਤ ਪ੍ਰਧਾਨ ਨਰਿੰਦਰਪਾਲ ਸਿੰਘ ਜਤਾਲਾ, ਅਮਨਦੀਪ ਸਿੰਘ ਕੱਚਰਭੰਨ ਨੇ ਕਿਹਾ ਕਿ ਹੜ੍ਹ ਪੀੜਤ ਨੂੰ ਰਾਹਤ ਦਿਵਾਉਣ ਲਈ ਤੇ ਦਿੱਲੀ ਅੰਦੋਲਨ ਦੌਰਾਨ ਕੇਂਦਰ ਸਰਕਾਰ ਵੱਲੋਂ ਕੀਤੇ ਵਾਧੇ ਲਾਗੂ ਕਰਵਾਉਣ ਲਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਤੇ 16 ਜਥੇਬੰਦੀਆਂ ਵੱਲੋਂ 22 ਅਗਸਤ ਨੂੰ ਚੰਡੀਗੜ੍ਹ ਰੋਸ ਪ੍ਰਦਰਸ਼ਨ ਕਰਨ ਜਾਣ ਤੋਂ ਰੋਕਣ ਲਈ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ ਸਰਕਾਰ ਵੱਲੋਂ ਧਰਨੇ ਨੂੰ ਨਾਕਾਮ ਕਰਨ ਲਈ ਕਿਸਾਨ ਆਗੂਆਂ ਦੀਆਂ ਗ੍ਰਿਫਤਾਰੀਆਂ ਕਰਵਾਈਆਂ ਗਈਆਂ ਤੇ ਪੁਲਸ ਵੱਲੋਂ ਕੀਤੇ ਗਏ ਲਾਠੀਚਾਰਜ ਨਾਲ ਲੌਂਗੋਵਾਲ ਦੇ ਪ੍ਰੀਤਮ ਸਿੰਘ ਨੂੰ ਸ਼ਹੀਦ ਕੀਤਾ ਗਿਆ। ਤਿੰਨ ਦਿਨਾਂ ਤੋਂ ਜਥੇਬੰਦੀਆਂ ਦੇ ਆਗੂਆਂ ਨਾਲ ਸਰਕਾਰ ਦੀ ਅਫਸਰਸ਼ਾਹੀ ਰਾਹੀਂ ਗੱਲਬਾਤ ਦਾ ਦੌਰ ਚੱਲ ਰਿਹਾ ਹੈ, ਜੋ ਆਗੂਆਂ ਨੇ ਅੱਜ 2 ਵਜੇ ਤੱਕ ਸਮਾਂ ਦਿੱਤਾ ਸੀ। ਫਿਰ ਅਗਲੇ ਐਕਸ਼ਨ ਦੀ ਚਿਤਾਵਨੀ ਦਿੱਤੀ ਗਈ। ਉਸ ਤੋਂ ਬਾਅਦ ਪ੍ਰਸ਼ਾਸਨ ਨੇ ਇੱਕ ਘੰਟੇ ਦਾ ਹੋਰ ਸਮਾਂ 3 ਵਜੇ ਮੰਗ ਲਿਆ ਗਿਆ। ਜਿੰਨਾ ਚਿਰ ਪ੍ਰੀਤਮ ਸਿੰਘ ਦੇ ਪਰਿਵਾਰ ਨੂੰ ਇਨਸਾਫ ਨਹੀਂ ਮਿਲਦਾ ਤੇ ਕਿਸਾਨ ਆਗੂਆਂ ਨੂੰ ਬਿਨਾਂ ਸ਼ਰਤ ਰਿਹਾਅ ਨਹੀਂ ਕੀਤਾ ਜਾਂਦਾ ਅਤੇ ਕਿਸਾਨਾਂ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਸਰਕਾਰ ਮੰਨ ਨਹੀਂ ਲੈਂਦੀ, ਉਨਾ ਸਮਾਂ ਸੰਘਰਸ਼ ਜਾਰੀ ਰਹੇਗਾ। ਜੇਕਰ ਸਮਾਂ ਰਹਿਦਿਆਂ ਹੱਲ ਨਾ ਕੀਤਾ ਤਾਂ ਅਗਲਾ ਦਿੱਤਾ ਐਕਸ਼ਨ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਹੋਵੇਗੀ। ਇਸ ਮੌਕੇ ਕਿਸਾਨ ਆਗੂ ਬੂਟਾ ਸਿੰਘ ਕਰੀਆ, ਮੰਗਲ ਸਿੰਘ ਸਵਾਈ ਕੇ, ਗੁਰਦਿਆਲ ਸਿੰਘ ਟਿੱਬੀ, ਰੰਗਾ ਸਿੰਘ ਭੁੱਲਰ ਸਦਰਦੀਨ, ਗੁਰਮੇਲ ਸਿੰਘ ਜੀਆ ਬੱਗਾ, ਰਜਿੰਦਰ ਸਿੰਘ ਫੁੱਲਰਵੰਨ, ਮੇਜਰ ਸਿੰਘ ਗਜਨੀ ਵਾਲਾ, ਅਵਤਾਰ ਸਿੰਘ, ਦਵਿੰਦਰ ਸਿੰਘ ਫੁੱਲਰ ਵੰਨ, ਗੁਰਭੇਜ ਸਿੰਘ ਕਿੱਲੀ, ਗੁਰਨਾਮ ਸਿੰਘ ਅਲੀ ਕੇ, ਗੁਰਮੀਤ ਸਿੰਘ ਬੇਟੂ ਕਦੀਮ, ਹਰਪਾਲ ਸਿੰਘ ਜਤਾਲਾ ਆਦਿ ਹਾਜ਼ਰ ਸਨ।

# ਮਸ਼ਾਲ ਮਾਰਚ ਦਾ ਮਖੂ ਪਹੁੰਚਣ 'ਤੇ ਵਿਧਾਇਕ ਕਟਾਰੀਆ ਵੱਲੋਂ ਸਵਾਗਤ



**ਮੱਖੂ (ਰਛਪਾਲ ਸਿੰਘ ਸੰਧੂ)**

ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-2 ਖੇਡਾਂ ਦੇ ਉਦਘਾਟਨੀ ਸਮਾਰੋਹ ਵਿਖੇ ਜਲਾਈ ਜਾਣ ਵਾਲੀ ਮਸ਼ਾਲ ਦੀ ਮਾਰਚ ਯਾਤਰਾ ਦਾ ਬਲਾਕ ਮਖੂ ਵਿਖੇ ਪਹੁੰਚਣ 'ਤੇ ਵਿਧਾਨ ਸਭਾ ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਕਟਾਰੀਆ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਵਿਧਾਇਕ ਨਰੇਸ਼ ਕਟਾਰੀਆ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਵਰਗੀ ਦਲਦਲ ਵਿੱਚੋਂ ਕੱਢ ਕੇ ਖੇਡਾਂ ਪ੍ਰਤੀ ਉਤਸ਼ਾਹਤ ਕਰਨਾ ਅਤੇ ਪੰਜਾਬ ਨੂੰ ਖੇਡਾਂ ਵਿੱਚ ਦੇਸ਼ ਦਾ ਨੰਬਰ ਇੱਕ ਸੂਬਾ ਬਣਾਉਣ ਲਈ ਉਲੀਕੀਆਂ ਗਈਆਂ ਖੇਡਾਂ ਵਤਨ ਪੰਜਾਬ ਦੀਆਂ ਪਹਿਲੇ ਸਾਲ ਦੀ ਸਫਲਤਾ ਤੋਂ ਬਾਅਦ ਇਸ ਸਾਲ ਦੂਜੀਆਂ ਖੇਡਾਂ ਵਤਨ ਪੰਜਾਬ ਦੀਆਂ ਕਰਵਾਉਣ ਲਈ ਵਿਭਾਗ ਵੱਲੋਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਇਸ ਮੌਕੇ ਵਿਧਾਇਕ ਨਰੇਸ਼ ਕਟਾਰੀਆ ਨਾਲ ਯੂਥ ਆਗੂ ਸੰਕਰ ਕਟਾਰੀਆ, ਜਰਨੈਲ ਸਿੰਘ ਸੰਧੂ, ਪ੍ਰਸ਼ਾਂਤ ਕਟਾਰੀਆ, ਪਵਨ ਕਟਾਰੀਆ, ਸੰਦੀਪ ਠੁਕਰਾਲ, ਵਿਵੇਕ ਮੋਂਗਾ, ਸੌਰਵ ਅਹੂਜਾ, ਜੱਜ ਵਾਰਸ ਵਾਲਾ, ਅਨਿਲ ਧਵਨ ਡੀ ਸੀ, ਗਗਨ ਸਰਪੰਚ, ਗੋਪੀ ਐੱਮ ਸੀ, ਬੱਬੂ, ਸੁਰਜੀਤ ਮੱਲ੍ਹ ਵਾਲਾ, ਗੁਰਜੀਤ ਕਿੱਲੀ ਨੌਂ ਅਬਾਦ, ਪਾਰਸ ਠੁਕਰਾਲ, ਭੀਮ ਠੁਕਰਾਲ, ਜੱਸ ਮੱਲੋ ਕੇ ਆਦਿ ਹਾਜ਼ਰ ਸਨ।

# ਖੇਤ ਮਜ਼ਦੂਰਾਂ ਦੀਆਂ ਮੰਗਾਂ ਪ੍ਰਤੀ ਡੀ ਸੀ ਵੱਲੋਂ ਯੂਨੀਅਨ ਦੇ ਵਫ਼ਦ ਨਾਲ ਬੈਠਕ

- ਸਹਿਕਾਰੀ ਸਭਾਵਾਂ ਦਾ ਮੈਂਬਰ ਬਣਾਉਣ ਤੇ ਕਰਜ਼ੇ ਦੇਣ ਦੇ ਹੁਕਮ ਜਾਰੀ
- ਬੁਢਾਪਾ ਪੈਨਸ਼ਨ ਲਈ ਜਨਮ ਸਰਟੀਫਿਕੇਟ ਦੀ ਥਾਂ ਵੋਟ ਕਾਰਡ ਤੇ ਆਧਾਰ ਕਾਰਡ ਪ੍ਰਵਾਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਬੀਤੇ ਦਿਨੀਂ ਲਾਏ ਧਰਨੇ ਉਪਰੰਤ ਪ੍ਰਸ਼ਾਸਨ ਵੱਲੋਂ ਕੀਤੇ ਵਾਅਦੇ ਅਨੁਸਾਰ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਤਰਸੇਮ ਸਿੰਘ ਖੁੰਡੇ ਹਲਾਲ, ਕਾਕਾ ਸਿੰਘ ਖੁੰਡੇ ਹਲਾਲ, ਕਾਲਾ ਸਿੰਘ ਤੇ ਰਾਜਾ ਸਿੰਘ ਨਾਲ ਬੈਠਕ ਕੀਤੀ। ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਮੌਕੇ 'ਤੇ ਹੀ ਪਿੰਡ ਖੁੰਡੇ ਹਲਾਲ, ਚਿੱਬੜਾਂ ਵਾਲੀ, ਭੁੱਟੀਵਾਲਾ ਤੇ ਖੂਨਣ ਖੁਰਦ ਸਣੇ ਹੋਰ ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਨੂੰ ਖੇਤ ਮਜ਼ਦੂਰਾਂ ਨੂੰ ਮੈਂਬਰ ਬਣਾਉਣ ਲਈ ਆਦੇਸ਼ ਜਾਰੀ ਕਰ ਦਿੱਤੇ। ਇਸ ਦੇ ਨਾਲ ਹੀ ਸਹਿਕਾਰੀ ਬੈਂਕਾਂ ਪਾਸੋਂ ਕਰਜ਼ਾ ਦਿਵਾਉਣ ਤੇ ਸਹਿਕਾਰੀ ਸਭਾ ਦਾ ਮੈਂਬਰ ਬਣਾਉਣ ਦਾ ਭਰੋਸਾ ਦਿੱਤਾ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਅਵਾਸ ਤਹਿਤ ਰੁਕੀਆਂ ਕਿਸ਼ਤਾਂ 15 ਦਿਨਾਂ 'ਚ ਜਾਰੀ ਕਰ ਦਿੱਤੀਆਂ ਜਾਣਗੀਆਂ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਪਿਛਲੇ ਵਰ੍ਹੇ ਬਾਰਸ਼ਾਂ ਨਾਲ ਹੋਏ ਨੁਕਸਾਨ ਬਦਲੇ ਮੁਆਵਜ਼ੇ ਲਈ 5 ਕ੍ਰੋੜ 95 ਲੱਖ ਰੁਪਏ ਦੀ ਮੰਗ ਕੀਤੀ ਹੈ ਤੇ ਜਦੋਂ ਹੀ ਫੰਡ ਆ ਗਏ ਜਾਰੀ ਕਰ ਦਿੱਤੇ ਜਾਣਗੇ। ਉਨ੍ਹਾਂ ਪਲਾਟਾਂ ਦੀ ਅਲਾਟਮੈਂਟ ਵੀ ਜਲਦ ਕਰਨ ਦਾ ਭਰੋਸਾ ਦਿੱਤਾ। ਇਸੇ ਤਰ੍ਹਾਂ ਲਾਲ ਲਕੀਰ ਦੇ ਅੰਦਰਲੇ ਘਰਾਂ ਨੂੰ ਮਾਲਕੀ ਹੱਕ ਦੇਣ ਦੀ ਸਕੀਮ ਕਾਫੀ ਹੱਦ ਤੱਕ ਕਾਗਜ਼ੀ ਕਾਰਵਾਈ ਮੁਕੰਮਲ ਹੈ, ਜਲਦੀ ਹੀ ਅਮਲੀ ਰੂਪ 'ਚ ਜਾਰੀ ਕਰ ਦਿੱਤੀ ਜਾਵੇਗੀ। ਗੁਲਾਬੀ ਸੁੰਡੀ ਕਾਰਨ ਹੋਏ ਨਰਮੇ ਦੇ ਖਰਾਬੇ ਦਾ ਮੁਆਵਜ਼ਾ ਦੇਣ ਦਾ ਵੀ ਭਰੋਸਾ ਦਿੱਤਾ। ਜਥੇਬੰਦੀ ਦੀ ਮੁੱਖ ਮੰਗ ਸਵੀਕਾਰ ਕਰਦਿਆਂ ਪੈਨਸ਼ਨ ਲਈ ਉਮਰ ਤਸਦੀਕ ਕਰਨ ਵਾਸਤੇ ਸਕੂਲ ਸਰਟੀਫਿਕੇਟ ਤੇ ਜਨਮ ਸਰਟੀਫਿਕੇਟ ਦੀ ਥਾਂ ਵੋਟ ਕਾਰਡ ਤੇ ਆਧਾਰ ਕਾਰਡ ਨੂੰ ਪ੍ਰਵਾਨ ਕਰਨ ਲਈ ਕਿਹਾ। ਪਿੰਡ ਭੁੱਟੀਵਾਲਾ ਦੀ ਮਜ਼ਦੂਰ ਅਬਾਦੀ ਵਾਲੇ ਪਾਸੇ ਗਲੀਆਂ-ਨਾਲੀਆਂ ਬਣਾਉਣ ਤੇ ਮਨਰੇਗਾ ਦੇ ਕੰਮ ਸਾਰੇ ਪਿੰਡਾਂ 'ਚ ਚਾਲੂ ਬਕਾਏ ਜਲਦੀ ਅਤੇ ਖੁੰਡੇ ਹਲਾਲ ਤੇ ਤਾਮਕੋਟ 'ਚ ਹੋਏ ਘਪਲੇ ਦੀ ਜਾਂਚ ਜਲਦੀ ਕਰਾਉਣ ਦਾ ਵੀ ਭਰੋਸਾ ਦਿੱਤਾ। ਮਜ਼ਦੂਰਾਂ ਦੇ ਬਿਜਲੀ ਬਿੱਲ ਜ਼ਿਆਦਾ ਆਉਣ ਦੀ ਪੜਤਾਲ ਕਰਨ ਦੇ ਵੀ ਆਦੇਸ਼ ਕੀਤੇ। ਅੰਦੋਲਨ ਦੌਰਾਨ ਦਰਜ ਪਰਚੇ ਰੱਦ ਕਰਾਉਣ ਤੇ ਸਿੰਘੇਵਾਲਾ ਦੇ ਨਸ਼ਾ ਪੀੜਤ ਪਰਿਵਾਰ ਅਤੇ ਖੁੰਡੇ ਹਲਾਲ 'ਚ ਜ਼ਖਮੀ ਹੋਏ ਨਰੇਗਾ ਮਜ਼ਦੂਰ ਨੂੰ ਜਲਦ ਮੁਆਵਜ਼ਾ ਦੇਣ ਦਾ ਵੀ ਭਰੋਸਾ ਦਿੱਤਾ।

## ਕਾਤਰਾਂ

### ਹੈਰੋਇਨ ਸਮੇਤ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਪੁਲਸ ਵੱਲੋਂ 12 ਗ੍ਰਾਮ ਹੈਰੋਇਨ ਸਮੇਤ ਜੈਕਬ ਵਾਸੀ ਪਿੰਡ ਭਰੋਆਨਾ, ਜ਼ਿਲ੍ਹਾ ਕਪੂਰਥਲਾ ਹਾਲ ਵਾਸੀ ਹਾੜੀਆਂ ਨੂੰ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਥਾਣਾ ਮੁਖੀ ਸੰਤੋਖ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਦੋ ਦਿਨ ਪਹਿਲਾਂ ਵੀਰਪਾਲ ਵਾਸੀ ਭਮਾ ਕਲਾਂ ਨੂੰ 5 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਸੀ, ਜਿਸ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਨਸ਼ੀਲੇ ਪਦਾਰਥ ਨੇੜਲੇ ਪਿੰਡ ਹਾੜੀਆਂ ਦੇ ਰਹਿਣ ਵਾਲੇ ਜੈਕਬ ਤੋਂ ਲੈ ਕੇ ਆਉਂਦਾ ਹੈ। ਪੁਲਸ ਵੱਲੋਂ ਜੈਕਬ ਨੂੰ ਕਾਬੂ ਕਰ ਲਿਆ ਗਿਆ, ਜਿਸ ਤੋਂ 12 ਗ੍ਰਾਮ ਹੈਰੋਇਨ ਬਰਾਮਦ ਹੋਈ ਅਤੇ ਉਸ ਨੂੰ ਵੀ ਮਾਮਲੇ ਵਿਚ ਨਾਮਜ਼ਦ ਕਰ ਲਿਆ ਗਿਆ।

### ਡਾਕਟਰ ਸਵਰਨ ਲਤਾ ਦਾ ਦਿਹਾਂਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ)**-ਡਾਕਟਰ ਸੁਧੀਰ ਰਾਜ ਦੇ ਮਾਤਾ ਤੇ ਡਾਕਟਰ ਅਰਪਨਾ ਰਾਜ ਦੀ ਸੱਸ ਡਾਕਟਰ ਸਵਰਨ ਲਤਾ (94) ਪਤਨੀ ਸਵ: ਡਾਕਟਰ ਬਲਦੇਵ ਰਾਜ ਵਾਸੀ ਬਠਿੰਡਾ ਰੋਡ ਸ੍ਰੀ ਮੁਕਤਸਰ ਸਾਹਿਬ ਬੀਤੇ ਦਿਨ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾ ਦਾ ਅੰਤਿਮ ਸੰਸਕਾਰ ਸਥਾਨਕ ਬਠਿੰਡਾ ਰੋਡ ਸਥਿਤ ਧਾਮ ਵਿਖੇ ਕੀਤਾ ਗਿਆ। ਇਸ ਮੌਕੇ ਬੀਬੀ ਕਰਨ ਕੌਰ ਬਰਾੜ ਸਾਬਕਾ ਵਿਧਾਇਕਾ ਸ੍ਰੀ ਮੁਕਤਸਰ ਸਾਹਿਬ, ਡਾ: ਅਜੇ ਸੇਤੀਆ ਐੱਮ. ਡੀ. ਪੇਪਰ ਮਿੱਲ ਰੁਪਾਣਾ, ਜਸਵੰਤ ਸਿੰਘ ਬਰਾੜ ਜਨਰਲ ਸਕੱਤਰ ਬੁੱਧੀਜੀਵੀ ਸੈੱਲ ਪੰਜਾਬ ਪ੍ਰਦੇਸ ਕਾਂਗਰਸ ਸਮੇਤ ਸ਼ਹਿਰ ਦੇ ਡਾਕਟਰ, ਵਕੀਲ, ਵਪਾਰੀ ਦੁਕਾਨਦਾਰ, ਸ਼ਹਿਰੀ ਤੇ ਇਲਾਕਾ ਵਾਸੀ ਹਾਜ਼ਰ ਸਨ। ਉਨ੍ਹਾਂ ਦਾ ਅੰਗੀਠਾ ਸੰਭਾਲਣ ਦੀ ਰਸਮ 25 ਅਗਸਤ ਨੂੰ ਸਵੇਰੇ 8:15 ਵਜੇ ਹੋਵੇਗੀ।

### ਜ਼ਮੀਨ ਦੀ ਵੰਡ ਨੂੰ ਲੈ ਕੇ ਹੋਈ ਲੜਾਈ 'ਚ 3 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਪਾਲੀਵਾਲਾ ਵਿਖੇ ਜ਼ਮੀਨ ਦੀ ਵੰਡ ਨੂੰ ਲੈ ਕੇ ਹੋਏ ਝਗੜੇ ਦੇ ਦੌਰਾਨ ਜ਼ਖਮੀ ਹੋਏ ਵਿਅਕਤੀਆਂ ਦੀ ਡਾਕਟਰੀ ਰਿਪੋਰਟ ਆਉਣ 'ਤੇ ਥਾਣਾ ਵੈਰੋਕੇ ਦੀ ਪੁਲਸ ਵੱਲੋਂ 3 ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਬਲਦੇਵ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਾਲੀਵਾਲਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਬੀਤੀ 30 ਜੂਨ 2023 ਦੌਰਾਨ ਜਸਪਾਲ ਸਿੰਘ, ਗੁਰਵਿੰਦਰ ਸਿੰਘ ਤੇ ਹਰਵਿੰਦਰ ਸਿੰਘ ਪੁਤਰਾਨ ਸੁਰਜੀਤ ਸਿੰਘ ਵਾਸੀਆਨ ਪਾਲੀਵਾਲਾ ਨੇ ਉਸ ਦੀ ਤੇ ਉਸ ਦੇ ਪਰਿਵਾਰ ਦੀ ਕੁੱਟਮਾਰ ਕੀਤੀ, ਜਿਸ 'ਤੇ ਉਸ (ਮੁਦੱਈ) ਨੂੰ ਤੇ ਉਸ ਦੀ ਲੜਕੀ ਕੁਲਦੀਪ ਕੌਰ ਦੇ ਸੱਟਾਂ ਲੱਗੀਆਂ ਸਨ, ਜਿਸ ਦੇ ਬਾਅਦ ਇਲਾਜ ਲਈ ਸਰਕਾਰੀ ਹਸਪਤਾਲ ਜਲਾਲਾਬਾਦ ਵਿਖੇ ਦਾਖਲ ਹੋਏ। ਪੁਲਸ ਨੇ ਮੁਦੱਈ ਬਲਦੇਵ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਜਸਪਾਲ ਸਿੰਘ, ਗੁਰਵਿੰਦਰ ਸਿੰਘ ਤੇ ਹਰਵਿੰਦਰ ਸਿੰਘ ਪੁੱਤਰਾਨ ਸੁਰਜੀਤ ਸਿੰਘ ਵਾਸੀਆਨ ਪਾਲੀਵਾਲਾ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

### ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਡੀ ਐਸ ਪੀ ਫ਼ਤਿਹ ਸਿੰਘ ਬਰਾੜ ਦੀ ਅਗਵਾਈ ਵਿੱਚ ਥਾਣਾ ਸਿਟੀ ਪੁਲਸ ਨੇ ਚੋਰੀ ਦੇ ਮੋਟਰਸਾਈਕਲ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪੁਲਸ ਪਾਰਟੀ ਗਸ਼ਤ ਦੇ ਦੌਰਾਨ ਸ਼ਹਿਰ ਮਲੋਟ ਮੌਜੂਦ ਸੀ ਤਾਂ ਪੁਲਸ ਪਾਰਟੀ ਨੂੰ ਗੁਪਤ ਸੂਚਨਾ ਮਿਲੀ ਕਿ ਗੁਰਜੰਟ ਸਿੰਘ ਵਾਸੀ ਅਬੁਲਖੁਰਾਨਾ ਜੋ ਵੱਖ-ਵੱਖ ਸ਼ਹਿਰਾਂ ਤੋਂ ਮੋਟਰਸਾਈਕਲ ਚੋਰੀ ਕਰਕੇ ਅੱਗੇ ਵੇਚਣ ਦਾ ਆਦੀ ਹੈ, ਜੋ ਚੋਰੀ ਕੀਤੇ ਮੋਟਰਸਾਈਕਲ ਨੂੰ ਮਲੋਟ ਸ਼ਹਿਰ ਵਿੱਚ ਵੇਚਣ ਆ ਰਿਹਾ ਹੈ ਤਾਂ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਨਾਕਾਬੰਦੀ ਕਰਕੇ ਉਕਤ ਵਿਅਕਤੀ ਨੂੰ ਇੱਕ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ ਗਿਆ। ਪੁਲਸ ਨੇ ਉਕਤ ਵਿਅਕਤੀ 'ਤੇ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਔਰਤ ਨੇ ਕੀਤੀ ਆਤਮਹੱਤਿਆ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿੰਡ ਚੱਕੀ ਦੀ ਨਿਵਾਸੀ ਰਾਣੀ (57) ਨੇ ਬਿਮਾਰੀ ਤੋਂ ਪ੍ਰੇਸ਼ਾਨ ਹੋ ਜ਼ਹਿਰੀਲੀ ਵਸਤੂ ਖਾ ਕੇ ਆਤਮਹੱਤਿਆ ਕਰ ਲਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸਤਪਾਲ ਸਿੰਘ ਨੇ ਦੱਸਿਆ ਕਿ ਪਰਵਾਰਕ ਮੈਂਬਰਾਂ ਨੇ ਪੁਲਸ ਨੂੰ ਬਿਆਨ ਦਰਜ ਕਰਾਏ ਕਿ ਮਹਿਲਾ ਰਾਣੀ ਕਿਸੇ ਬੀਮਾਰੀ ਤੋਂ ਪੀੜਤ ਸੀ, ਜਿਸ ਕਾਰਨ ਉਹ ਕਾਫ਼ੀ ਪ੍ਰੇਸ਼ਾਨ ਰਹਿੰਦੀ ਸੀ। ਲੰਘੀ 20 ਅਗਸਤ ਨੂੰ ਉਸ ਨੇ ਘਰ ਵਿੱਚ ਪਈ ਕੋਈ ਜ਼ਹਿਰੀਲੀ ਵਸਤੂ ਖਾ ਲਈ, ਜਿਸ ਤੋਂ ਬਾਅਦ ਉਸ ਨੂੰ ਇਲਾਜ ਲਈ ਲੁਧਿਆਣਾ ਦੇ ਹਸਪਤਾਲ 'ਚ ਦਾਖਲ ਕਰਾਇਆ ਗਿਆ। ਇਲਾਜ ਦੌਰਾਨ ਮਹਿਲਾ ਰਾਣੀ ਦੀ ਮੌਤ ਹੋ ਗਈ ਅਤੇ ਪੁਲਸ ਵੱਲੋਂ ਪੋਸਟ ਮਾਰਟਮ ਕਰਾਉਣ ਉਪਰੰਤ ਲਾਸ਼ ਵਾਰਿਸਾਂ ਨੂੰ ਸੌਂਪ ਦਿੱਤੀ ਗਈ। ਸਹਾਇਕ ਥਾਣੇਦਾਰ ਸਤਪਾਲ ਸਿੰਘ ਨੇ ਦੱਸਿਆ ਕਿ ਇਸ ਸਬੰਧੀ 174 ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ।

# ਕਿਸਾਨੀ ਧਰਨੇ 'ਚ ਸਿਮਰਨਜੀਤ ਮਾਨ ਨੇ ਕੀਤੀ ਸ਼ਿਰਕਤ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਕਸਬਾ ਲੌਂਗੋਵਾਲ ਵਿਖੇ ਚੱਲ ਰਹੇ ਕਿਸਾਨੀ ਧਰਨੇ ਦੌਰਾਨ ਪਹੁੰਚੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੀ ਨਲਾਇਕੀ ਸਦਕਾ ਅੱਜ ਕਿਸਾਨ ਜਥੇਬੰਦੀਆਂ ਨੂੰ ਕਿਸਾਨ ਪ੍ਰੀਤਮ ਸਿੰਘ ਦੀ ਜਾਨ ਗੁਆਉਣੀ ਪਈ ਤੇ ਗਰਮੀ ਵਿੱਚ ਤਪਦੀਆਂ ਸੜਕਾਂ 'ਤੇ ਧਰਨੇ ਲਾਉਣੇ ਪੈ ਰਹੇ ਹਨ। ਮਾਨ ਨੇ ਭਾਖੜਾ ਡੈਮ ਤੋਂ ਵਾਰ-ਵਾਰ ਫਲੱਡ ਗੇਟ ਖੋਲ੍ਹੇ ਜਾਣ ਨਾਲ ਪੰਜਾਬ 'ਚ ਹੜ੍ਹਾਂ ਕਰਕੇ ਹੋ ਰਹੀ ਬਰਬਾਦੀ ਬਾਰੇ ਕਿਹਾ ਕਿ ਜੇਕਰ ਪੰਜਾਬ ਦਾ ਕੰਟਰੋਲ ਹੋਵੇ ਤਾਂ ਕੇਂਦਰ ਸਰਕਾਰ ਮਨਮਰਜ਼ੀ ਨਾ ਕਰ ਸਕੇ ਤੇ ਕਿਸਾਨਾਂ ਨੂੰ ਗੇਟ ਖੋਲ੍ਹਣ ਤੋਂ ਪਹਿਲਾਂ ਸੂਚਿਤ ਕਰੇ ਤਾਂ ਕਿ ਜਾਨ-ਮਾਲ ਦੀ ਰਾਖੀ ਹੋ ਸਕੇ।

ਉਨ੍ਹਾ ਪੰਜਾਬ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਪਵਿੱਤਰ ਧਰਤੀ ਸ਼ਹੀਦ ਊਧਮ ਸਿੰਘ ਦੇ ਜਨਮ ਸਥਾਨ ਸੁਨਾਮ ਵਿਖੇ ਸ਼ਰਧਾਂਜਲੀ ਸਮਾਗਮ 'ਤੇ ਵੀ ਭਗਵੰਤ ਸਿੰਘ ਮਾਨ ਨੇ ਰੱਜ ਕੇ ਝੂਠ ਬੋਲਿਆ ਕਿ ਹਰ ਕਿਸਾਨ ਨੂੰ ਮੁਰਗੀ ਤੇ ਬੱਕਰੀ ਰਾਹੀਂ ਤੱਕ ਦੇ ਪੈਸੇ ਵੀ ਮਿਲਣਗੇ, ਪਰ ਮੌਕੇ 'ਤੇ ਕਿਸਾਨਾਂ ਨੂੰ ਖ਼ੁਸ਼ ਕਰਕੇ ਤਾੜੀਆਂ ਵਜਾ ਕੇ ਵਾਹ-ਵਾਹ ਖੱਟ ਲਈ, ਪਰ ਉਹੀ ਕਿਸਾਨ ਹੁਣ ਸੜਕਾਂ 'ਤੇ ਰੁਲ ਰਹੇ ਹਨ। ਉਨ੍ਹਾ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅ) ਹਰ ਸਮੇਂ ਕਿਸਾਨ ਨਾਲ ਖੜਨ ਦਾ ਵਾਅਦਾ ਕਰਦੀ ਹੈ ਤੇ ਮੈਂਬਰ ਪਾਰਲੀਮੈਂਟ ਹੋਣ ਨਾਤੇ ਸਮੇਂ-ਸਮੇਂ 'ਤੇ ਕਿਸਾਨਾਂ ਦੀ ਆਵਾਜ਼ ਵੀ ਪਾਰਲੀਮੈਂਟ ਵਿੱਚ ਉਨ੍ਹਾਂ ਵੱਲੋਂ ਚੁੱਕੀ ਜਾਂਦੀ ਰਹੀ ਹੈ।

ਇਸ ਮੌਕੇ ਉਨ੍ਹਾ ਨਾਲ ਰਣਦੀਪ ਸਿੰਘ ਪੀ.ਏ., ਅਮਰਜੀਤ ਸਿੰਘ ਗਿੱਲ, ਸਤਨਾਮ ਸਿੰਘ, ਸਰਪੰਚ ਸਰਜਾ ਸਿੰਘ, ਜਥੇਦਾਰ ਗੁਰਨੈਬ ਸਿੰਘ, ਸ਼ਾਹਬਾਜ ਸਿੰਘ ਡਸਕਾ, ਦਰਸ਼ਨ ਸਿੰਘ ਖਾਲਸਾ ਤੇ ਵੱਡੀ ਗਿਣਤੀ 'ਚ ਨੌਜਵਾਨ ਹਾਜ਼ਰ ਸਨ।

# ਭੱਠਾ ਮਾਲਕਾਂ ਨੇ ਸਰਕਾਰ ਨੂੰ ਪਰਾਲੀ ਵਰਤਣ ਦਾ ਫੈਸਲਾ ਵਾਪਸ ਲੈਣ ਦੀ ਕੀਤੀ ਮੰਗ

## ਫੈਸਲਾ ਵਾਪਸ ਨਾ ਲੈਣ 'ਤੇ ਅਣਮਿੱਥੇ ਸਮੇਂ ਲਈ ਭੱਠੇ ਬੰਦ ਕਰਨ ਦੀ ਦਿੱਤੀ ਚੇਤਾਵਨੀ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸੰਗਰੂਰ ਭੱਠਾ ਮਾਲਕ ਐਸੋਸੀਏਸ਼ਨ ਬਲਾਕ ਧੂਰੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਸੇਖੋਂ, ਚੇਅਰਮੈਨ ਪ੍ਰੇਮ ਗੁਪਤਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਭੱਠਾ ਮਾਲਕਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਸਰਕਾਰ ਵੱਲੋਂ ਭੱਠਾ ਮਾਲਕਾਂ 'ਤੇ ਥੋਪੇ ਗਏ ਪਰਾਲੀ ਵਰਤਣ ਦੇ ਹੁਕਮ ਨੂੰ ਵਾਪਸ ਲੈਣ ਦੀ ਮੰਗ ਕਰਦਿਆਂ ਕਿਹਾ ਕਿ ਪਰਾਲੀ ਦੀ ਗੁੱਲੀ ਵਰਤਣ ਬਾਰੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਪਿਛਲੇ ਦਿਨੀਂ ਇੱਕ ਨਾਦਰਸ਼ਾਹੀ ਫਰਮਾਨ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਭੱਠਿਆਂ ਨੂੰ 20 ਫੀਸਦੀ ਕੋਲੇ ਦੀ ਥਾਂ ਪਰਾਲੀ ਤੋਂ ਬਣੀ ਹੋਈ ਗੁੱਲੀ ਵਰਤਣ ਦੀ ਹਦਾਇਤ ਕੀਤੀ ਗਈ ਹੈ। ਬੁਲਾਰਿਆਂ ਨੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਦੱਸਿਆਂ ਕਿ ਭੱਠੇ ਉੱਪਰ ਸਿਰਫ ਉੱਚ ਤਾਪਮਾਨ ਸ਼ਕਤੀ ਦਾ ਕੋਲਾ ਹੀ ਵਰਤਿਆ ਜਾ ਸਕਦਾ ਹੈ, ਭੱਠੇ 'ਤੇ ਵਰਤੇ ਜਾਂਦੇ ਕੋਲੇ ਤੇ ਪਰਾਲੀ ਦੀ ਬਣੀ ਗੁੱਲੀ ਦੇ ਤਾਪਮਾਨ ਵਿੱਚ ਬਹੁਤ ਅੰਤਰ ਹੈ, ਜਿਸ ਨਾਲ ਇੱਟਾਂ ਪਕਾਈਆਂ ਨਹੀਂ ਜਾ ਸਕਦੀਆਂ।

ਉਨ੍ਹਾਂ ਪਰਾਲੀ ਤੋਂ ਬਣੀ ਗੁੱਲੀ ਤੇ ਕੋਲੇ ਦੇ ਰੇਟ ਨੂੰ ਇੱਕ ਬਰਾਬਰ ਦੱਸਦਿਆਂ ਕਿਹਾ ਕਿ ਪਹਿਲਾਂ ਹੀ ਭੱਠਾ ਮਾਲਕ ਆਰਥਿਕ ਮੰਦਹਾਲੀ ਦਾ ਸਾਹਮਣਾ ਕਰ ਰਹੇ ਹਨ ਤੇ ਅਜਿਹੀ ਸਥਿਤੀ ਵਿੱਚ ਅਜਿਹੇ ਨਾਦਰਸ਼ਾਹੀ ਹੁਕਮਾਂ ਰਾਹੀਂ ਭੱਠਾ ਮਾਲਕਾਂ 'ਤੇ ਵਾਧੂ ਬੋਝ ਪਾਇਆ ਜਾ ਰਿਹਾ ਹੈ। ਉਨ੍ਹਾਂ ਸਰਕਾਰ ਤੋਂ ਤੁਰੰਤ ਇਹ ਫੈਸਲਾ ਵਾਪਸ ਲੈਣ ਦੀ ਅਪੀਲ ਕਰਦਿਆਂ ਚੇਤਾਵਨੀ ਭਰੇ ਲਹਿਜੇ ਵਿੱਚ ਅਗਲੀ ਸੰਘਰਸ਼ ਦੀ ਰੂਪ-ਰੇਖਾ ਉਲੀਕਦਿਆਂ ਭੱਠਿਆਂ ਨੂੰ ਅਣਮਿੱਥੇ ਸਮੇਂ ਲਈ ਬੰਦ ਕਰਨ ਦੀ ਗੱਲ ਵੀ ਆਖੀ।

ਇਸ ਮੌਕੇ ਰਾਕੇਸ਼ ਕੁਮਾਰ ਨੀਟਾ, ਸੁਭਾਸ਼ ਗੁਪਤਾ, ਸ਼ਿਵ ਕੁਮਾਰ, ਜਨਕ ਰਾਜ, ਹਰਕੇਸ਼ ਮਿੱਤਲ, ਮੁਨੀਸ਼ ਕੁਮਾਰ, ਰੋਹਿਤ ਤਾਇਲ, ਕੁਲਦੀਪ ਕੁਮਾਰ, ਜਨਕ ਰਾਜ ਚਾਂਗਲੀ, ਨਰੇਸ਼ ਕੁਮਾਰ, ਮੁਨੀਸ਼ ਬਾਂਸਲ, ਵਿਸ਼ਾਲ ਮਿੱਤਲ ਆਦਿ ਹਾਜ਼ਰ ਸਨ।

# ਕਾਰ ਤੇ ਟਿੱਪਰ 'ਚ ਟੱਕਰ, ਇੱਕ ਮੌਤ, ਇੱਕ ਗੰਭੀਰ ਜ਼ਖਮੀ

**ਨਾਭਾ (ਵਰਿੰਦਰ ਵਰਮਾ)**-ਨਾਭਾ-ਪਟਿਆਲਾ ਰੋਡ ਉੱਪਰ ਰੱਖੜਾ ਤੇ ਘਮਰੋਦਾ ਵਿਚਕਾਰ ਕਾਰ ਤੇ ਟਿੱਪਰ 'ਚ ਜਬਰਦਸਤ ਟੱਕਰ ਹੋਣ ਨਾਲ ਇੱਕ ਦੀ ਮੌਤ ਤੇ ਤਿੰਨ ਗੰਭੀਰ ਜ਼ਖਮੀ ਹੋ ਗਏ। ਇਸ ਮੌਕੇ ਪ੍ਰਤੱਖ ਦਰਸ਼ੀਆਂ ਮੁਤਾਬਕ ਸਵਿਫਟ ਕਾਰ ਜੋ ਨੰਬਰ ਸੀ ਐੱਚ 04 3602 ਨਾਭੇ ਵੱਲੋਂ ਆ ਰਹੀ ਸੀ, ਦਾ ਪਟਿਆਲਾ ਵੱਲੋਂ ਆ ਰਹੇ ਬੱਜਰੀ ਦੇ ਭਰੇ ਟਿੱਪਰ ਨਾਲ ਭਿਆਨਕ ਟੱਕਰ ਹੋ ਗਈ। ਇਸ ਸਬੰਧੀ ਪਿੰਡ ਧਬਲਾਨ ਵਾਸੀ ਪ੍ਰਧਾਨ ਮੁਸਲਿਮ ਸਭਾ ਪੰਜਾਬ ਬਹਾਦਰ ਖਾਨ ਨੇ ਦੱਸਿਆ ਕਿ ਪਿੰਡ ਧਬਲਾਨ ਵਾਸੀ ਸਨਮਾ, ਸਹਿਨਾਜ ਤੇ ਇਮਰਾਨ ਖਾਨ ਆਪਣੀ ਬੱਚੀ ਸੈਲਜਾ ਦਾ ਰੋਹਟੀ ਪੁਲ ਨਜ਼ਦੀਕ ਇੱਕ ਪ੍ਰਾਈਵੇਟ ਸਕੂਲ 'ਚ ਦਾਖਲਾ ਕਰਵਾ ਕੇ ਪਿੰਡ ਵਾਪਸ ਆ ਰਹੇ ਸਨ, ਜਿਨ੍ਹਾਂ ਦਾ ਪਿੰਡ ਘਮਰੋਦਾ ਨੇੜੇ ਟਿੱਪਰ ਨੂੰ ਪੀ ਬੀ 13 ਏ ਐੱਫ 9683, ਜੋ ਪਟਿਆਲਾ ਵੱਲੋਂ ਆ ਰਿਹਾ ਸੀ, ਨਾਲ ਟਕਰਾਉਣ ਨਾਲ ਬੁਰੀ ਤਰ੍ਹਾਂ ਤਬਾਹ ਹੋ ਗਈ ਤੇ ਕਾਰ ਚਾਲਕ ਲੜਕੀ ਸਹਿਨਾਜ ਸਮੇਤ ਸਵਾਰ ਸਨਮਾ ਤੇ ਇਮਰਾਨ ਗੰਭੀਰ ਜ਼ਖ਼ਮੀ ਹੋ ਗਏ, ਜੋ ਪਟਿਆਲਾ ਦੇ ਨਿੱਜੀ ਹਸਪਤਾਲ ਵਿਖੇ ਜ਼ੇਰੇ ਇਲਾਜ ਹਨ ਤੇ 4 ਸਾਲਾ ਬੱਚੀ ਸੈਲਜਾ ਦੀ ਮੌਤ ਹੋ ਗਈ, ਪੁਲਸ ਵੱਲੋਂ ਇਸ ਦੀ ਜਾਂਚ ਕੀਤੀ ਜਾ ਰਹੀ ਹੈ।

# ਮੋਹਰ ਸਿੰਘ ਵਾਲਾ 'ਚ ਤੀਆਂ ਦਾ ਤਿਉਹਾਰ ਮਨਾਇਆ



**ਮਾਨਸਾ (ਆਤਮਾ ਸਿੰਘ ਪਮਾਰ)**-ਨੇੜਲੇ ਪਿੰਡ ਮੋਹਰ ਸਿੰਘ ਵਾਲਾ ਵਿਖੇ ਗ੍ਰਾਮ ਪੰਚਾਇਤ ਵੱਲੋਂ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਦੇ ਪਾਰਕ ਵਿੱਚ ਧੀਆਂ, ਨੂੰਹਾਂ ਦਾ ਤਿਉਹਾਰ ਤੀਆਂ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪਿੰਡ ਦੀ ਸਰਪੰਚ ਗੁਰਮੇਲ ਕੌਰ ਨੇ ਤੀਆਂ ਦੀ ਸ਼ੁਰੂਆਤ ਕਰਵਾਉਂਦੇ ਹੋਏ ਕਿਹਾ ਕਿ ਅਜੋਕੀ ਨੌਜਵਾਨ ਪੀੜ੍ਹੀ ਨੂੰ ਵਿਰਸੇ ਨਾਲ ਜੋੜੀ ਰੱਖਣ ਲਈ ਰਵਾਇਤੀ ਤਿਉਹਾਰਾਂ ਤੇ ਮਰਿਆਦਾਵਾਂ ਤੋਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾ ਕਿਹਾ ਕਿ ਪੰਚਾਇਤ ਵੱਲੋਂ ਹੰਭਲਾ ਮਾਰਿਆ ਗਿਆ ਹੈ ਕਿ ਜਿੱਥੇ ਇਸ ਤਿਉਹਾਰ ਨਾਲ ਭਾਈਚਾਰਕ ਸਾਂਝ ਵਧੇਗੀ, ਉੱਥੇ ਤਿਉਹਾਰਾਂ 'ਤੇ ਮੁੜ ਜੁੜਨ ਦੀ ਪ੍ਰੇਰਨਾ ਵੀ ਮਿਲੇਗੀ। ਉਨ੍ਹਾ ਪਿੰਡ ਦੀਆਂ ਵਿਆਹੁਤਾ ਕੁੜੀਆਂ ਨੂੰ ਕਿਹਾ ਕਿ ਉਹ ਸਾਉਣ ਮਹੀਨੇ ਪੇਕੇ ਗੇੜਾ ਜ਼ਰੂਰ ਲਾਉਣ। ਇਸ ਮੌਕੇ ਪੰਚ ਸੁਖਵਿੰਦਰ ਸਿੰਘ, ਪੰਚ ਹਾਕਮ ਸਿੰਘ, ਪੰਚ ਕੁਲਦੀਪ ਕੌਰ, ਪੰਚ ਹਰਬੰਸ ਸਿੰਘ, ਸਮਾਜ ਸੇਵੀ ਗੁਰਇਕਬਾਲ ਸਿੰਘ ਬਾਲੀ, ਕਲੱਬ ਪ੍ਰਧਾਨ ਬਹਾਦਰ ਖਾਂ, ਭੋਲਾ ਸਿੰਘ, ਧਰਮਿੰਦਰ ਸਿੰਘ, ਜਗਦੀਪ ਸਿੰਘ ਸੋਹੀ ਤੇ ਪਿੰਡ ਵਾਸੀ ਮੌਜੂਦ ਸਨ।

# ਦੂਨ ਜੂਨੀਅਰ ਸਕੂਲ 'ਚ ਦੰਦਾਂ ਦਾ ਚੈੱਕਅੱਪ ਕੈਂਪ ਲਾਇਆ



ਦੂਨ ਜੂਨੀਅਰ ਸਕੂਲ ਵਿਖੇ ਵਿਦਿਆਰਥੀਆਂ ਦੇ ਦੰਦਾਂ ਦਾ ਚੈੱਕਅਪ ਕਰਦੀ ਹੋਈ ਟੀਮ।

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਫ਼ਿਰੋਜ਼ਪੁਰ ਮੋਗਾ ਰੋਡ 'ਤੇ ਸਥਿਤ ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਵੱਲੋਂ ਫ਼ਿਰੋਜ਼ਪੁਰ ਸ਼ਹਿਰ ਦੇ ਦੂਨ ਜੂਨੀਅਰ ਸਕੂਲ ਵਿਖੇ ਦੰਦਾਂ ਦੀ ਸਫ਼ਾਈ ਦੀ ਮਹੱਤਤਾ ਸਬੰਧੀ ਦੰਦਾਂ ਦਾ ਚੈੱਕਅਪ ਕੈਂਪ ਲਾਇਆ ਗਿਆ। ਕੈਂਪ ਵਿੱਚ ਸਕੂਲੀ ਬੱਚਿਆਂ ਦੇ ਦੰਦਾਂ ਦਾ ਚੈਕਅੱਪ ਕੀਤਾ ਗਿਆ ਅਤੇ ਸਾਫ਼-ਸਫ਼ਾਈ ਰੱਖਣ ਲਈ ਕਿਹਾ ਗਿਆ। ਸਕੂਲ ਦੇ ਪ੍ਰਿੰਸੀਪਲ ਅਮਨਜੋਤ ਗੁਪਤਾ ਨੇ ਦੱਸਿਆ ਕਿ ਡਾ. ਸੁਕੀਰਤ ਕੌਰ, ਡਾ. ਮਨੀਸ਼ਾ, ਡਾ. ਰਵਲੀਨ ਕੌਰ, ਡਾ. ਬ੍ਰੀਜ਼ੀ ਟੀਮ ਨਾਲ ਦੰਦਾਂ ਦੇ ਚੈਕਅੱਪ ਕੈਂਪ ਵਿਚ ਪਹੁੰਚੇ। ਸਕੂਲ ਦੀਆਂ ਸਾਰੀਆਂ ਜਮਾਤਾਂ ਦੇ ਬੱਚਿਆਂ ਦੇ ਦੰਦਾਂ ਦਾ ਚੈੱਕਅਪ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਅਮਨਜੋਤ ਗੁਪਤਾ ਨੇ ਦੱਸਿਆ ਕਿ ਇਹ ਕੈਂਪ ਸਕੂਲ ਦੇ ਹੈਲਥ ਕਲੱਬ ਦੇ ਯਤਨਾਂ ਨਾਲ ਲਾਇਆ ਗਿਆ ਹੈ, ਜਿਸ ਦਾ ਸਕੂਲ ਦੇ ਸਮੂਹ ਵਿਦਿਆਰਥੀਆਂ ਨੇ ਲਾਭ ਉਠਾਇਆ ਇਸ ਮੌਕੇ ਡਾ. ਸੁਕੀਰਤ ਕੌਰ, ਡਾ. ਮਨੀਸ਼ਾ, ਡਾ. ਰਵਲੀਨ ਕੌਰ, ਡਾ. ਬ੍ਰੀਜ਼ੀ ਨੇ ਬੱਚਿਆਂ ਨੂੰ ਦੰਦਾਂ ਨੂੰ ਖ਼ਰਾਬ ਕਰਨ ਵਾਲੀਆਂ ਮਿੱਠੀਆਂ ਚੀਜ਼ਾਂ ਤੋਂ ਪਰਹੇਜ਼ ਕਰਨ ਅਤੇ ਚਾਕਲੇਟ ਅਤੇ ਟੌਫ਼ੀਆਂ ਦਾ ਘੱਟ ਸੇਵਨ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਰੋਜ਼ਾਨਾ ਜੀਵਨ ਵਿੱਚ ਅਸੀਂ ਦਿਨ ਵਿੱਚ ਇੱਕ ਵਾਰ ਸਵੇਰੇ ਉੱਠ ਕੇ ਹੀ ਬੁਰਸ਼ ਕਰਦੇ ਹਾਂ, ਜਦਕਿ ਸਾਨੂੰ ਖਾਣਾ ਖਾਣ ਤੋਂ ਬਾਅਦ ਵੀ ਬੁਰਸ਼ ਕਰਨਾ ਚਾਹੀਦਾ ਹੈ, ਕਿਉਂਕਿ ਕੁਝ ਭੋਜਨ ਪਦਾਰਥ ਸਾਡੇ ਦੰਦਾਂ ਦੇ ਵਿਚਕਾਰ ਰਹਿ ਜਾਂਦੇ ਹਨ, ਜਿਨ੍ਹਾਂ ਦਾ ਬਾਹਰ ਨਿਕਲਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਕਾਲਜ ਦੇ ਡਾਕਟਰਾਂ ਨਾਲ ਪੀਆਰਓ ਰਣਜੀਤ ਸਿੰਘ ਤੇ ਮਨਜੀਤ ਸਿੰਘ ਦਾ ਵੀ ਸਹਿਯੋਗ ਰਿਹਾ।

# ਐੱਨ ਸੀ ਸੀ ਵਲੰਟੀਅਰਾਂ ਨੂੰ ਦਿੱਤੀ ਜਾਣਕਾਰੀ




**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)**-ਐੱਨ.ਸੀ.ਸੀ. ਦੇ ਸੀ. ਓ. ਸਾਹਿਬ ਦੇ ਨਿਰਦੇਸ਼ਾਂ ਅਨੁਸਾਰ ਸ਼ਹੀਦ ਸਿਪਾਹੀ ਦਰਸ਼ਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲੋਂ ਸ਼ੇਰੋਂ ਦੇ ਪ੍ਰਿੰਸੀਪਲ ਡਾ. ਓਮ ਪ੍ਰਕਾਸ਼ ਸੇਤੀਆ ਤੇ ਯਾਦਵਿੰਦਰ ਸਿੰਘ ਦੀ ਅਗਵਾਈ ਹੇਠ ਐੱਨ.ਸੀ.ਸੀ. ਦੇ ਵਲੰਟੀਅਰਜ਼ ਨੇ ਇੰਟਰਨੈਸ਼ਨਲ ਈਯਰ ਆਫ ਮਿਲਟ ਦੇ ਪ੍ਰੋਗਰਾਮ ਨੂੰ ਵਧੀਆ ਢੰਗ ਨਾਲ ਨੇਪਰੇ ਚੜ੍ਹਾਇਆ। ਸ. ਯਾਦਵਿੰਦਰ ਸਿੰਘ (ਕੰਪਿਊਟਰ ਫੈਕਲਟੀ), ਮੈਡਮ ਕ੍ਰਿਸ਼ਨਾ ਦੇਵੀ ਹਿੰਦੀ ਮਿਸਟਰੈੱਸ, ਮੈਡਮ ਅਮਨਜੋਤ ਕੌਰ ਸਾਇੰਸ ਮਿਸਟਰੈੱਸ ਨੇ ਵਿਦਿਆਰਥੀਆਂ ਨੂੰ ਮੋਟੇ ਅਨਾਜ ਬਾਰੇ ਜਾਣਕਾਰੀ ਦਿੱਤੀ। ਇਸ ਸਮੇਂ ਯਾਦਵਿੰਦਰ ਸਿੰਘ ਨੇ ਵੱਖ-ਵੱਖ ਅਨਾਜ ਜਿਵੇਂ ਕਿ ਜਵਾਰ, ਬਾਜਰਾ, ਮੱਕੀ, ਕੋਦਰਾ, ਰਾਗੀ ਬਾਰੇ ਜਾਣਕਾਰੀ ਦਿੱਤੀ। ਐੱਨ. ਸੀ ਸੀ ਵਲੰਟੀਅਰਜ਼ ਨੇ ਡਿਬੇਟ ਵਿੱਚ ਵੀ ਭਾਗ ਲਿਆ ਤੇ ਵੱਖ-ਵੱਖ ਪੁਜ਼ੀਸ਼ਨਾਂ ਹਾਸਲ ਕੀਤੀਆਂ।

# ਨਾਇਬ ਤਹਿਸੀਲਦਾਰ ਗੁਰਤੇਜ ਸਿੰਘ ਗਿੱਲ ਸਨਮਾਨਤ



**ਕੋਟ ਈਸੇ ਖਾਂ (ਅਰੋੜਾ)**-ਸਥਾਨਕ ਸਬ-ਤਹਿਸੀਲ ਵਿਖੇ ਜੇਕਰ ਕੋਈ ਦੁੱਧ ਰੰਗੇ ਖੁੱਲ੍ਹੇ ਚਿੱਟੇ ਦਾਹੜੇ ਵਿੱਚ ਭਖਦੇ ਜਲੌ ਵਾਲਾ ਲੰਮੇ ਕੱਦ ਦਾ ਵਿਅਕਤੀ ਹੱਸ-ਹੱਸ ਕੇ ਹਰੇਕ ਨਾਲ ਗੱਲ ਕਰਦਾ ਦਿਖਾਈ ਦਿੰਦਾ ਹੈ ਤਾਂ ਸਮਝ ਲਵੋ ਕਿ ਉਹ ਸ਼ਖ਼ਸ ਜ਼ਰੂਰ ਹੀ ਨਾਇਬ ਤਹਿਸੀਲਦਾਰ ਗੁਰਤੇਜ ਸਿੰਘ ਗਿੱਲ ਹੀ ਹੋਣਗੇ, ਜਿਨ੍ਹਾਂ ਦੀਆਂ ਅਜਿਹੀਆਂ ਖੂਬੀਆਂ ਕਾਰਨ ਤੇ ਇਲਾਕੇ ਦੀ ਸਤਿਕਾਰਤ ਹਸਤੀ ਹੋਣ ਦੇ ਫਲਸਰੂਪ ਇਲਾਕੇ ਦੇ ਇਸਾਈ ਭਾਈਚਾਰੇ ਪਾਸਟਰ ਕਸ਼ਮੀਰ ਅਲੀਸਾ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਪਵਿੱਤਰ ਬਾਈਬਲ ਬਾਣੀ ਨਾਲ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਇਸ ਸਮੇਂ ਨਾਇਬ ਤਹਿਸੀਲਦਾਰ ਗਿੱਲ ਨੇ ਪਤਰਕਾਰਾਂ ਨੂੰ ਕਿਹਾ ਕਿ ਕਿਸੇ ਵੀ ਇਨਸਾਨ ਦੀ ਪਰਖ ਉਸ ਦੇ ਬੋਲਣ ਦੇ ਤੌਰ ਤਰੀਕਿਆਂ, ਉਸ ਦੇ ਸਲੀਕੇ ਤੇ ਉਸ ਦੇ ਵਤੀਰੇ ਤੋਂ ਅਕਸਰ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਮਨੁੱਖ ਦੀ 100 ਗ੍ਰਾਮ ਦੀ ਜੀਭ ਹੀ ਲੋਕਾਂ ਵਿੱਚ ਸਾਡੇ ਅਕਸ ਨੂੰ ਵਿਗਾੜਦੀ ਤੇ ਸਵਾਰਦੀ ਹੈ ਤੇ ਇਸੇ ਜੀਭ ਦਾ ਹੀ ਅਸਰ ਸੀ, ਜਦੋਂ ਭਾਰਤ ਦੇ ਰਾਜਾ ਪੋਰਸ ਵੱਲੋਂ ਕਹੇ ਸ਼ਬਦਾਂ 'ਤੇ ਸਿਕੰਦਰ ਮਹਾਨ ਨੇ ਜਿੱਤਿਆ ਹੋਇਆ ਇਲਾਕਾ ਵੀ ਵਾਪਸ ਕਰ ਦਿੱਤਾ ਸੀ।

# ਬੇਟੀ ਦੇ ਜਨਮ ਦਿਨ ਮੌਕੇ ਸਕੂਲ ਨੂੰ ਇਨਵਰਟਰ ਭੇਟ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਮੌਲਵੀਵਾਲਾ ਦੇ ਸਰਪੰਚ ਦਵਿੰਦਰਦੀਪ ਸਿੰਘ ਬੂਟਾ ਨੇ ਵਿਦੇਸ਼ ਵਿੱਚ ਜੰਮਪਲ ਆਪਣੀ ਚਾਰ ਸਾਲਾਂ ਦੀ ਧੀ ਇਬਾਦਤ ਕੌਰ ਸੰਧੂ ਦਾ ਜਨਮ ਦਿਨ ਆਪਣੇ ਹੀ ਪਿੰਡ ਦੇ ਸਰਕਾਰੀ ਐਲੀਮੈਂਟਰੀ ਸਕੂਲ ਦੇ ਬੱਚਿਆਂ ਨਾਲ ਮਨਾਇਆ। ਇਸ ਦੌਰਾਨ ਬੱਚੀ ਦੇ ਜਨਮ ਦਿਨ ਦਾ ਕੇਕ ਸਕੂਲ ਦੀ ਵਿਦਿਆਰਥਣ ਨੇ ਕੱਟਿਆ। ਸਰਪੰਚ ਦਵਿੰਦਰ ਦੀਪ ਸਿੰਘ ਤੇ ਪਰਿਵਾਰ ਵੱਲੋਂ ਖੁਸ਼ੀ ਦੇ ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ ਸਕੂਲ ਨੂੰ ਇੰਨਵਰਟਰ ਭੇਟ ਕੀਤਾ ਗਿਆ। ਬੱਚਿਆਂ ਨੂੰ ਸੰਬੋਧਨ ਕਰਦਿਆਂ ਬੀ ਐੱਮ ਟੀ ਗੁਰਪਾਲ ਸਿੰਘ ਨੇ ਕਿਹਾ ਕਿ ਸੰਧੂ ਪਰਿਵਾਰ ਵੱਲੋਂ ਸਕੂਲ ਦੇ ਬੱਚਿਆਂ ਨਾਲ ਜਨਮ ਦਿਨ ਮਨਾਉਣਾ ਜਿੱਥੇ ਇੱਕ ਨਵੀਂ ਪਿਰਤ ਹੈ, ਉਥੇ ਇਸ ਮੌਕੇ ਦਾਨ ਦੇ ਰੂਪ ਵਿੱਚ ਦਿੱਤਾ ਗਿਆ ਇੰਨਵਰਟਰ ਸਕੂਲ ਵਿੱਚ ਬਹੁਤ ਸਹਾਈ ਹੋਵੇਗਾ। ਆਮ ਆਦਮੀ ਪਾਰਟੀ ਦੇ ਆਗੂ ਹਿਟਲਰ ਸਿੰਘ ਵਿਰਕ ਨੇ ਅਪੀਲ ਕੀਤੀ ਕਿ ਸੰਧੂ ਪਰਿਵਾਰ ਵੱਲੋਂ ਕੀਤੇ ਗਏ ਇਸ ਵਿਲੱਖਣ ਉਪਰਾਲੇ ਤੋਂ ਹੋਰਨਾਂ ਨੂੰ ਸੇਧ ਲੈਣੀ ਚਾਹੀਦੀ ਹੈ। ਇਸ ਦੌਰਾਨ ਸਰਕਾਰੀ ਮਿਡਲ ਸਕੂਲ ਮੌਲਵੀਵਾਲਾ ਦੇ ਇੰਚਾਰਜ ਸੰਦੀਪ ਸਿੰਘ ਨੇ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸਕੂਲ ਨੂੰ ਪੇਸ਼ ਸਮੱਸਿਆਵਾਂ ਸਬੰਧੀ ਜਾਣਕਾਰੀ ਦਿੰਦਿਆਂ ਸਹਿਯੋਗ ਦੀ ਮੰਗ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਕਰਨੈਲ ਸਿੰਘ ਭੁਚੋਕਾ, ਹਰਿੰਦਰਪਾਲ ਸਿੰਘ, ਬਲਵੰਤ ਸਿੰਘ ਸੰਧੂ, ਪੰਚ ਚਰਨਾ ਸਿੰਘ, ਪੰਚ ਟਹਿਲ ਸਿੰਘ, ਮੁੱਖ ਅਧਿਆਪਕਾ ਨੀਤੂ, ਮਨਪ੍ਰੀਤ ਸਿੰਘ, ਗੁਲਾਬ ਸਿੰਘ ਤੇ ਸੁਪ੍ਰੀਤ ਕੌਰ ਤੋਂ ਇਲਾਵਾ ਨੌਜਵਾਨ ਸਭਾ ਦੇ ਆਗੂ ਹਾਜ਼ਰ ਸਨ।

# ਵਿਧਾਇਕ ਵੱਲੋਂ ਹੋਣਹਾਰ ਬੱਚਿਆਂ ਦਾ ਸਨਮਾਨ



**ਬਰੇਟਾ (ਰੀਤਵਾਲ)**

ਇੱਥੋਂ ਨੇੜਲੇ ਪਿੰਡ ਖੁਡਾਲ ਕਲਾਂ ਦੇ ਸਰਕਾਰੀ ਹਾਈ ਸਕੂਲ ਵਿੱਚ ਸਕੂਲ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਵਿੱਚ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧਰਾਮ ਦੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਉਨ੍ਹਾ ਵਿਦਿਆਰਥੀਆਂ ਨੂੰ ਸਨਮਾਨਤ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਹੋਰ ਸ਼ਿੱਦਤ ਨਾਲ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਨ। ਆਪ ਸਰਕਾਰ ਸਿੱਖਿਆ ਪ੍ਰਬੰਧ ਨੂੰ ਉਚਾਈਆਂ 'ਤੇ ਲਿਜਾਣ ਲਈ ਯਤਨਸ਼ੀਲ ਹੈ। ਉਨ੍ਹਾਂ ਸਕੂਲ ਦੀਆਂ ਮੰਗਾਂ ਸੰਬੰਧੀ ਕਿਹਾ ਕਿ ਵਿਕਾਸ ਲਈ ਪੈਸੇ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਮੌਕੇ 'ਤੇ ਹੀ ਕਈ ਸਮੱਸਿਆਵਾਂ ਦਾ ਹੱਲ ਵੀ ਕੀਤਾ। ਇਸ ਮੌਕੇ ਮੁੱਖ ਅਧਿਆਪਕ ਨੀਰਜ ਤੇ ਸਕੂਲ ਸਟਾਫ਼ ਅਸ਼ਵਨੀ ਕੁਮਾਰ, ਹੁਸ਼ਨਬੀਰ, ਜਰਨੈਲ ਸਿੰਘ, ਪਰਸ਼ੋਤਮ ਸਿੰਘ, ਯੋਗੇਸ਼ ਗੁਪਤਾ, ਅੰਕਿਤ ਜਿੰਦਲ, ਸੁਮਨ ਰਾਈ, ਹਰਵਿੰਦਰ ਕੌਰ, ਰਾਜਿੰਦਰ ਕੌਰ, ਮਨਪ੍ਰੀਤ ਕੌਰ, ਦੀਪੂ ਸਿੰਗਲਾ, ਰਿੰਪੀ ਬਾਲਾ, ਸ਼ਿਵਾਨੀ ਜਿੰਦਲ, ਅੰਜਲੀ ਹਾਜ਼ਰ ਸਨ। ਇਸ ਮੌਕੇ ਵੱਡੀ ਗਿਣਤੀ ਵਿੱਚ ਮਾਪਿਆਂ ਨੇ ਵੀ ਇਸ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ।

# ਅੰਡਰ 17 ਦੀ ਜ਼ਿਲ੍ਹਾ ਪੱਧਰੀ ਕ੍ਰਿਕਟ ਟੀਮ ਦੀ ਚੋਣ ਸਮੇਂ ਸਿਲੈਕਸ਼ਨ ਕਮੇਟੀ 'ਤੇ ਪੱਖਪਾਤ ਦੇ ਦੋਸ਼

- ਬੱਚੇ ਦੇ ਪਿਤਾ ਵੱਲੋਂ ਮੁੱਖ ਮੰਤਰੀ, ਸਿੱਖਿਆ ਮੰਤਰੀ, ਖੇਡ ਮੰਤਰੀ ਤੇ ਡਿਪਟੀ ਕਮਿਸ਼ਨਰ ਨੂੰ ਪੱਤਰ ਲਿਖ ਕੇ ਕੀਤੀ ਇਨਸਾਫ ਦੀ ਮੰਗ
- ਸਿਲੈਕਸ਼ਨ ਕਮੇਟੀ ਦੇ ਮੈਂਬਰਾਂ ਨੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ

**ਜਲਾਲਾਬਾਦ (ਜੀਤ ਕੁਮਾਰ)**-ਅੰਡਰ 17 ਸਾਲ ਦੇ ਬੱਚਿਆਂ ਦੀ ਕ੍ਰਿਕਟ ਖੇਡ ਵਿੱਚ ਜ਼ਿਲ੍ਹਾ ਪੱਧਰੀ ਟੀਮ ਦੀ ਚੋਣ ਲਈ ਸਿਲੈਕਸ਼ਨ ਕਮੇਟੀ ਦੇ ਸਕੱਤਰ ਤੇ ਇੱਕ ਹੋਰ ਮੈਂਬਰ 'ਤੇ ਪੱਖਪਾਤ ਕਰਨ ਦੇ ਦੋਸ਼ ਲਗਾਉਂਦੇ ਹੋਏ ਇੱਕ ਬੱਚੇ ਦੇ ਪਿਤਾ ਵੱਲੋਂ ਪੰਜਾਬ ਦੇ ਮੁੱਖ ਮੰਤਰੀ, ਸਿੱਖਿਆ ਮੰਤਰੀ, ਖੇਡ ਮੰਤਰੀ ਤੇ ਡਿਪਟੀ ਕਮਿਸ਼ਨਰ ਪੰਜਾਬ ਨੂੰ ਲਿਖਤੀ ਰੂਪ ਵਿੱਚ ਪੱਤਰ ਲਿਖ ਕੇ ਇਨਸਾਫ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਓਮ ਪ੍ਰਕਾਸ਼ ਪੁੱਤਰ ਕਾਲਾ ਰਾਮ ਵਾਸੀ ਚੱਕ ਕਾਠਗੜ੍ਹ ਨੇ ਉਪਰੋਕਤ ਭੇਜੇ ਪੱਤਰ ਵਿੱਚ ਦੋਸ਼ ਲਗਾਉਂਦਿਆਂ ਕਿਹਾ ਕਿ ਮੇਰਾ ਲੜਕਾ ਨਵਜੋਤ ਸਿੰਘ, ਜੋਕਿ ਬਾਰਵੀਂ ਜਮਾਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਜਲਾਲਾਬਾਦ ਵਿਖੇ ਪੜ੍ਹਦਾ ਹੈ ਤੇ ਇਸ ਸਮੇਂ ਅੰਡਰ-17 ਸਾਲ ਦੇ ਬੱਚਿਆਂ ਦੀਆਂ ਕ੍ਰਿਕਟ ਖੇਡਾਂ ਚੱਲ ਰਹੀਆਂ ਹਨ, ਜਿਸ ਵਿੱਚ ਮੇਰੇ ਲੜਕੇ ਨਵਜੋਤ ਸਿੰਘ ਦੀ ਖਿਡਾਰੀ ਦੇ ਤੌਰ 'ਤੇ ਸਿਲੈਕਸ਼ਨ ਕੀਤੀ ਗਈ ਸੀ ਅਤੇ ਮੇਰਾ ਲੜਕਾ ਵੀ ਵਧੀਆ ਕ੍ਰਿਕਟ ਖੇਡਦਾ ਹੈ ਤੇ ਮੇਰੇ ਬੱਚੇ ਨੇ ਪਹਿਲਾਂ ਦੋਵੇਂ ਕ੍ਰਿਕੇਟ ਮੈਚਾਂ ਵਿੱਚ ਵਧੀਆ ਪ੍ਰਦਰਸ਼ਨ ਕੀਤਾ ਹੈ, ਜਿਸ ਦਾ ਆਨ ਰਿਕਾਰਡ ਚੈੱਕ ਕੀਤਾ ਜਾ ਸਕਦਾ ਹੈ। ਸ਼ਿਕਾਇਤਕਰਤਾ ਨੇ ਕਿਹਾ ਕਿ ਮੇਰਾ ਲੜਕਾ ਜ਼ਿਲ੍ਹਾ ਖੇਡ ਮੁਕਾਬਲੇ ਵਿੱਚ ਸਿਲੈਕਸ਼ਨ ਦਾ ਹੱਕਦਾਰ ਸੀ, ਪਰ ਅਮਿਤ ਡੀ ਪੀ ਮਾਸਟਰ, ਜੋ ਆਪਣੀ ਨਿੱਜੀ ਅਕੈਡਮੀ ਚਲਾ ਰਿਹਾ ਹੈ ਅਤੇ ਉਹ ਸਿਲੈਕਸ਼ਨ ਕਮੇਟੀ ਦਾ ਮੈਂਬਰ ਵੀ ਹੈ, ਜਿਸ ਕਰਕੇ ਡੀ ਪੀ ਅਮਿਤ ਕੁਮਾਰ ਨੇ ਆਪਣੀ ਅਕੈਡਮੀ ਦੇ ਬੱਚੇ ਨੂੰ ਸਿਲੈਕਸ਼ਨ ਕਮੇਟੀ ਦੇ ਸਕੱਤਰ ਰਵਿੰਦਰ ਸਿੰਘ ਬੇਦੀ ਨੇ ਡੀ ਪੀ ਮਾਸਟਰ ਨਾਲ ਸਾਜ਼ਬਾਜ਼ ਕਰਕੇ ਉਸ ਦੇ ਲੜਕੇ ਨਵਜੋਤ ਸਿੰਘ ਦੀ ਸਿਲੈਕਸ਼ਨ ਨਾ ਕਰਕੇ ਉਸ ਨਾਲ ਬੇਇਨਸਾਫੀ ਕੀਤੀ ਹੈ, ਜਦੋਂਕਿ ਮੇਰੇ ਲੜਕੇ ਨਵਜੋਤ ਸਿੰਘ ਨੇ ਵਧੀਆ ਪ੍ਰਦਰਸ਼ਨ ਕੀਤਾ ਸੀ ਅਤੇ ਉਸ ਦਾ ਜ਼ਿਲ੍ਹਾ ਖੇਡਾਂ ਵਿੱਚ ਚੁਣੇ ਜਾਣਾ ਲਾਜ਼ਮੀ ਬਣਦਾ ਸੀ, ਪ੍ਰੰਤੂ ਮੇਰੇ ਲੜਕੇ ਨੂੰ ਉਸ ਦੀ ਕਾਬਲੀਅਤ ਦੇ ਮੁਤਾਬਕ ਖੇਡਾਂ ਵਿੱਚ ਭਾਗ ਲੈਣ ਤੋਂ ਬਾਹਰ ਕਰ ਦਿੱਤਾ ਗਿਆ।



ਪੰਜਾਬ ਸਰਕਾਰ ਨੂੰ ਭੇਜੇ ਗਏ ਪੱਤਰ ਸਬੰਧੀ ਜਾਣਕਾਰੀ ਦਿੰਦੇ ਹੋਏ ਓਮ ਪ੍ਰਕਾਸ਼।

ਸ਼ਿਕਾਇਤਕਰਤਾ ਓਮ ਪ੍ਰਕਾਸ਼ ਨੇ ਪੰਜਾਬ ਦੇ ਮੁੱਖ ਮੰਤਰੀ, ਸਿੱਖਿਆ ਮੰਤਰੀ, ਖੇਡ ਮੰਤਰੀ ਤੇ ਡਿਪਟੀ ਕਮਿਸ਼ਨਰ ਫਾਜ਼ਿਲਕਾ ਨੂੰ ਲਿਖਤੀ ਰੂਪ ਵਿੱਚ ਪੱਤਰ ਭੇਜ ਕੇ ਇਨਸਾਫ ਦੀ ਮੰਗ ਕੀਤੀ ਹੈ ਤਾਂ ਜੋ ਭਵਿੱਖ ਵਿੱਚ ਵਧੀਆ ਖੇਡ ਦਾ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਨਾਲ ਬੇਇਨਸਾਫੀ ਨਾ ਹੋ ਸਕੇ।

ਉਧਰ, ਜਦੋਂ ਇਸ ਸਬੰਧੀ ਪੱਖ ਜਾਨਣ ਲਈ ਸਿਲੈਕਸ਼ਨ ਕਮੇਟੀ ਦੇ ਸਕੱਤਰ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਜਲਾਲਾਬਾਦ ਦੇ ਡੀ.ਪੀ.ਈ. ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਵੱਲੋਂ ਸਕੂਲ 'ਚ ਆ ਕੇ ਗੱਲ ਕਰਨ ਲਈ ਇਕੋ ਸ਼ਬਦ ਕਹਿ ਕੇ ਆਪਣਾ ਫੋਨ ਕੱਟ ਦਿੱਤਾ ਤੇ ਵਾਰ ਵਾਰ ਫੋਨ ਕਰਨ 'ਤੇ ਉਨ੍ਹਾਂ ਵੱਲੋਂ ਫੋਨ ਨਹੀਂ ਚੁੱਕਿਆ ਗਿਆ। ਜਿਸ ਦੇ ਬਾਅਦ ਡੀ ਪੀ ਮਾਸਟਰ ਅਮਿਤ ਕੁਮਾਰ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਕਿ ਕੁੱਲ੍ਹ 8 ਟੀਮਾਂ ਦੇ 128 ਦੇ ਕਰੀਬ ਅੰਡਰ-17 ਦੇ ਕ੍ਰਿਕਟ ਬੱਚਿਆਂ ਵਿੱਚੋਂ ਸਿਰਫ 16 ਬੱਚਿਆਂ ਦੀ ਚੋਣ ਸਿਲੈਕਸ਼ਨ ਕਮੇਟੀ ਦੇ 4 ਮੈਂਬਰਾਂ ਵੱਲੋਂ ਪਾਰਦਰਸ਼ੀ ਢੰਗ ਨਾਲ ਕੀਤੀ ਗਈ ਹੈ ਤੇ ਵਧੀਆ ਖੇਡ ਦਾ ਪ੍ਰਦਰਸ਼ਨ ਕਰਨ ਵਾਲੇ ਬੱਚੇ ਹੀ ਚੁਣੇ ਗਏ ਹਨ। ਇਸ ਲਈ ਸਾਡੀ ਸਿਲੈਕਸ਼ਨ ਕਮੇਟੀ 'ਤੇ ਜੋ ਪੱਖਪਾਤ ਕਰਨ ਦੇ ਦੋਸ਼ ਲਗਾਏ ਗਏ ਹਨ, ਉਹ ਬਿਲਕੁਲ ਝੂਠੇ ਤੇ ਬੇਬੁਨਿਆਦ ਹਨ।

# ਸਵਾਮੀ ਰੂਪ ਚੰਦ ਜੈਨ ਸਕੂਲ 'ਚ ਤੀਜ ਦਾ ਤਿਉਹਾਰ ਮਨਾਇਆ



**ਜਗਰਾਓਂ (ਅਮਿਤ ਖੰਨਾ)**-ਸਵਾਮੀ ਰੂਪ ਚੰਦ ਜੈਨ ਸੀਨੀਅਰ ਸੈਕੰਡਰੀ ਸਕੂਲ ਜਗਰਾਓਂ ਵਿਖੇ ਤੀਜ ਤਿਉਹਾਰ ਹਰ ਸਾਲ ਦੀ ਤਰ੍ਹਾਂ ਪ੍ਰਿੰਸੀਪਲ ਸ਼੍ਰੀਮਤੀ ਰਾਜਪਾਲ ਕੌਰ ਦੀ ਅਗਵਾਈ ਹੇਠ ਸਕੂਲ ਦੀ ਮੈਨੇਜਮੈਂਟ ਦੇ ਸਹਿਯੋਗ ਨਾਲ ਰਵਾਇਤੀ ਸੱਭਿਆਚਾਰਕ ਢੰਗ ਵੱਡੇ ਪੱਧਰ 'ਤੇ ਮਨਾਇਆ ਗਿਆ। ਸਕੂਲ ਨੂੰ ਸੱਭਿਆਚਾਰਕ ਤੇ ਪੁਰਾਤਨ ਰਵਾਇਤਾਂ ਅਨੁਸਾਰ ਪਿੰਡ ਵਿੱਚ ਤਬਦੀਲ ਕਰਨ ਦਾ ਉਪਰਾਲਾ ਕੀਤਾ ਗਿਆ। ਕੱਚੀਆਂ ਕੰਧਾਂ, ਮਿੱਟੀ ਨਾਲ ਚੁੱਲ੍ਹਾ ਚੌਂਕਾ ਬਣਾ ਕੇ ਸਾਂਝੀ ਮਾਤਾ ਦਾ ਚਿੱਤਰ, ਭੜੋਲੇ ਬਣਾ ਕੇ, ਘੁੱਗੀਆਂ ਤੇ ਮੋਰਾਂ ਹੋਰ ਪੁਰਾਤਨ ਚਿੱਤਰ ਉਲੀਕ ਕੇ ਚਿੱਤਰ ਪੇਸ਼ ਕੀਤੇ, ਜੋਕਿ ਸੱਚਮੁੱਚ ਹੀ ਇੱਕ ਪਿੰਡ ਦੀ ਨੁਹਾਰ ਨੂੰ ਸਾਡੇ ਰੂ-ਬ-ਰੂ ਕਰਦੇ ਨਜ਼ਰ ਆ ਰਹੇ ਹਨ। ਤੀਆਂ ਨੂੰ ਪੁਰਾਤਨ ਰਵਾਇਤੀ ਰੰਗ ਦੇਣ ਲਈ ਪੁਰਾਤਨ ਬਰਤਨਾਂ, ਚਰਖੇ, ਮਧਾਣੀਆਂ, ਗਾਗਰਾਂ ਤੇ ਪੱਖੀਆਂ ਫੁਲਕਾਰੀਆਂ, ਮੰਜੇ, ਪੀੜੀਆਂ ਤੇ ਹੋਰ ਕਈ ਸਾਜ਼ੋ ਸਾਮਾਨ ਆਦਿ ਦੀ ਪ੍ਰਦਰਸ਼ਨੀ ਲਗਾਈ ਗਈ, ਜੋ ਅੱਜ ਸਾਡੇ ਡਰਾਇੰਗ ਰੂਮ ਦੀ ਸਜਾਵਟ ਬਣ ਕੇ ਰਹਿ ਗਏ ਹਨ। ਨਾਲ ਹੀ ਵੰਗਾਂ, ਗਜਰੇ, ਕਾਂਟੇ ਤੇ ਹੋਰ ਸ਼ਿੰਗਾਰ ਦੇ ਸਾਮਾਨ ਦੀ ਦੁਕਾਨ ਲਗਾ ਕੇ ਖਰੀਦਾਰੀ ਕਰਦੀਆਂ ਕੁੜੀਆਂ ਦਾ ਦ੍ਰਿਸ਼ ਪੇਸ਼ ਕੀਤਾ ਗਿਆ, ਨਾਲ ਹੀ ਕੁੜੀਆਂ ਵੱਲੋਂ ਪੀਂਘਾਂ ਝੂਟਣ ਦਾ ਨਜ਼ਾਰਾ ਵੀ ਲਿਆ ਗਿਆ। ਇਸ ਤਿਉਹਾਰ ਦੀ ਖ਼ੁਸ਼ੀ 'ਚ ਵਿਦਿਆਰਥਣਾਂ ਸੱਭਿਆਚਾਰਕ ਤੇ ਰਿਵਾਇਤੀ ਪਹਿਰਾਵੇ ਸਲਵਾਰ ਸੂਟ ਘੱਗਰੇ, ਰੰਗ ਬਰੰਗੀਆਂ ਗੋਟੇ ਵਾਲੀਆਂ ਚੁੰਨੀਆਂ, ਫੁਲਕਾਰੀਆਂ ਲੈ ਕੇ ਸਜੀਆਂ ਧੱਜੀਆਂ ਹਰ ਕਿਸੇ ਦਾ ਮਨ ਮੋਹ ਰਹੀਆਂ ਸਨ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਪ੍ਰਿੰਸੀਪਲ ਰਾਜਪਾਲ ਕੌਰ ਤੇ ਮੁੱਖ ਮਹਿਮਾਨਾਂ ਨੂੰ ਢੋਲ ਦੀ ਤਾਲ 'ਤੇ ਬੋਲੀਆਂ ਪਾਉਂਦੇ ਤਾੜੀਆਂ ਦੀ ਗੂੰਜ ਨਾਲ ਕਰਕੇ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ ਗਿਆ। ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਟੱਪੇ, ਲੋਕ ਬੋਲੀਆਂ, ਸਿੱਠਣੀਆਂ, ਮਾਹੀਏ, ਘੋੜੀਆਂ, ਗਿੱਧਾ, ਭੰਗੜਾ, ਲੋਕ ਗੀਤ ਗਾ ਕੇ ਨੱਚ ਨੱਚ ਕੇ ਖੂਬ ਖੂਬ ਰੰਗ ਬੰਨ੍ਹਿਆ। ਇਸ ਦੌਰਾਨ ਮਹਿੰਦੀ ਮੁਕਾਬਲੇ ਵੀ ਕਰਵਾਏ ਗਏ। ਇਸ 'ਚ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਸਕੂਲ ਵੱਲੋਂ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਤੋਂ ਉਪਰੰਤ ਗਿੱਧੇ ਵਿੱਚ ਭਾਗ ਲੈਣ ਵਾਲੀਆਂ ਵਿਦਿਆਰਥਣਾਂ ਦੇ ਤੀਜ ਮੁਕਾਬਲੇ ਕਰਵਾਏ ਗਏ, ਜਿਸ 'ਚ ਪਹਿਲੀ ਪੁਜ਼ੀਸ਼ਨ ਲੈਣ ਵਾਲੀ ਵਿਦਿਆਰਥਣ ਨੈਨਸੀ ਜਮਾਤ ਬਾਰਵੀਂ (ਸਾਇੰਸ ਗਰੁੱਪ), ਜਿਸ ਨੂੰ ਤੀਆਂ ਦੀ ਰਾਣੀ ਦਾ ਖਿਤਾਬ ਦੇ ਕੇ ਸਨਮਾਨਤ ਕੀਤਾ ਗਿਆ। ਇਸ 'ਚ ਸੋਹਣੀ ਮੁਸਕੁਰਾਹਟ ਕਮਲਪ੍ਰੀਤ ਕੌਰ ਤੇ ਸੋਹਣਾ ਲਿਬਾਸ ਦਾਸਤਾਨ ਸਾਹਿਬਾ ਨੇ ਹਾਸਲ ਕੀਤਾ। ਪ੍ਰਿੰਸੀਪਲ ਸ਼੍ਰੀਮਤੀ ਰਾਜਪਾਲ ਕੌਰ ਨੇ ਆਏ ਮਹਿਮਾਨਾਂ ਤੇ ਸਕੂਲ ਮੈਨੇਜਮੈਂਟ ਦਾ ਧੰਨਵਾਦ ਕੀਤਾ ਤੇ ਸਮੂਹ ਸਟਾਫ, ਵਿਦਿਆਰਥੀਆਂ ਨੂੰ ਤੀਆਂ ਦੇ ਤਿਉਹਾਰ 'ਤੇ ਵਧਾਈ ਦਿੱਤੀ।

CMYK

# ਮਸ਼ਾਲ ਮਾਰਚ ਦਾ ਗੁਰਦਾਸਪੁਰ ਪਹੁੰਚਣ 'ਤੇ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਰਵਾਂ ਸਵਾਗਤ



ਡੇਰਾ ਬਾਬਾ ਨਾਨਕ/ਗੁਰਦਾਸਪੁਰ, (ਰਮੇਸ਼ ਸ਼ਰਮਾ/ਜਨਕ ਮਹਾਜਨ)- ਸਿਹਤਮੰਦ ਤੇ ਰੰਗਲੇ ਪੰਜਾਬ ਦੀ ਸਿਰਜਣਾ ਅਤੇ ਸੂਬੇ ਨੂੰ ਖੇਡਾਂ 'ਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਦੇ ਮੰਤਵ ਲਈ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਅਤੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਅਗਵਾਈ 'ਚ ਸ਼ੁਰੂ ਕੀਤੀਆਂ ਗਈਆਂ 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-2 ਬਾਰੇ ਜਾਗਰੂਕਤਾ ਪੈਦਾ ਕਰਨ ਲਈ ਕੱਢੇ ਜਾ ਰਹੇ ਮਸ਼ਾਲ ਮਾਰਚ ਦਾ ਅੱਜ ਗੁਰਦਾਸਪੁਰ ਪਹੁੰਚਣ 'ਤੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ, ਸ਼ਮਸ਼ੇਰ ਸਿੰਘ, ਜ਼ਿਲ੍ਹਾ ਖੇਡ ਅਫ਼ਸਰ ਸਿਮਰਨਜੀਤ ਸਿੰਘ ਤੋਂ ਇਲਾਵਾ ਕੋਚ ਸਾਹਿਬਾਨ ਅਤੇ ਖਿਡਾਰੀ ਵੀ ਹਾਜ਼ਰ ਸਨ। ਮਸ਼ਾਲ ਮਾਰਚ ਵਿੱਚ ਹਿੱਸਾ ਲੈ ਰਹੇ ਸਮੂਹ ਖੇਡ ਪ੍ਰੇਮੀਆਂ, ਖਿਡਾਰੀਆਂ ਅਤੇ ਕੋਚਾਂ ਦਾ ਜਿਮਨੇਜ਼ੀਅਮ ਹਾਲ ਗੁਰਦਾਸਪੁਰ ਵਿਖੇ ਸਵਾਗਤ ਕਰਦਿਆਂ ਡਿਪਟੀ ਕਮਿਸਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਹ ਮਸ਼ਾਲ ਮਾਰਚ ਨੌਜਵਾਨਾਂ ਨੂੰ ਖੇਡਾਂ ਵਤਨ ਪੰਜਾਬ ਦੀਆਂ ਨਾਲ ਜੋੜਨ ਵਿੱਚ ਸਫਲ ਹੋਵੇਗਾ। ਉਨ੍ਹਾ ਦੱਸਿਆ ਕਿ ਇਨ੍ਹਾਂ ਖੇਡ ਮੁਕਾਬਲਿਆਂ 'ਚ ਬਲਾਕ, ਜ਼ਿਲ੍ਹਾ ਅਤੇ ਰਾਜ ਪੱਧਰ ਤੱਕ ਖੇਡਾਂ ਕਰਵਾਈਆਂ ਜਾਣਗੀਆਂ ਅਤੇ ਖਿਡਾਰੀਆਂ ਨੂੰ ਨਕਦ ਇਨਾਮ ਵੀ ਦਿੱਤੇ ਜਾਣਗੇ। ਉਨ੍ਹਾ ਜ਼ਿਲ੍ਹੇ ਦੇ ਸਾਰੇ ਖਿਡਾਰੀਆਂ ਨੂੰ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਹਿੱਸਾ ਲੈਣ ਲਈ ਆਪਣਾ ਨਾਂਅ ਖੇਡ ਵਿਭਾਗ ਦੀ ਵੈਬਸਾਈਟ ਉੱਪਰ ਆਨਲਾਈਨ ਰਜਿਸਟਰਡ ਕਰਨ ਦੀ ਅਪੀਲ ਕੀਤੀ। ਉਨ੍ਹਾ ਦੱਸਿਆ ਕਿ "ਖੇਡਾਂ ਵਤਨ ਪੰਜਾਬ ਦੀਆਂ" ਦੇ ਤਹਿਤ ਕੱਢੇ ਜਾ ਰਹੇ ਮਸ਼ਾਲ ਮਾਰਚ ਦੀ ਸ਼ੁਰੂਆਤ 22 ਅਗਸਤ ਨੂੰ ਜ਼ਿਲ੍ਹਾ ਲੁਧਿਆਣਾ ਤੋਂ ਹੋਈ ਹੈ ਅਤੇ ਇਹ ਮਸ਼ਾਲ ਪੂਰੇ ਪੰਜਾਬ ਵਿੱਚ ਮਾਰਚ ਕਰਨ ਤੋਂ ਬਾਅਦ ਬਠਿੰਡਾ ਵਿਖੇ 29 ਅਗਸਤ ਨੂੰ ਪਹੁੰਚੇਗੀ, ਜਿੱਥੇ ਖੇਡਾਂ ਦੇ ਦੂਜੇ ਸੀਜ਼ਨ ਦਾ ਉਦਘਾਟਨ ਹੋਵੇਗਾ। ਇਸ ਮੌਕੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਪਿਛਲੇ ਸਾਲ ਤੋਂ ਸ਼ੁਰੂ ਕੀਤੀਆਂ 'ਖੇਡਾਂ ਵਤਨ ਪੰਜਾਬ ਦੀਆਂ' ਸੂਬੇ ਵਿੱਚ ਖੇਡ ਸੱਭਿਆਚਾਰ ਪੈਦਾ ਕਰਨ ਵਿੱਚ ਆਪਣਾ ਅਹਿਮ ਯੋਗਦਾਨ ਪਾ ਰਹੀਆਂ ਹਨ। ਉਨ੍ਹਾਂ ਮਾਨ ਸਰਕਾਰ ਨੂੰ ਇਸ ਉਪਰਾਲੇ ਲਈ ਵਧਾਈ ਦਿੱਤੀ। ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਮਸ਼ਾਲ ਯਾਤਰਾ ਦਾ ਸਵਾਗਤ ਕਰਦਿਆਂ ਕਿਹਾ ਕਿ ਰਾਜ ਸਰਕਾਰ ਦਾ ਖੇਡਾਂ ਵਤਨ ਪੰਜਾਬ ਦੀਆਂ ਨੇ ਸੂਬੇ ਵਿੱਚ ਇੱਕ ਵਾਰ ਫਿਰ ਖੇਡਾਂ ਦਾ ਮਹੌਲ ਸਿਰਜ ਦਿੱਤਾ ਹੈ। ਇਸ ਉਪਰੰਤ ਮਸ਼ਾਲ ਮਾਰਚ ਨੂੰ ਪਠਾਨਕੋਟ ਵੱਲ ਰਵਾਨਾ ਕੀਤਾ ਗਿਆ ਜਿਥੋਂ ਉਹ 24 ਅਗਸਤ ਸ਼ਾਮ ਨੂੰ ਹੁਸ਼ਿਆਰਪੁਰ, 25 ਅਗਸਤ ਨੂੰ ਜਲੰਧਰ ਤੇ ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ ਤੇ ਰੂਪਨਗਰ, 26 ਅਗਸਤ ਨੂੰ ਐਸ.ਏ.ਐਸ.ਨਗਰ, ਫਤਹਿਗੜ੍ਹ ਸਾਹਿਬ ਤੇ ਮਾਲੇਰਕੋਟਲਾ, 27 ਅਗਸਤ ਨੂੰ ਪਟਿਆਲਾ, ਸੰਗਰੂਰ ਤੇ ਮਾਨਸਾ, 28 ਅਗਸਤ ਨੂੰ ਬਰਨਾਲਾ, ਫਰੀਦਕੋਟ ਤੇ ਫਾਜ਼ਿਲਕਾ ਅਤੇ 29 ਅਗਸਤ ਨੂੰ ਸ੍ਰੀ ਮੁਕਤਸਰ ਸਾਹਿਬ ਤੇ ਬਠਿੰਡਾ ਵਿਖੇ ਮਸ਼ਾਲ ਮਾਰਚ ਪਹੁੰਚੇਗੀ।

# ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਜ਼ਿਲ੍ਹਾ ਅੰਮ੍ਰਿਤਸਰ ਦੀ ਚੋਣ



ਝਬਾਲ (ਹਰਜਿੰਦਰ ਸਿੰਘ ਸੋਨੀ)- ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ 100 ਦੀ ਜ਼ਿਲ੍ਹਾ ਅੰਮ੍ਰਿਤਸਰ ਦੀ ਮੀਟਿੰਗ ਹੋਈ ਜਿਸ ਵਿੱਚ ਸੂਬਾ ਕੋਰ ਕਮੇਟੀ ਮੈਂਬਰਾਂ ਸੂਬਾ ਪ੍ਰਧਾਨ ਡਾ. ਤੇਜਿੰਦਰ ਸਿੰਘ ਢਿੱਲੋਂ, ਸੂਬਾ ਕੈਸ਼ੀਅਰ ਡਾ. ਮਾਘ ਸਿੰਘ ਮਾਣਕੀ, ਸੂਬਾ ਚੇਅਰਮੈਨ ਡਾ. ਮਹਿੰਦਰ ਸਿੰਘ ਗਿੱਲ ਮੋਗਾ, ਸੂਬਾ ਜਨਰਲ ਸਕੱਤਰ ਡਾ. ਅਵਤਾਰ ਸਿੰਘ ਬਾਲੀ, ਸੂਬਾ ਐਕਟਿੰਗ ਪ੍ਰਧਾਨ ਡਾ. ਮਹਿੰਦਰ ਸਿੰਘ ਸੋਹਲ ਉਚੇਚੇ ਤੌਰ 'ਤੇ ਸ਼ਾਮਲ ਹੋਏ। ਪੰਜੇ ਆਗੂਆਂ ਦੀ ਹਮਸਲਾਹ ਅਤੇ ਵਿਚਾਰ ਵਟਾਂਦਰੇ ਤੋਂ ਬਾਅਦ ਅੰਮ੍ਰਿਤਸਰ ਜ਼ਿਲ੍ਹੇ ਦੀ 12 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ। ਚੁਣੀ ਗਈ ਕਮੇਟੀ ਦੀ ਸੂਚੀ ਜਾਰੀ ਕਰਦੇ ਹੋਏ ਡਾ. ਤੇਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਡਾ. ਮਹਿੰਦਰ ਸਿੰਘ ਸੋਹਲ ਨੂੰ ਅੰਮ੍ਰਿਤਸਰ ਜ਼ਿਲ੍ਹੇ ਦਾ ਪ੍ਰਧਾਨ, ਡਾ. ਗੁਰਦਿਆਲ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਡਾ. ਇਕਬਾਲ ਸਿੰਘ ਚੇਅਰਮੈਨ, ਡਾ. ਜਸਵੰਤ ਸਿੰਘ ਨੂੰ ਜਨਰਲ ਸਕੱਤਰ, ਡਾ. ਜੋਗਿੰਦਰ ਸਿੰਘ ਮਸੀਹ ਨੂੰ ਕੈਸ਼ੀਅਰ ਅਤੇ ਬਾਕੀ 7 ਮੈਂਬਰਾਂ ਡਾ. ਜਗਰੂਪ ਸਿੰਘ, ਡਾ. ਲਖਬੀਰ ਸਿੰਘ, ਡਾ. ਮਨਦੀਪ ਸਿੰਘ, ਡਾ. ਦੀਪਕ ਸਿੰਘ, ਡਾ. ਸੁਖਵਿੰਦਰ ਸਿੰਘ, ਡਾ. ਨਰਿੰਦਰ ਸਿੰਘ, ਡਾ. ਵਰਿੰਦਰ ਨੂੰ ਵੱਖ-ਵੱਖ ਅਹੁਦਿਆਂ 'ਤੇ ਨਿਯੁਕਤ ਕਰਦੇ ਹੋਏ 12 ਮੈਂਬਰੀ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ। ਦੂਜੇ ਫੈਸਲੇ ਵਿੱਚ ਡਾ. ਢਿੱਲੋਂ ਨੇ 5 ਸੂਬਾ ਕਮੇਟੀ ਮੈਂਬਰਾਂ ਨਾਲ ਸਹਿਮਤੀ ਤੋਂ ਬਾਅਦ ਡਾ. ਸੁਰਜੀਤ ਸਿੰਘ ਢੰਡ ਨੂੰ ਤਰਨ ਤਾਰਨ ਜ਼ਿਲੇ ਦਾ 6 ਵਾਂ ਕਮੇਟੀ ਮੈਂਬਰ ਚੁਣਿਆ ਗਿਆ। ਇਸ ਤੋਂ ਪਹਿਲਾਂ 5 ਮੈਂਬਰਾਂ ਦੀ ਚੋਣ ਹੋ ਚੁੱਕੀ ਹੈ। ਮੀਟਿੰਗ ਦੇ ਸਮਾਪਤੀ ਭਾਸ਼ਣ 'ਚ ਸੂਬਾ ਪ੍ਰਧਾਨ ਡਾ. ਤੇਜਿੰਦਰ ਸਿੰਘ ਢਿੱਲੋਂ ਅਤੇ ਡਾ. ਮਹਿੰਦਰ ਸਿੰਘ ਸੋਹਲ ਨੇ ਸਾਂਝੇ ਰੂਪ 'ਚ ਬੋਲਦੇ ਸੂਬੇ ਦੀ ਭਗਵੰਤ ਸਿੰਘ ਮਾਨ ਸਰਕਾਰ ਕੋਲ ਮੀਡੀਆ ਦੇ ਹਵਾਲੇ ਨਾਲ ਪੁਰਜ਼ੋਰ ਅਪੀਲ ਕਰਦੇ ਹੋਏ 1963 ਤੋਂ ਬੰਦ ਪਈ ਪੰਜਾਬ ਦੀ ਆਰ ਐਮ ਪੀ ਰਜਿਸਟ੍ਰੇਸ਼ਨ ਨੂੰ ਬਹਾਲ ਕੀਤਾ ਜਾਵੇ, ਸਾਡੀਆਂ ਹੱਕੀ ਮੰਗਾਂ ਵੱਲ ਤੁਰੰਤ ਧਿਆਨ ਦੇ ਕੇ ਪ੍ਰੈਕਟਿਸ ਕਰਨ ਦੇ ਵੱਧ ਤੋਂ ਵੱਧ ਅਧਿਕਾਰ ਦਿੱਤੇ ਜਾਣ ਅਤੇ ਸਾਥੀਆਂ ਨੂੰ ਤਜਰਬੇ ਦੇ ਅਧਾਰ 'ਤੇ ਹੈਲਥ ਵਲੰਟੀਅਰ ਨਿਯੁਕਤ ਕੀਤਾ ਜਾਵੇ। ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਜਥੇਬੰਦੀ ਨੂੰ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ। ਅੱਜ ਮੀਟਿੰਗ ਵਿੱਚ ਮਾਲੇਰਕੋਟਲਾ ਤੋਂ ਡਾ. ਮਾਘ ਸਿੰਘ ਮਾਣਕੀ, ਡਾ. ਹਰਮੇਲ ਸਿੰਘ ਮੋਗਾ, ਡਾ. ਮਹਿੰਦਰ ਸਿੰਘ ਗਿੱਲ, ਮੋਗਾ ਤੋਂ ਅਮਰਜੀਤ ਸਿੰਘ, ਡਾ. ਮੁਕੰਦ ਸਿੰਘ ਮੋਗਾ, ਨਵਾਂਸ਼ਹਿਰ ਤੋਂ ਅਵਤਾਰ ਸਿੰਘ ਬਾਲੀ, ਬਲਾਕ ਚੋਗਾਵਾਂ, ਅਜਨਾਲਾ, ਜੰਡਿਆਲਾ ਤੋਂ ਅਨੇਕਾਂ ਸਾਥੀ ਬਲਾਕ ਝਬਾਲ ਤੋਂ ਡਾ. ਢਿੱਲੋਂ, ਡਾ. ਪਲਵਿੰਦਰ ਸਿੰਘ ਬਾਊ, ਡਾ. ਮਨਜਿੰਦਰ ਸਿੰਘ ਗਿੱਲ, ਡਾ. ਗੁਰਭੇਜ ਸਿੰਘ ਢੋਟੀਆਂ, ਡਾ. ਗੁਰਪ੍ਰੀਤ ਸਿੰਘ ਫਤਾਹਪੁਰ, ਬਲਾਕ ਭਿੱਖੀਵਿੰਡ ਤੋਂ ਡਾ. ਰਾਜਿੰਦਰ ਸਿੰਘ, ਡਾ. ਤੇਜਿੰਦਰ ਸਿੰਘ, ਡਾ. ਜਗਦੀਸ਼, ਡਾ. ਭੁਪਿੰਦਰ ਸਿੰਘ, ਡਾ. ਬਲਵਿੰਦਰ ਸਿੰਘ ਅਤੇ ਡਾ. ਮੱਸਾ ਸਿੰਘ ਸਮੇਤ ਸੈਂਕੜੇ ਸਾਥੀ ਹਾਜ਼ਰ ਸਨ। ਮੀਟਿੰਗ ਦੀ ਸਮਾਪਤੀ ਵੇਲੇ ਸੂਬਾ ਕੈਸ਼ੀਅਰ ਡਾ. ਮਾਘ ਸਿੰਘ ਮਾਣਕੀ ਨੇ ਲੱਗਭੱਗ 90 ਡਾਕਟਰ ਸਾਥੀਆਂ ਨੂੰ ਸਰਟੀਫਿਕੇਟ ਵੰਡੇ ਅਤੇ ਸਮੁੱਚੀ ਟੀਮ ਨੂੰ ਵਧਾਈ ਦਿੱਤੀ।

# ਸੱਜਣ ਕੁਮਾਰ ਖਿਲਾਫ ਕਤਲ ਦੇ ਦੋਸ਼ ਰੱਦ ਹੋਣ ਲਈ ਕੇਂਦਰ ਸਰਕਾਰ ਜ਼ਿੰਮੇਵਾਰ : ਸੁਖਬੀਰ ਬਾਦਲ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਕੇਂਦਰ ਸਰਕਾਰ ਦੇ 1984 ਦੇ ਸਿੱਖ ਕਤਲੇਆਮ ਮਾਮਲੇ ਵਿਚ ਸੱਜਣ ਕੁਮਾਰ ਖਿਲਾਫ ਕੇਸ ਦੀ ਪੈਰਵੀ ਵਿਚ ਬਹੁਤ ਹੀ ਮਾੜਾ ਤੇ ਗੈਰ ਗੰਭੀਰ ਰਵੱਈਆ ਅਪਣਾਉਣ ਦੀ ਨਿਖੇਧੀ ਕੀਤੀ ਜਿਸ ਕਾਰਨ ਉਸ ਖਿਲਾਫ ਕਤਲ ਦੇ ਦੋਸ਼ ਰੱਦ ਕਰ ਦਿੱਤੇ ਗਏ ਹਨ। ਮੀਡੀਆ ਨਾਲ ਗੱਲਬਾਤ ਕਰਦਿਆਂ ਬਾਦਲ ਨੇ ਕਿਹਾ ਕਿ ਸੱਜਣ ਕੁਮਾਰ ਖਿਲਾਫ ਧਾਰਾ 302 ਆਈ ਪੀ ਸੀ ਹਟਾਈ ਜਾਣ ਦੀ ਜ਼ਿੰਮੇਵਾਰੀ ਸਰਕਾਰੀ ਧਿਰ ਦੀ ਬਣਦੀ ਹੈ। ਉਨ੍ਹਾ ਕਿਹਾ ਕਿ ਇਸ ਨਾਲ ਸਿੱਖ ਜ਼ਖ਼ਮਾਂ 'ਤੇ ਲੂਣ ਛਿੜਕਿਆ ਗਿਆ ਹੈ ਤੇ ਇਸ ਨਾਲ ਸਿੱਖ ਕੌਮ ਦੀ ਪ੍ਰਣਾਲੀ ਦੀ ਕਾਰਗੁਜ਼ਾਰੀ ਤੇ ਨਿਆਂ ਦੇਣ ਦੀ ਸਮਰਥਾ ਵਿਚ ਵਿਸ਼ਵਾਸ ਘਟਿਆ ਹੈ। ਉਨ੍ਹਾ ਕਿਹਾ ਕਿ ਸਾਰੀ ਦੁਨੀਆ ਜਾਣਦੀ ਹੈ ਕਿ ਸੱਜਣ ਕੁਮਾਰ, ਜਗਦੀਸ਼ ਟਾਈਟਲਰ ਤੇ ਅਨੇਕਾਂ ਹੋਰ ਕਾਂਗਰਸੀ ਆਗੂਆਂ ਦੇ ਹੱਥ ਨਿਰਦੋਸ਼ ਸਿੱਖਾਂ ਦੇ ਖੂਨ ਨਾਲ ਲਿੱਬੜੇ ਹੋਏ ਹਨ। ਦਿੱਲੀ ਵਿਚ ਸਮੇਂ ਦੀਆਂ ਸਰਕਾਰਾਂ ਨੇ ਇਨ੍ਹਾਂ ਨੂੰ ਕਾਫੀ ਛੋਟਾਂ ਦਿੱਤੀਆਂ। ਉਨ੍ਹਾ ਕਿਹਾ ਕਿ ਅਕਾਲੀ ਦਲ ਖਾਲਸਾ ਪੰਥ ਦੀ ਅਨਿਆਂ ਖਿਲਾਫ ਲੜਾਈ ਦੀ ਅਗਵਾਈ ਕਰਦਾ ਰਹੇਗਾ ਤੇ ਜਦੋਂ ਤੱਕ ਸਾਰੇ ਕਾਤਲ ਫਾਂਸੀ ਨਹੀਂ ਚੜ੍ਹਾਏ ਜਾਂਦੇ, ਟਿਕ ਕੇ ਨਹੀਂ ਬੈਠੇਗਾ। ਅਕਾਲੀ ਦਲ ਦੇ ਪ੍ਰਧਾਨ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਵਿੱਚ ਕਿਸਾਨਾਂ ਜਿਨ੍ਹਾਂ ਵਿੱਚੋਂ ਬਹੁ ਗਿਣਤੀ ਸਿੱਖ ਹਨ, ਖਿਲਾਫ ਜਬਰ ਦੀ ਲਹਿਰ ਵਿੱਢਣ ਦੀ ਵੀ ਨਿਖੇਧੀ ਕੀਤੀ। ਮਾਨ ਵਿਚ ਜ਼ਕਰੀਆ ਖਾਨ ਦੀ ਰੂਹ ਆ ਗਈ ਹੈ ਤੇ ਸੱਤਾ ਉਨ੍ਹਾਂ ਦੇ ਦਿਮਾਗ ਨੂੰ ਚੜ੍ਹ ਗਈ ਹੈ। ਮਾਨ ਨੂੰ ਸਿੱਖ ਤੇ ਅਕਾਲੀ ਇਤਿਹਾਸ ਤੋਂ ਸਿੱਖਣ ਦੀ ਬਹੁਤ ਲੋੜ ਹੈ। ਅਕਾਲੀ ਦਲ ਦੇ ਮੁਖੀ ਨੇ ਕਿਸਾਨਾਂ ਖਿਲਾਫ ਜਬਰ ਦੀ ਲਹਿਰ ਵਿੱਢਣ ਦੀ ਨਿਖੇਧੀ ਕੀਤੀ ਤੇ ਕਿਹਾ ਕਿ ਪਹਿਲਾਂ ਹੀ ਸ਼ਾਂਤੀਪੂਰਨ ਰੋਸ ਪ੍ਰਦਰਸ਼ਨ ਦੌਰਾਨ ਇਕ ਬੇਕਸੂਰ ਦੀ ਮੌਤ ਹੋ ਚੁੱਕੀ ਹੈ। ਬਾਦਲ ਨੇ ਸ਼ਾਂਤੀਪੂਰਨ ਕਿਸਾਨ ਦੇ ਕਤਲ ਲਈ ਮੁੱਖ ਮੰਤਰੀ ਖਿਲਾਫ ਕਤਲ ਕੇਸ ਦਰਜ ਕਰਨ ਦੀ ਮੰਗ ਕੀਤੀ। ਇਸ ਦੌਰਾਨ ਬਾਦਲ ਨੇ ਚੰਦਰਮਾ 'ਤੇ ਚੰਦਰਯਾਨ 3 ਮਿਸ਼ਨ ਦੇ ਸਫਲਤਾਪੂਰਵਕ ਪਹੁੰਚਣ ਦੀ ਵਧਾਈ ਦਿੱਤੀ ਤੇ ਕਿਹਾ ਕਿ ਕਿਸਾਨ, ਕੰਮਕਾਜੀ ਲੋਕ, ਮੁਲਾਜ਼ਮ ਤੇ ਘਰੇਲੂ ਸੁਆਣੀਆਂ ਨੇ ਦੇਸ਼ ਦੀ ਇਸ ਤਰੱਕੀ ਵਾਸਤੇ ਸਿੱਧੇ ਤੇ ਅਸਿੱਧੇ ਤੌਰ 'ਤੇ ਯੋਗਦਾਨ ਪਾਇਆ ਹੈ। ਉਨ੍ਹਾ ਕਿਹਾ ਕਿ ਵਿਗਿਆਨੀਆਂ ਦਾ ਇਸ ਕੰਮ ਵਿਚ ਵਿਸ਼ੇਸ਼ ਯੋਗਦਾਨ ਹੈ ਤੇ ਇਸ ਵਾਸਤੇ ਸਭ ਨੂੰ ਵਧਾਈ ਹੈ।

# ਸਹਿਕਾਰੀ ਖੰਡ ਮਿੱਲ ਦੇ ਡਾਇਰੈਕਟਰ ਤੇ ਜਨਰਲ ਮੈਨੇਜਰ ਨੇ ਗੰਨਾ ਕਾਸ਼ਤਕਾਰਾਂ ਦੀਆਂ ਮੁਸ਼ਕਲਾਂ ਸੁਣੀਆਂ



ਗੁਰਦਾਸਪੁਰ (ਜਨਕ ਮਹਾਜਨ)- ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੇ ਨਿਰਦੇਸ਼ਾਂ ਤਹਿਤ ਸਹਿਕਾਰੀ ਖੰਡ ਮਿੱਲ ਗੁਰਦਾਸਪੁਰ ਦੇ ਬੋਰਡ ਆਫ ਡਾਇਰੈਕਟਰ ਵਰਿੰਦਰ ਸਿੰਘ, ਜਨਰਲ ਮੈਨੇਜਰ ਸਰਬਜੀਤ ਸਿੰਘ ਹੁੰਦਲ ਅਤੇ ਅਮਰਜੀਤ ਸਿੰਘ ਸਹਾਇਕ ਗੰਨਾ ਵਿਕਾਸ ਅਫ਼ਸਰ, ਸੰਦੀਪ ਸਿੰਘ ਇੰਜੀਨੀਅਰ-ਕਮ-ਪ੍ਰਚੇਜ਼ ਅਫ਼ਸਰ, ਰਾਜ ਕਮਲ ਸੀ.ਸੀ.ਡੀ.ਓ. ਅਤੇ ਮਿੱਤਰਮਾਨ ਸਿੰਘ ਏ.ਡੀ.ਓ. ਵੱਲੋਂ ਗੰਨਾ ਕਾਸ਼ਤਕਾਰਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣੀਆਂ ਗਈਆਂ।

ਇਸ ਮੌਕੇ 3 ਕਿਸਾਨਾਂ ਨੇ ਦੱਸਿਆ ਕਿ ਪਿੜਾਈ ਸੀਜ਼ਨ 2022-23 ਦੌਰਾਨ ਮਿੱਲ ਵਿੱਚ ਗੰਨਾ ਲਿਜਾਂਦੇ ਸਮੇਂ ਸਾਡੀ ਟਰਾਲੀ ਦਾ ਐਕਸੀਡੈਂਟ ਹੋ ਗਿਆ ਸੀ ਜਿਸ ਵਿੱਚ ਟਰੈਕਟਰ ਟਰਾਲੀ ਨੁਕਸਾਨੇ ਗਏ ਸਨ।

ਇਨ੍ਹਾਂ ਕਿਸਾਨਾਂ ਵੱਲੋਂ ਹੋਏ ਨੁਕਸਾਨ ਦੀ ਰਿਪੇਅਰ ਲਈ ਕਿਸਾਨ ਵੈਲਫੇਅਰ ਫੰਡ ਵਿਚੋਂ ਮਦਦ ਕਰਨ ਲਈ ਅਰਜ਼ੀਆਂ ਵੀ ਦਿੱਤੀਆਂ ਗਈਆਂ ਸਨ ਪਰ ਉਨ੍ਹਾਂ ਨੂੰ ਮਾਲੀ ਇਮਦਾਦ ਨਹੀਂ ਮਿਲੀ। ਇਸ ਸ਼ਿਕਾਇਤ ਨੂੰ ਸੁਣਨ ਤੋਂ ਬਾਅਦ ਜਨਰਲ ਮੈਨੇਜਰ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਇਨ੍ਹਾਂ ਦਰਖਾਸਤਾਂ 'ਤੇ ਸਾਰੀ ਕਾਗਜ਼ੀ ਕਾਰਵਾਈ ਪੂਰੀ ਕਰਕੇ ਗੰਨਾ ਕਾਸ਼ਤਕਾਰਾਂ ਜਿਨ੍ਹਾਂ ਵਿਚ ਸੁਖਦੇਵ ਸਿੰਘ ਬਲੱਗਣ, ਬਲਬੀਰ ਸਿੰਘ ਤਲਵੰਡੀ ਅਤੇ ਜੀਵਨ ਸਿੰਘ ਢੋਲੋਵਾਲ ਸ਼ਾਮਲ ਸਨ, ਨੂੰ ਕਿਸਾਨ ਵੈਲਫੇਅਰ ਫੰਡ ਵਿਚੋਂ ਮੌਕੇ 'ਤੇ ਮਾਲੀ ਇਮਦਾਦ ਦੇ ਚੈੱਕ ਜਾਰੀ ਕੀਤੇ ਗਏ।

ਇਸ ਮੌਕੇ ਮਿੱਲ ਦੇ ਜਨਰਲ ਮੈਨੇਜਰ ਨੇ ਦੱਸਿਆ ਕਿ ਗੰਨਾ ਕਾਸ਼ਤਕਾਰਾਂ ਨਾਲ ਹਫ਼ਤੇ ਦੇ ਹਰ ਸੋਮਵਾਰ ਮੀਟਿੰਗ ਕੀਤੀ ਜਾਂਦੀ ਹੈ, ਇਸ ਲਈ ਜੇਕਰ ਕਿਸੇ ਕਿਸਾਨ ਨੂੰ ਮਿੱਲ ਨਾਲ ਸੰਬੰਧਤ ਕੋਈ ਮੁਸ਼ਕਲ ਹੈ ਤਾਂ ਉਹ ਸੋਮਵਾਰ ਨੂੰ ਮੀਟਿੰਗ ਵਿੱਚ ਸ਼ਾਮਲ ਹੋ ਕੇ ਆਪਣੀ ਮੁਸ਼ਕਲ ਦਾ ਹੱਲ ਕਰਵਾ ਸਕਦਾ ਹੈ।

ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਸਹਿਕਾਰੀ ਖੰਡ ਮਿੱਲ ਪਨਿਆੜ (ਗੁਰਦਾਸਪੁਰ) ਦੀ ਸਮਰੱਥਾ 2000 ਟੀ.ਸੀ, ਡੀ. ਤੋਂ ਵਧਾ ਕੇ 5000 ਟੀ.ਸੀ.ਡੀ. ਕਰਨ ਲਈ ਨਵਾਂ ਪਲਾਂਟ ਲਗਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਨਵਾਂ ਪਲਾਂਟ ਅਗਲੇ ਪਿੜਾਈ ਸੀਜ਼ਨ ਦੌਰਾਨ ਚਲਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ।

## ਚੋਰੀਸ਼ੁਦਾ ਮੋਟਰਸਾਈਕਲ ਸਮੇਤ ਇੱਕ ਕਾਬੂ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਕਲਾਨੌਰ ਦੇ ਏ.ਐਸ.ਆਈ. ਰਣਧੀਰ ਸਿੰਘ ਨੇ ਸਮੇਤ ਪੁਲਸ ਪਾਰਟੀ ਰੁੜਿਆਣਾ ਮੋੜ ਵਿਖੇ ਨਾਕਾਬੰਦੀ ਕਰਕੇ ਦੋਸ਼ੀ ਸੁੱਖਾ ਮਸੀਹ ਸੁੱਖਾ ਪੁੱਤਰ ਨਿੰਦਰ ਮਸੀਹ ਵਾਸੀ ਬਾਸਰਪੁਰ ਥਾਣਾ ਰੰਗੜ ਨੰਗਲ ਨੂੰ ਚੋਰੀ ਦੇ ਮੋਟਰਸਾਈਕਲ ਬਿਨਾਂ ਨੰਬਰੀ ਮਾਰਕਾ ਅਪਾਚੀ ਸਮੇਤ ਕਾਬੂ ਕੀਤਾ ਹੈ। ਮੋਟਰਸਾਈਕਲ ਬਾਰੇ ਪੁੱਛਗਿੱਛ ਦੌਰਾਨ ਦੋਸ਼ੀ ਨੇ ਦੱਸਿਆ ਕਿ ਇਹ ਮੋਟਰਸਾਈਕਲ ਉਸ ਨੇ ਗੁਰਦਾਸਪੁਰ ਤੋਂ ਚੋਰੀ ਕੀਤਾ ਸੀ ਜਿਸ ਨੂੰ ਵੇਚਣ ਲਈ ਕਲਾਨੌਰ ਜਾ ਰਿਹਾ ਸੀ। ਇਸ ਦੌਰਾਨ ਦੋਸ਼ੀ ਨੂੰ ਕਾਬੂ ਕਰਕੇ 379 ਅਤੇ 411 ਅਧੀਨ ਮਾਮਲਾ ਦਰਜ ਕਰ ਲਿਆ ਗਿਆ ਹੈ।

## ਨਸ਼ੀਲੀਆਂ ਗੋਲੀਆਂ ਸਮੇਤ ਇਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਸਿਟੀ ਗੁਰਦਾਸਪੁਰ ਪੁਲਸ ਵੱਲੋਂ ਸੁਪਰਡੈਂਟ ਕੇਂਦਰੀ ਜੇਲ੍ਹ ਗੁਰਦਾਸਪੁਰ ਦਫਤਰ ਦੇ ਪੱਤਰ ਨੰਬਰ 6960 ਮਿਤੀ 23 ਅਗਸਤ ਨੂੰ ਦਰਜ ਕੀਤਾ ਗਿਆ ਹੈ ਕਿ ਕੈਦੀ ਮਲਕੀਤ ਸਿੰਘ ਪੁੱਤਰ ਅਮਰੀਕ ਸਿੰਘ ਦੀ ਮੁਲਾਕਾਤ ਕਰਨ ਆਏ ਇਸ ਦੇ ਭਰਾ ਬਲਵਿੰਦਰ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਧੀਰੋਵਾਲ ਥਾਣਾ ਸ੍ਰੀ ਹਰਗੋਬਿੰਦਪੁਰ ਦੀ ਜੇਲ੍ਹ ਡਿਊੜੀ ਵਿੱਚ ਤਲਾਸ਼ੀ ਕੀਤੀ ਗਈ। ਇਸ ਮੌਕੇ ਦੋਸ਼ੀ ਪਾਸੋਂ 85 ਨਸ਼ੀਲੀਆਂ ਜਾਪਦੀਆਂ ਗੋਲੀਆਂ ਬ੍ਰਾਮਦ ਹੋਈਆਂ ਹਨ ਜੋ ਦੋਸ਼ੀ ਨੇ ਪਹਿਲਾਂ ਹੀ ਟੇਪ ਵਿੱਚ ਲਪੇਟ ਕੇ ਆਪਣੇ ਗੁਪਤ ਅੰਗ ਵਿੱਚ ਪਾਈਆਂ ਹੋਈਆਂ ਸਨ। ਉਕਤ ਵਿਅਕਤੀ ਖ਼ਿਲਾਫ਼ ਪੁਲਸ ਨੇ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਮਾਰਸ ਰਿਗਲੀ ਨੇ ਬੂਮਰ ਲਈ ਸਟਾਰ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਨਾਲ ਹੱਥ ਮਿਲਾਇਆ

ਚੰਡੀਗੜ੍ਹ : ਮਾਰਸ ਰਿਗਲੀ ਭਾਰਤ ਦਾ ਸਭ ਤੋਂ ਪੁਰਾਣਾ ਅਤੇ ਪਿਆਰਾ ਫਰੂਟੀ ਬਬਲਗਮ ਬ੍ਰਾਂਡ, ਬੂਮਰ ਨੂੰ ਭਾਰਤ ਦੇ ਸਟਾਰ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਦੇ ਨਾਲ ਇੱਕ ਰੋਮਾਂਚਕ ਕੈਂਪੇਨ ਨੂੰ ਲੈ ਕੇ ਵਾਪਸ ਆਇਆ ਹੈ। ਆਪਣੀ ਗੇਂਦਬਾਜ਼ੀ ਲਈ ਮਸ਼ਹੂਰ ਬੁਮਰਾਹ ਨੂੰ ਪ੍ਰਸ਼ੰਸਕ 'ਬੂਮ ਬੂਮ ਬੁਮਰਾਹ' ਦੇ ਨਾਂਅ ਨਾਲ ਬੁਲਾਉਂਦੇ ਹਨ, ਜਿਸ ਕਾਰਨ ਟੀਮ ਇੰਡੀਆ ਦਾ ਤੇਜ਼ ਗੇਂਦਬਾਜ਼ ਬੂਮਰ ਲਈ ਆਪਣੇ ਗ੍ਰਾਹਕਾਂ ਦੇ ਦਿਲਾਂ ਨੂੰ ਲੁਭਾਉਣ ਲਈ ਬਿਲਕੁਲ ਢੁਕਵਾਂ ਨਾਂਅ ਹੈ ।25 ਸਾਲਾਂ ਤੋਂ ਵੱਧ ਸਮੇਂ ਤੋਂ ਹਾਸੇ-ਮਜ਼ਾਕ ਅਤੇ ਆਪਣੇ ਫਰੂਟੀ ਫਲੇਵਰਾਂ ਨਾਲ ਭਾਰਤੀ ਖਪਤਕਾਰਾਂ ਨੂੰ ਲੁਭਾਉਣ ਵਾਲਾ, ਬੂਮਰ ਦੇਸ਼ ਵਿੱਚ ਇੱਕ ਵਿਰਾਸਤੀ ਬ੍ਰਾਂਡ ਬਣ ਗਿਆ ਹੈ। ਇਸ ਨਵੀਂ ਸਾਂਝੇਦਾਰੀ ਦਾ ਐਲਾਨ ਕਰਦੇ ਹੋਏ, ਮਾਰਸ ਰਿਗਲੀ ਇੰਡੀਆ ਦੇ ਮਾਰਕੀਟਿੰਗ ਅਤੇ ਕਸਟਮਰ ਮਾਰਕੀਟਿੰਗ ਡਾਇਰੈਕਟਰ ਵਰੁਣ ਕੰਧਾਰੀ ਨੇ ਕਿਹਾ, "ਭਾਰਤ ਵਿੱਚ 25 ਸਾਲਾਂ ਤੋਂ ਵੱਧ ਸਮੇਂ ਤੋਂ, ਮਾਰਸ ਰਿਗਲੀ ਦਾ ਬੂਮਰ ਇੱਕ ਵਿਰਾਸਤੀ ਬ੍ਰਾਂਡ ਹੈ , ਜਿਸ ਨੇ ਕਈ ਦਹਾਕਿਆਂ ਤੋਂ ਜ਼ੈੱਨ ਜੀ ਅਤੇ ਮਿਲੇਨੀਅਲ ਗ੍ਰਾਹਕਾਂ ਦੀਆਂ ਪੁਰਾਣੀਆਂ ਯਾਦਾਂ ਨੂੰ ਸੰਭਾਲਿਆ ਹੋਇਆ ਹੈ। "

## ਚੰਗੀ ਸਿਹਤ ਅਤੇ ਬਦਾਮਾਂ ਦੇ ਤੋਹਫੇ ਨਾਲ ਭੈਣ-ਭਰਾ ਦੇ ਪਿਆਰ ਦੀ ਖੁਸ਼ੀ ਮਨਾਓ!

ਲੁਧਿਆਣਾ : ਤਿਉਹਾਰਾਂ ਦਾ ਮਹੀਨਾ ਅਗਸਤ ਸ਼ੁਰੂ ਹੋ ਗਿਆ ਹੈ ਅਤੇ ਭੈਣ-ਭਰਾ ਵਿਚਕਾਰ ਮਿੱਠੇ ਰਿਸ਼ਤੇ ਦੀ ਖੁਸ਼ੀ ਮਨਾਉਣ ਵਾਲਾ ਰੱਖੜੀ ਦਾ ਤਿਉਹਾਰ ਵੀ ਹੁਣ ਨੇੜੇ ਆ ਗਿਆ ਹੈ। ਭੈਣ-ਭਰਾ ਵਿਚਕਾਰ ਇਹ ਰਿਸ਼ਤਾ ਬਹੁਤ ਸਤਿਕਾਰਯੋਗ ਹੈ ਅਤੇ ਇਹ ਭੈਣ-ਭਰਾ ਦੇ ਇੱਕ ਦੂਜੇ ਲਈ ਪਿਆਰ ਅਤੇ ਵਿਸ਼ਵਾਸ ਦਾ ਪ੍ਰਤੀਕ ਹੈ। ਹਰ ਮੌਕੇ ਦੀ ਸ਼ੁਰੂਆਤ ਸ਼ੁੱਭ ਹੋਣੀ ਚਾਹੀਦੀ ਹੈ ਅਤੇ ਤੋਹਫੇ ਵਿੱਚ ਬਦਾਮ ਦੇਣਾ ਇਸ ਤਿਉਹਾਰ ਨੂੰ ਸ਼ੁਰੂ ਕਰਨ ਦਾ ਬਿਲਕੁਲ ਸਹੀ ਤਰੀਕਾ ਹੈ। ਸਿਹਤ ਅਤੇ ਪੋਸ਼ਣ ਦੇ ਗੁਣਾਂ ਨਾਲ ਭਰਪੂਰ, ਬਦਾਮ ਪ੍ਰੋਟੀਨ, ਫਾਈਬਰ, ਗੁੱਡ ਫੈਟਸ, ਵਿਟਾਮਿਨ ਈ, ਕੈਲਸ਼ੀਅਮ ਅਤੇ ਮੈਗਨੀਸ਼ੀਅਮ ਨਾਲ ਭਰਪੂਰ ਹੁੰਦੇ ਹਨ। ਬਦਾਮ ਪੌਦੇ ਤੋਂ ਪ੍ਰਾਪਤ ਹੋਣ ਵਾਲੀ ਪ੍ਰੋਟੀਨ ਦਾ ਇੱਕ ਬਿਹਤਰੀਨ ਸਰੋਤ ਹਨ ਅਤੇ ਲੰਬੇ ਸਮੇਂ ਲਈ ਤੁਹਾਨੂੰ ਊਰਜਾਵਾਨ ਅਤੇ ਸੰਤੁਸ਼ਟ ਰੱਖ ਸਕਦੇ ਹਨ। ਦਿਨ ਵਿੱਚ ਇੱਕ ਮੁੱਠੀ ਭਰ ਬਦਾਮ ਦਿਲ ਦੀ ਸਿਹਤ, ਸ਼ੂਗਰ, ਭਾਰ ਪ੍ਰਬੰਧਨ ਅਤੇ ਚਮੜੀ ਦੀ ਸਿਹਤ ਲਈ ਫਾਇਦੇਮੰਦ ਹੁੰਦੇ ਹਨ।

# ਜ਼ਿਲ੍ਹਾ ਗੁਰਦਾਸਪੁਰ ਦੀਆਂ ਅਦਾਲਤਾਂ 'ਚ 9 ਨੂੰ ਲੱਗੇਗੀ ਕੌਮੀ ਲੋਕ ਅਦਾਲਤ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)** - ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੀਆਂ ਹਦਾਇਤਾਂ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ਵਿੱਚ ਅਗਲੀ ਕੌਮੀ ਲੋਕ ਅਦਾਲਤ 9 ਸਤੰਬਰ ਨੂੰ ਲਗਾਈ ਜਾ ਰਹੀ ਹੈ। 9 ਸਤੰਬਰ ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਸਬੰਧੀ ਜਾਣਕਾਰੀ ਦਿੰਦਿਆਂ ਰਜਿੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ 138 ਐੱਨ.ਆਈ. ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਬਿਜਲੀ, ਪਾਣੀ, ਅਤੇ ਕਮੇਟੀ ਘਰ ਦੇ ਹੋਰ ਕੇਸ ਜਿਵੇਂ ਕਿ ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ, ਸਾਇਟ ਪਲੈਨ ਆਦਿ, ਸਾਰੇ ਤਰਾਂ ਦੇ ਸਿਵਲ ਕੇਸ, ਛੋਟੇ ਘੱਟ ਸਜ਼ਾ ਵਾਲੇ ਅਪਰਾਧ, ਵਿਆਹੁਤਾ ਝਗੜੇ, ਐਮ.ਏ.ਸੀ.ਟੀ. (ਮੋਟਰ ਐਕਸੀਡੈਂਟ) ਦੇ ਕੇਸ, ਇੰਸ਼ੋਰੈਂਸ ਕਲੇਮ ਦੇ ਕੇਸਾਂ ਦਾ ਵੀ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਆਪਣੇ ਝਗੜੇ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਇਸ ਰਾਸ਼ਟਰੀ ਲੋਕ ਅਦਾਲਤ ਜ਼ਰੀਏ ਹੱਲ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਅਰਜ਼ੀ ਆਪਣੇ ਸੰਬੰਧਤ ਕੋਰਟ ਵਿੱਚ ਜਾਂ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ ਵਿਖੇ ਦੇ ਸਕਦਾ ਹੈ। ਉਨ੍ਹਾਂ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਹੱਲ ਕੀਤੇ ਜਾਂਦੇ ਮੁਕੱਦਮਿਆਂ ਦੀ ਅੱਗੇ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ ਅਤੇ ਲੋਕ ਅਦਾਲਤ ਰਾਹੀਂ ਹੱਲ ਕੀਤੇ ਗਏ ਮਾਮਲੇ ਦਾ ਫੈਸਲਾ ਅੰਤਿਮ ਹੁੰਦਾ ਹੈ। ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਨੇ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਆਪਣੇ ਮੁਕੱਦਮੇ ਹੱਲ ਕਰਵਾਉਣ ਲਈ ਜਿਥੇ ਲੋਕਾਂ ਦੇ ਪੈਸੇ ਦੀ ਬੱਚਤ ਹੁੰਦੀ ਹੈ ਉਥੇ ਦੋਹਾਂ ਧਿਰਾਂ ਵਿੱਚ ਪ੍ਰੇਮ ਪਿਆਰ ਵੀ ਬਣਿਆ ਰਹਿੰਦਾ ਹੈ ਅਤੇ ਕੋਈ ਵੀ ਧਿਰ ਆਪਣੇ ਆਪ ਨੂੰ ਜਿੱਤੀ ਜਾਂ ਹਾਰੀ ਮਹਿਸੂਸ ਨਹੀਂ ਕਰਦੀ।

## ਸੱਜਣ ਕੁਮਾਰ ਤੋਂ ਜਨਕਪੁਰੀ ਤੇ ਵਿਕਾਸਪੁਰੀ ਕੇਸ 'ਚ ਧਾਰਾ 302 ਹਟਾਉਣਾ ਮੰਦਭਾਗਾ : ਧਾਮੀ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਦਿੱਲੀ 'ਚ 1984 ਸਿੱਖ ਕਤਲੇਆਮ ਦੇ ਦੋਸ਼ੀ ਕਾਂਗਰਸ ਆਗੂ ਸੱਜਣ ਕੁਮਾਰ ਵਿਰੁੱਧ ਜਨਕਪੁਰੀ ਤੇ ਵਿਕਾਸਪੁਰੀ ਮਾਮਲੇ ਵਿਚ ਚੱਲ ਰਹੇ ਕੇਸ 'ਚੋਂ 302 ਧਾਰਾ ਹਟਾਉਣੀ ਮੰਦਭਾਗੀ ਹੈ। ਪਿਛਲੇ 38 ਸਾਲਾਂ ਤੋਂ ਇਨਸਾਫ਼ ਦੀ ਮੰਗ ਕਰ ਰਹੇ ਪੀੜਤਾਂ ਨੂੰ ਇਸ ਨਾਲ ਮਾਨਸਿਕ ਸੱਟ ਵੱਜੀ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜਾਰੀ ਇੱਕ ਬਿਆਨ ਵਿਚ ਕੀਤਾ। ਐਡਵੋਕੇਟ ਧਾਮੀ ਨੇ ਕਿਹਾ ਕਿ 1984 ਦਾ ਸਿੱਖ ਕਤਲੇਆਮ ਮਨੁੱਖੀ ਇਤਿਹਾਸ ਵਿੱਚ ਮਾਨਵ ਵਿਰੋਧੀ ਕਰੂਰ ਕਾਰੇ ਦੀ ਸਿਖਰ ਵਜੋਂ ਅੰਕਿਤ ਹੈ, ਜਿਸ ਦੇ ਪੀੜਤ ਕਰੀਬ 4 ਦਹਾਕਿਆਂ ਤੋਂ ਇਨਸਾਫ਼ ਲਈ ਸੰਘਰਸ਼ ਕਰ ਰਹੇ ਹਨ, ਪਰੰਤੂ ਦੁੱਖ ਦੀ ਗੱਲ ਹੈ ਕਿ ਪੀੜਤਾਂ ਨੂੰ ਨਿਆਂ ਨਹੀਂ ਦਿੱਤਾ ਜਾ ਰਿਹਾ। ਉਨ੍ਹਾ ਕਿਹਾ ਕਿ ਕਾਂਗਰਸ ਆਗੂ ਸੱਜਣ ਕੁਮਾਰ ਸਾਫ਼ ਤੌਰ 'ਤੇ ਦਿੱਲੀ ਸਿੱਖ ਕਤਲੇਆਮ ਦਾ ਦੋਸ਼ੀ ਹੈ, ਜੋ ਪਹਿਲਾਂ ਹੀ ਇੱਕ ਕੇਸ ਵਿਚ ਕੈਦ ਕੱਟ ਰਿਹਾ ਹੈ। ਭਾਵੇਂ ਕਿ ਜਨਕਪੁਰੀ ਤੇ ਵਿਕਾਸਪੁਰੀ ਮਾਮਲੇ ਵਿੱਚ ਕਈ ਧਾਰਾਵਾਂ ਤਹਿਤ ਅਦਾਲਤ ਵੱਲੋਂ ਦੋਸ਼ ਆਇਦ ਕਰਨਾ ਸਵਾਗਤਯੋਗ ਹੈ ਪਰ ਧਾਰਾ 302 ਹਟਾਉਣੀ ਠੀਕ ਨਹੀਂ ਹੈ, ਕਿਉਂਕਿ ਇਹ ਮਾਮਲਾ ਸਿੱਖਾਂ ਦੇ ਕਤਲੇਆਮ ਨਾਲ ਜੁੜਿਆ ਹੋਇਆ ਹੈ। ਉਨ੍ਹਾ ਕਿਹਾ ਕਿ ਸੱਜਣ ਕੁਮਾਰ ਨੂੰ ਹਰ ਕੇਸ ਵਿਚ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਜੋ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਮਿਲ ਸਕੇ।

## ਸੇਨਹਾਈਜ਼ਰ ਨੇ ਏ ਐਮ ਬੀ ਈ ਓ ਸਾਊਂਡਬਾਰ ਪਲੱਸ ਅਤੇ ਏ ਐਮ ਬੀ ਈ ਓ ਸਬ ਲਾਂਚ ਕੀਤੇ

ਅੰਮ੍ਰਿਤਸਰ : ਏ ਐਮ ਬੀ ਈ ਓ ਸਾਊਂਡਬਾਰ ਲਾਈਨ-ਅੱਪ ਦਾ ਵਿਸਤਾਰ ਕਰਦੇ ਹੋਏ, ਸੇਨਹਾਈਜ਼ਰ ਨੇ ਅੱਜ ਨਵੇਂ ਏ ਐਮ ਬੀ ਈ ਓ ਸਾਊਂਡਬਾਰ ਪਲੱਸ ਅਤੇ ਏ ਐਮ ਬੀ ਈ ਓ ਸਬ ਦੇ ਲਾਂਚ ਦੀ ਘੋਸ਼ਣਾ ਕੀਤੀ ਹੈ। ਇਹ ਏ ਐਮ ਬੀ ਈ ਓ ਸਾਊਂਡਬਾਰ ਪਲੱਸ ਅਤੇ ਏ ਐਮ ਬੀ ਈ ਓ ਸਬ ਆਪਣੇ ਘਰਾਂ ਵਿੱਚ ਸਭ ਤੋਂ ਵਧੀਆ ਇਮਰਸਿਵ ਸਾਊਂਡ ਲਿਆਉਣ ਦੇ ਇੱਛੁਕ ਉਪਭੋਗਤਾਵਾਂ ਲਈ ਅਡੀਸ਼ਨਲ ਵਿਕਲਪਾਂ ਦੀ ਪੇਸ਼ਕਸ ਕਰਦੇ ਹਨ । ਦੁਨੀਆ ਦਾ ਪਹਿਲਾ 7.1.4. ਸਟੈਂਡਅਲੋਨ ਸਾਊਂਡਬਾਰ, ਏ ਐਮ ਬੀ ਈ ਓ ਸਾਊਂਡਬਾਰ ਪਲੱਸ ਉਪਭੋਗਤਾ ਨੂੰ ਸੈਂਟਰ ਆੱਫ ਦਾ ਐਕਸ਼ਨ ਰੱਖਦਾ ਹੈ - ਪਰ ਹੁਣ ਏ ਐਮ ਬੀ ਈ ਓ ਸਾਊਂਡਬਾਰ ਮੈਕਸ, ਜੋ ਪਹਿਲਾਂ ਏ ਐਮ ਬੀ ਈ ਓ ਸਾਊਂਡਬਾਰ ਵਜੋਂ ਜਾਣਿਆ ਜਾਂਦਾ ਸੀ, ਇਸ ਤੋਂ ਵੀ ਬੇਹਤਰ ਅਤੇ ਵਧੇਰੇ ਕੰਪੈਕਟ ਹਾਊਸਿੰਗ ਵਿੱਚ ਹੈ। ਸੇਨਹਾਈਜ਼ਰ ਕੰਜ਼ਿਊਮਰ ਬਿਜ਼ਨਸ ਭਾਰਤ ਦੇ ਜਨਰਲ ਮੈਨੇਜਰ ਵਿਜੇ ਸ਼ਰਮਾ ਨੇ ਕਿਹਾ , "ਏ ਐਮ ਬੀ ਈ ਓ ਸਾਊਂਡਬਾਰ ਪਲੱਸ ਅਤੇ ਏ ਐਮ ਬੀ ਈ ਓ ਸਬ ਦਾ ਨਿਰਮਾਣ ਅਵਾਰਡ ਜੇਤੂ ਏ ਐਮ ਬੀ ਈ ਓ ਸਾਊਂਡਬਾਰ ਮੈਕਸ ਦੀ ਸਫਲਤਾ ਉੱਤੇ ਹੈ, ਜਿਸ ਨੂੰ ਸਮੀਖਿਅਕਾਂ ਦੁਆਰਾ ਵਿਸ਼ਵ ਵਿੱਚ ਸਭ ਤੋਂ ਵਧੀਆ ਸਾਊਂਡਬਾਰ ਦਾ ਦਰਜਾ ਦਿੱਤਾ ਗਿਆ ਹੈ ।"

ਖੇਡਾਂ ਵਤਨ ਪੰਜਾਬ ਦੀਆਂ- ਸੀਜ਼ਨ-2

# ਮੁੱਖ ਮੰਤਰੀ ਮਾਨ 29 ਨੂੰ ਬਠਿੰਡਾ ਵਿਖੇ ਖੇਡਾਂ ਦਾ ਕਰਨਗੇ ਉਦਘਾਟਨ : ਚੇਅਰਮੈਨ ਸੇਖਵਾਂ



ਧਾਰੀਵਾਲ, (ਮਨਦੀਪ ਸਿੰਘ ਵਿੱਕੀ) - ਮੁੱਖ ਮੰਤਰੀ ਭਗਵੰਤ ਸਿੰਘ ਮਾਨ 29 ਅਗਸਤ ਨੂੰ ਕੌਮੀ ਖੇਡ ਦਿਵਸ ਵਾਲੇ ਦਿਨ ਬਠਿੰਡਾ ਦੇ ਸ਼ਹੀਦ ਭਗਤ ਸਿੰਘ ਖੇਡ ਸਟੇਡੀਅਮ ਵਿਖੇ 'ਖੇਡਾਂ ਵਤਨ ਪੰਜਾਬ ਦੀਆਂ' ਦੇ ਸੀਜ਼ਨ-2 ਦਾ ਉਦਘਾਟਨ ਕਰਨਗੇ। ਇਸ ਵਾਰ ਖੇਡਾਂ ਵਤਨ ਪੰਜਾਬ ਦੀਆਂ-2023 ਵਿੱਚ 5 ਨਵੀਆਂ ਖੇਡਾਂ ਸਾਈਕਲਿੰਗ, ਘੋੜਸਵਾਰੀ, ਰਗਬੀ, ਵੁਸ਼ੂ ਤੇ ਵਾਲੀਬਾਲ (ਸ਼ੂਟਿੰਗ) ਸ਼ਾਮਲ ਕੀਤੀਆਂ ਗਈਆਂ ਹਨ ਅਤੇ ਉਮਰ ਵਰਗਾਂ ਦੀ ਗਿਣਤੀ ਵੀ ਛੇ ਤੋਂ ਵਧਾ ਕੇ ਅੱਠ ਕਰ ਦਿੱਤੀ ਹੈ। ਖਿਡਾਰੀਆਂ ਦੀ ਰਜਿਸਟਰੇਸ਼ਨ ਲਈ ਮੁੱਖ ਮੰਤਰੀ ਵੱਲੋਂ www.khedanwatanpunjab-dia.com ਪੋਰਟਲ ਲਾਂਚ ਕੀਤਾ ਗਿਆ ਹੈ, ਜਿਸ ਉਤੇ ਖਿਡਾਰੀ ਰਜਿਸਟਰੇਸ਼ਨ ਕਰਵਾ ਰਹੇ ਹਨ। ਇਸ ਸਬੰਧੀ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਨੇ ਦੱਸਿਆ ਕਿ ਇਸ ਵਾਰ 35 ਖੇਡਾਂ ਵਿੱਚ ਅੱਠ ਉਮਰ ਵਰਗਾਂ ਦੇ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾ ਅੱਗੇ ਦੱਸਿਆ ਕਿ ਇਸ ਵਾਰ ਅੱਠ ਉਮਰ ਵਰਗ ਅੰਡਰ 14, ਅੰਡਰ 17, ਅੰਡਰ 21, 21-30 ਸਾਲ, 31-40 ਸਾਲ, 41-55 ਸਾਲ, 56-65 ਸਾਲ ਅਤੇ 65 ਸਾਲ ਤੋਂ ਉਮਰ ਵਰਗ ਸ਼ਾਮਲ ਹਨ। ਅਥਲੈਟਿਕਸ, ਹਾਕੀ, ਫੁਟਬਾਲ, ਵਾਲੀਬਾਲ (ਸ਼ੂਟਿੰਗ ਤੇ ਸਮੈਸ਼ਿੰਗ), ਕਬੱਡੀ (ਸਰਕਲ ਤੇ ਨੈਸ਼ਨਲ ਸਟਾਈਲ), ਹੈਂਡਬਾਲ, ਮੁੱਕੇਬਾਜ਼ੀ, ਬਾਸਕਟਬਾਲ, ਕੁਸ਼ਤੀ, ਜੂਡੋ, ਤੀਰਅੰਦਾਜ਼ੀ, ਨਿਸ਼ਾਨੇਬਾਜ਼ੀ, ਪਾਵਰ ਲਿਫਟਿੰਗ, ਲਾਅਨ ਟੈਨਿਸ, ਬੈਡਮਿੰਟਨ, ਕਿੱਕ ਬਾਕਸਿੰਗ, ਕਾਏਕਿੰਗ ਤੇ ਕੈਨੋਇੰਗ, ਖੋ ਖੋ, ਜਿਮਨਾਸਟਕ, ਤੈਰਾਕੀ, ਨੈਟਬਾਲ, ਗਤਕਾ, ਸਤਰੰਜ਼, ਟੇਬਲ ਟੈਨਿਸ, ਰੋਲਰ ਸਕੇਟਿੰਗ, ਵੇਟਲਿਫਟਿੰਗ, ਸਾਫਟਬਾਲ, ਰੋਇੰਗ, ਘੋੜਸਵਾਰੀ, ਸਾਈਕਲਿੰਗ, ਵੁਸ਼ੂ, ਰਗਬੀ ਤੇ ਤਲਵਾਰਬਾਜ਼ੀ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਸੇਖਵਾਂ ਨੇ ਅੱਗੇ ਦੱਸਿਆ ਕਿ ਬਲਾਕ ਪੱਧਰੀ ਮੁਕਾਬਲੇ 1 ਤੋਂ 10 ਸਤੰਬਰ ਤੱਕ, ਜ਼ਿਲਾ ਪੱਧਰੀ ਮੁਕਾਬਲੇ 16 ਤੋਂ 26 ਸਤੰਬਰ ਤੱਕ ਅਤੇ ਸੂਬਾ ਪੱਧਰੀ ਮੁਕਾਬਲੇ 1 ਤੋਂ 20 ਅਕਤੂਬਰ ਤੱਕ ਕਰਵਾਏ ਜਾਣਗੇ। ਸੂਬਾ ਪੱਧਰ 'ਤੇ ਪਹਿਲੇ, ਦੂਜੇ ਤੇ ਤੀਜੇ ਸਥਾਨ ਉਤੇ ਆਉਣ ਵਾਲਿਆਂ ਨੂੰ ਕ੍ਰਮਵਾਰ 10, 7 ਤੇ 5 ਹਜ਼ਾਰ ਰੁਪਏ ਦੇ ਇਨਾਮ ਮਿਲਣਗੇ। ਉਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚ ਖੇਡਾਂ ਦਾ ਸੱਭਿਆਚਾਰ ਪੈਦਾ ਕਰਨ ਅਤੇ ਪੰਜਾਬ ਨੂੰ ਖੇਡਾਂ ਵਿੱਚ ਦੇਸ਼ ਦਾ ਨੰਬਰ ਇਕ ਸੂਬਾ ਪੈਦਾ ਕਰਨ ਦੇ ਸੁਫ਼ਨੇ ਨੂੰ ਹਕੀਕੀ ਰੂਪ ਦੇਣ ਲਈ ਉਲੀਕੀਆਂ ਗਈਆਂ ਖੇਡਾਂ ਵਤਨ ਪੰਜਾਬ ਦੀਆਂ ਪਹਿਲੇ ਸਾਲ ਦੀ ਸਫਲਤਾ ਤੋਂ ਬਾਅਦ ਇਸ ਸਾਲ ਦੂਜੀਆਂ ਖੇਡਾਂ ਵਤਨ ਪੰਜਾਬ ਦੀਆਂ ਕਰਵਾਉਣ ਲਈ ਵਿਭਾਗ ਵੱਲੋਂ ਪੂਰੀ ਤਿਆਰੀ ਕੀਤੀ ਜਾ ਰਹੀ ਹੈ।

# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਜੌੜਾ ਛੱਤਰਾਂ 'ਚ ਵਿਸ਼ੇਸ਼ ਕੈਂਪ



ਧਾਰੀਵਾਲ, (ਮਨਦੀਪ ਸਿੰਘ ਵਿੱਕੀ) - ਕਿਸਾਨਾਂ ਨੂੰ ਫਸਲਾਂ ਦੀ ਰਹਿੰਦ ਖੂੰਹਦ ਦਾ ਅੱਗ ਲਗਾਏ ਬਗੈਰ ਨਿਪਟਾਰਾ ਕਰਨ ਸੰਬੰਧੀ ਸਿਖਲਾਈ ਦੇਣ ਲਈ ਅੱਜ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਬਲਾਕ ਗੁਰਦਾਸਪੁਰ ਦੇ ਪਿੰਡ ਜੌੜਾ ਛੱਤਰਾਂ ਵਿਖੇ ਵਿਸ਼ੇਸ਼ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਜਦ ਕਿ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਡਾ. ਕਿਰਪਾਲ ਸਿੰਘ ਢਿਲੋਂ ਨੇ ਕੈਂਪ ਦੀ ਪ੍ਰਧਾਨਗੀ ਕੀਤੀ। ਖੇਤੀਬਾੜੀ ਅਧਿਕਾਰੀ ਡਾ. ਰਵਿੰਦਰ ਸਿੰਘ ਅਤੇ ਏ ਡੀ ਓ ਡਾ. ਮਨਜੀਤ ਸਿੰਘ ਦੇ ਪ੍ਰਬੰਧਾਂ ਹੇਠ ਲਗਾਏ ਗਏ ਇਸ ਕੈਂਪ ਵਿਚ ਕਿਸਾਨ ਸਮੂਹ ਗਰੁੱਪਾਂ ਵੱਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ ਅਤੇ ਨਾਲ ਹੀ ਨਵੇਂ ਖੇਤੀ ਸੰਦਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਕੈਂਪ ਦੌਰਾਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਕਿਸੇ ਵੀ ਸੂਰਤ ਵਿਚ ਫਸਲੀ ਰਹਿੰਦ-ਖੂੰਹਦ ਨੂੰ ਅੱਗ ਬਿਲਕੁਲ ਨਾ ਲਗਾਈ ਜਾਵੇ।

ਜੇਕਰ ਕਿਸੇ ਕਿਸਾਨ ਨੂੰ ਰਹਿੰਦ ਖੂੰਹਦ ਦਾ ਨਿਪਟਾਰਾ ਕਰਨ ਵਿਚ ਮੁਸ਼ਕਲ ਵਿਚ ਪੇਸ਼ ਆਉਂਦੀ ਹੈ ਤਾਂ ਖੇਤੀ ਮਾਹਰਾਂ ਦੇ ਧਿਆਨ ਵਿਚ ਲਿਆਂਦਾ ਜਾਵੇ। ਉਨਾਂ ਕਿਹਾ ਕਿ ਅੱਗ ਲਗਾਉਣ ਨਾਲ ਮਿੱਟੀ, ਹਵਾ, ਬਨਸਪਤੀ ਤੇ ਜੀਵ ਜੰਤੂਆਂ ਦਾ ਬਹੁਤ ਵੱਡਾ ਨੁਕਸਾਨ ਹੁੰਦਾ ਹੈ। ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ 1000 ਬੂਟੇ ਵੰਡੇ ਅਤੇ ਨਾਲ ਹੀ ਅਪੀਲ ਕੀਤੀ ਕਿ ਵਾਤਾਵਾਰਨ ਦੀ ਸ਼ੁੱਧਤਾ ਬਣਾਈ ਰੱਖਣ ਲਈ ਜ਼ਿਆਦਾ ਤੋਂ ਜ਼ਿਆਦਾ ਪੌਦੇ ਲਗਾਏ ਜਾਣ। ਇਸ ਤੋਂ ਪਹਿਲਾਂ ਏ ਡੀ ਓ ਡਾ. ਮਨਜੀਤ ਸਿੰਘ ਨੇ ਸਟੇਜ ਸਕੱਤਰ ਦੇ ਫਰਜ਼ ਨਿਭਾਉਂਦਿਆਂ ਕਿਸਾਨਾਂ ਨੂੰ ਖੇਤੀਬਾੜੀ ਵਿਭਾਗ ਦੀਆਂ ਯੋਜਨਾਵਾਂ ਤੇ ਹੋਰ ਅਹਿਮ ਨੁਕਤਿਆਂ ਤੋਂ ਜਾਣੂ ਕਰਵਾਇਆ।

ਏ ਡੀ ਓ ਡਾ. ਮਨਪ੍ਰੀਤ ਸਿੰਘ ਨੇ ਪੌਦ ਸੁਰੱਖਿਆ, ਮਿੱਤਰਮਾਨ ਸਿੰਘ ਗੰਨੇ ਬਾਰੇ, ਡਾ. ਪ੍ਰਿਤਪਾਲ ਸਿੰਘ ਬਾਠ ਨੇ ਬਾਗਬਾਨੀ ਬਾਰੇ, ਡਾ. ਦਿਲਰਾਜ ਸਿੰਘ ਨੇ ਪੀ ਐਮ ਕਿਸਾਨ ਸਨਮਾਨ ਯੋਜਨਾ ਬਾਰੇ, ਡਾ. ਏ ਐਸ ਬੱਲ ਨੇ ਫਸਲਾਂ ਦੀ ਕਾਸ਼ਤ ਸੰਬੰਧੀ, ਪਿੰਦਰਪਾਲ ਸਿੰਘ ਆਦਿ ਨੇ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ।

ਹੈਪੀ ਪੱਡਾ ਨੇ ਕੈਂਪ ਦੇ ਪ੍ਰਬੰਧਾਂ ਵਿਚ ਵਿਸ਼ੇਸ਼ ਸਹਿਯੋਗ ਦਿੱਤਾ। ਕੈਂਪ ਦੌਰਾਨ ਹਨੀ ਬਹਿਲ, ਡਿਪਟੀ ਡਾਇਰੈਕਟਰ ਡਾ. ਤਜਿੰਦਰ ਸਿੰਘ, ਨਿਸ਼ਾਨ ਸਿੰਘ ਆਪ ਆਗੂ, ਖੇਤੀਬਾੜੀ ਵਿਭਾਗ ਦੇ ਅਧਿਕਾਰੀ, ਆਤਮਾ ਸਟਾਫ ਅਤੇ ਕਿਸਾਨ ਵੱਡੀ ਗਿਣਤੀ ਵਿਚ ਮੌਜੂਦ ਸਨ।

## ਮਹੱਤਵਪੂਰਨ ਮਾਵਾਂ ਦੇ ਟੀਕੇ ਜਿਨ੍ਹਾਂ ਨੂੰ ਖੁੰਝਾਇਆ ਨਹੀਂ ਜਾਣਾ ਚਾਹੀਦਾ

ਪਟਿਆਲਾ : ਹਾਲਾਂਕਿ ਗਰਭ ਅਵਸਥਾ ਇੱਕ ਔਰਤ ਲਈ ਇੱਕ ਖੁਸ਼ਨੁਮਾ ਸਮਾਂ ਹੋ ਸਕਦਾ ਹੈ, ਪਰ ਇਹ ਚੁਣੌਤੀਪੂਰਨ ਵੀ ਹੋ ਸਕਦਾ ਹੈ, ਖਾਸ ਤੌਰ 'ਤੇ ਬਿਮਾਰੀਆਂ ਦੇ ਅਚਾਨਕ ਵਾਧੇ ਦੇ ਨਾਲ। ਡਾ. ਗੋਲਡੀ ਕੰਬੋਜ, ਸੀਨੀਅਰ ਕੰਸਲਟੈਂਟ, ਪ੍ਰਸੂਤੀ ਅਤੇ ਗਾਇਨੀਕੋਲੋਜੀ, ਮਨੀਪਾਲ ਹਸਪਤਾਲ, ਪਟਿਆਲਾ ਨੇ ਕਿਹਾ ਕਿ, "ਮਾਂ ਦੇ ਟੀਕਾਕਰਨ ਵੱਲ ਧਿਆਨ ਦੇਣਾ ਮਹੱਤਵਪੂਰਨ ਹੈ ਕਿਉਂਕਿ ਇਹ ਮਾਂ ਅਤੇ ਬੱਚੇ ਦੋਵਾਂ ਲਈ ਲਾਭਮੰਦ ਹੈ। ਗਰਭ ਅਵਸਥਾ ਦੇ ਟੀਕੇ ਸਿੱਧੇ ਤੌਰ 'ਤੇ ਮਾਂ ਨੂੰ ਉਨ੍ਹਾਂ ਬਿਮਾਰੀਆਂ ਤੋਂ ਬਚਾ ਸਕਦੇ ਹਨ ਜਿਨ੍ਹਾਂ ਤੋਂ ਬਚਿਆ ਜਾ ਸਕਦਾ ਹੈ, ਇਸ ਲਈ ਵਿਕਾਸਸ਼ੀਲ ਭਰੂਣ ਦੀ ਰੱਖਿਆ ਵੀ ਕੀਤੀ ਜਾ ਸਕਦੀ ਹੈ। ਡਾ. ਗੋਲਡੀ ਕੰਬੋਜ ਨੇ ਕੁਝ ਖਾਸ ਟੀਕੇ ਵੀ ਦੱਸੇ ਹਨ ਜੋ ਹਰ ਔਰਤ ਨੂੰ ਗਰਭ ਅਵਸਥਾ ਦੌਰਾਨ ਲਗਵਾਏ ਚਾਹੀਦੇ ਹਨ ਜੋ ਨਾ ਸਿਰਫ ਬੱਚੇ ਲਈ ਸੁਰੱਖਿਅਤ ਹਨ ਬਲਕਿ ਜਨਮ ਤੋਂ ਬਾਅਦ ਕਈ ਮਹੀਨਿਆਂ ਤੱਕ ਫਲੂ ਤੋਂ ਵੀ ਬਚਾਉਂਦੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ:-ਫਲੂ (ਇਨਫਲੂਏਂਜਾ) ਟੀਕਾਕਰਨ, ਹੈਪੇਟਾਈਟਸ ਬੀ ਵੈਕਸੀਨ।

## ਚੰਦਰਯਾਨ -3 ਦੀ ਚੰਨ ਦੇ ਦੱਖਣੀ ਧਰੁਵ 'ਤੇ ਸਫਲਤਾ ਪੂਰਵਕ ਲੈਂਡਿੰਗ ਨਾਲ ਭਾਰਤ ਵਿਸ਼ਵ ਦਾ ਪਹਿਲਾ ਦੇਸ਼ ਬਣਿਆ : ਡਾ. ਸੋਹਲ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਤਰਨ ਤਾਰਨ ਦੇ ਵਿਧਾਇਕ ਅਤੇ ਵਿਕਾਸ ਮੰਚ ਪੰਜਾਬ (ਰਜਿ) ਦੇ ਪ੍ਰਧਾਨ ਡਾ. ਕਸ਼ਮੀਰ ਸਿੰਘ ਸੋਹਲ ਨੇ ਸਮੂਹ ਭਾਰਤੀਆਂ ਨੂੰ ਚੰਦਰਯਾਨ -3 ਦੇ ਸਫਲਤਾ ਪੂਰਵਕ ਚੰਨ 'ਤੇ ਲੈਂਡਿੰਗ ਕਰਨ ਦੀ ਵਧਾਈ ਦਿੰਦੇ ਹੋਏ ਇਸ ਇਤਿਹਾਸਕ ਘਟਨਾ ਨੂੰ ਇਸਰੋ ਵਿਗਿਆਨੀਆਂ ਦੀ ਮਹਾਨ ਪ੍ਰਾਪਤੀ ਦੱਸਿਆ ਹੈ। ਡਾ. ਸੋਹਲ ਵਿਕਾਸ ਮੰਚ ਪੰਜਾਬ ਵੱਲੋਂ ਚੰਦਰਯਾਨ ਤਿੰਨ ਦੀ ਦੱਖਣੀ ਧਰੁਵ ਤੇ ਸਫਲ ਸਾਫਟ ਲੈਂਡਿੰਗ ਦੀ ਖੁਸ਼ੀ ਵਿੱਚ ਬੁਲਾਈ ਇੱਕ ਵਿਸ਼ੇਸ਼ ਬੈਠਕ ਨੂੰ ਸੰਬੋਧਨ ਕਰ ਰਹੇ ਸਨ।

ਡਾਕਟਰ ਸੋਹਲ ਨੇ ਕਿਹਾ ਕਿ ਇਸਰੋ ਦੇ ਵਿਗਿਆਨੀਆਂ ਦੀ ਸਖਤ ਮਿਹਨਤ ਸਦਕਾ ਅੱਜ ਭਾਰਤ ਚੰਨ ਤੇ ਉਪਗ੍ਰਹਿ ਭੇਜਣ ਵਾਲਾ ਚੌਥਾ ਦੇਸ ਅਤੇ ਦੱਖਣੀ ਧਰੁਵ ਤੇ ਚੰਦਰਯਾਨ ਭੇਜਣ ਵਾਲਾ ਵਿਸ਼ਵ ਦਾ ਪਹਿਲਾ ਦੇਸ਼ ਬਣ ਗਿਆ ਹੈ। ਜੋ ਸਾਡੇ ਸਾਰਿਆਂ ਲਈ ਮਾਣ ਦੀ ਗੱਲ ਹੈ। ਇਸ ਮੌਕੇ ਵਿਕਾਸ ਮੰਚ ਪੰਜਾਬ ਦੇ ਮੀਤ ਪ੍ਰਧਾਨ ਪ੍ਰਿੰਸੀਪਲ ਫੂਲਾ ਸਿੰਘ ਨੇ ਆਪਣੇ ਵਧਾਈ ਸੰਦੇਸ਼ ਵਿੱਚ ਭਾਰਤ ਦੀ ਵਿਗਿਆਨ ਅਤੇ ਤਕਨੋਲਜੀ ਦੇ ਖੇਤਰ ਵਿੱਚ ਹੋ ਰਹੀ ਤਰੱਕੀ 'ਤੇ ਖੁਸ਼ੀ ਪ੍ਰਗਟਾਈ ਅਤੇ ਕਿਹਾ ਕਿ ਇਸਰੋ ਦੇ ਵਿਗਿਆਨੀਆਂ ਨੇ ਚੰਦਰਯਾਨ-1 ਅਤੇ ਚੰਦਰਯਾਨ-2 ਦੇ ਮਿਸ਼ਨਾਂ ਵਿੱਚ ਪੇਸ਼ ਆਈਆ ਸਮੱਸਿਆਵਾਂ ਨੂੰ ਚੰਦ੍ਰਯਾਨ ਤਿੰਨ ਦੇ ਮਿਸ਼ਨ ਵਿੱਚ ਦੂਰ ਕਰਕੇ ਇੱਕ ਨਵਾਂ ਇਤਿਹਾਸ ਰਚਿਆ ਹੈ। ਜਿਸ ਵਾਸਤੇ ਇਸਰੋ ਦੀ ਸਮੁੱਚੀ ਟੀਮ ਵਧਾਈ ਦੀ ਹੱਕਦਾਰ ਹੈ।

ਇਸ ਮੌਕੇ ਡਾਕਟਰ ਨਵਜੀਤ ਸਿੰਘ, ਐਡਵੋਕੇਟ ਕੋਮਲਪ੍ਰੀਤ ਸਿੰਘ ਪੀ ਏ, ਐਡਵੋਕੇਟ ਪ੍ਰਦੀਪ ਸਿੰਘ, ਪ੍ਰਿੰ: ਫੂਲਾ ਸਿੰਘ, ਪ੍ਰਿੰਸੀਪਲ ਗੁਰਚਰਨ ਸਿੰਘ, ਗੁਰਬੀਰ ਸਿੰਘ ਛੀਨਾ, ਜਸਵਿੰਦਰ ਸਿੰਘ ਖਾਲਸਾ, ਹਰਜਿੰਦਰ ਸਿੰਘ ਛੀਨਾ, ਪਲਵਿੰਦਰ ਸਿੰਘ ਸਿੱਧਵਾਂ, ਕੰਵਲਜੀਤ ਸਿੰਘ ਭੁੱਚਰ, ਗੁਰਪ੍ਰੀਤ ਸਿੰਘ, ਬਲਦੇਵ ਸਿੰਘ, ਜੋਤੀ ਰਾਜਪੂਤ, ਲਵਪ੍ਰੀਤ ਕੌਰ, ਸਾਗਰਦੀਪ ਸਿੰਘ, ਦੇਵ ਸਿੰਘ ਸੋਨੂੰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਕੈਬਨਿਟ ਮੰਤਰੀ ਧਾਲੀਵਾਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅਜਨਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ



ਅਜਨਾਲਾ, (ਸੁਖਤਿੰਦਰ ਸਿੰਘ ਰਾਜੂ )- ਪੰਜਾਬ ਸਰਕਾਰ ਦੇ ਸਹਿਯੋਗ ਨਾਲ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਸ਼ਹਿਰ ਦੇ ਕਰਵਾਏ ਜਾ ਰਹੇ ਬਹੁ-ਪੱਖੀ ਵਿਕਾਸ ਕਾਰਜਾਂ ਤਹਿਤ ਸਥਾਨਕ ਸ਼ਹਿਰ ਅਜਨਾਲਾ ਦੇ ਵਾਰਡ ਨੰਬਰ 10 ਦੇ ਭੱਖਾ ਤਾਰਾ ਸਿੰਘ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਦਾ ਆਮ ਆਦਮੀ ਪਾਰਟੀ ਦੇ ਅਜਨਾਲਾ ਸ਼ਹਿਰੀ ਦੇ ਪ੍ਰਧਾਨ ਦੀਪਕ ਚੈਨਪੁਰੀਆ ਤੇ ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਜਾਇਜ਼ਾ ਲਿਆ।

ਇਸ ਮੌਕੇ 'ਆਪ' ਦੇ ਸ਼ਹਿਰੀ ਪ੍ਰਧਾਨ ਦੀਪਕ ਚੈਨਪੁਰੀਆ ਨੇ ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ 'ਆਪ' ਦੇ ਵਾਰਡ ਨੰ. 10 ਦੇ ਇੰਚਾਰਜ ਸੁਖਦਿਆਲ ਸਿੰਘ ਭੱਖਾ ਦੀ ਮੌਜੂਦਗੀ 'ਚ ਦੱਸਿਆ ਕਿ ਕੈਬਨਿਟ ਮੰਤਰੀ ਧਾਲੀਵਾਲ ਦੇ ਦਿਸ਼ਾ-ਨਿਰਦੇਸ਼ਾਂ 'ਤੇ ਉਨ੍ਹਾਂ ਵੱਲੋਂ ਭੱਖਾ ਤਾਰਾ ਸਿੰਘ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਤਹਿਤ ਕਰੀਬ 56 ਲੱਖ ਰੁਪਏ ਦੀ ਲਾਗਤ ਨਾਲ ਬਣ ਰਹੀ ਗਲੀ ਨੂੰ ਚੰਗੀ ਗੁਣਵੱਤਾ ਵਾਲੇ ਮਟੀਰੀਅਲ ਨਾਲ ਮੁਨਿਆਦ ਭਰਪੂਰ ਬਣਾਉਣ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਦੇ ਮੱਦੇਨਜ਼ਰ ਜਾਇਜ਼ਾ ਲਿਆ ਗਿਆ ਹੈ ।

ਇਸ ਮੌਕੇ 'ਆਪ' ਦੇ ਵਾਰਡ ਇੰਚਾਰਜ ਪਵਿੱਤਰ ਸਿੰਘ ਫੈਂਸੀ, ਠੇਕੇਦਾਰ ਹਰਜੀਤ ਸਿੰਘ ਬੂੜੇਵਾਲ, ਵਿੱਕੀ ਅੱਡਾ ਇੰਚਾਰਜ, ਅਮਰਦੀਪ ਸਿੰਘ ਰਿੱਕੂ, ਅਮਿਤ ਪੁਰੀ, ਗੋਰਾ ਸੱਗੂ, ਦੀਪਕ ਭੱਟੀ, ਸ਼ਮਸ਼ੇਰ ਸਿੰਘ ਅਜਨਾਲਾ ਆਦਿ ਹਾਜ਼ਰ ਸਨ ।

'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-2

# ਮਸ਼ਾਲ ਮਾਰਚ ਦਾ ਗੁਰਦਾਸਪੁਰ ਜ਼ਿਲ੍ਹੇ 'ਚ ਦਾਖਲ ਹੋਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਰਵਾਂ ਸਵਾਗਤ



ਬਟਾਲਾ (ਡਾਕਟਰ ਮਲਵਿੰਦਰ ਸਿੰਘ)- ਪੰਜਾਬ ਸਰਕਾਰ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-2 ਦੀ ਸ਼ੁਰੂਆਤ ਤੋਂ ਪਹਿਲਾਂ ਖੇਡਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਸ਼ਾਲ ਮਾਰਚ ਸ਼ੁਰੂ ਕੀਤੀ ਗਈ ਹੈ। ਜਿਸ ਦਾ ਅੱਜ ਅੰਮ੍ਰਿਤਸਰ ਤੋਂ ਗੁਰਦਾਸਪੁਰ ਜ਼ਿਲ੍ਹੇ ਵਿੱਚ ਸਵੇਰੇ ਕਰੀਬ 9 ਵਜੇ ਦਾਖ਼ਲ ਹੋਣ 'ਤੇ ਪਿੰਡ ਬੱਜੂਮਾਨ (ਨੇੜੇ ਜੈਂਤੀਪੁਰ) ਵਿਖੇ ਭਰਵਾਂ ਸਵਾਗਤ ਕੀਤਾ ਗਿਆ। ਮਸ਼ਾਲ ਮਾਰਚ ਨੂੰ ਡਾ. ਸ਼ਾਇਰੀ ਭੰਡਾਰੀ, ਐਸ.ਡੀ.ਐਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ, ਬ੍ਰਿਗੇਡੀਅਰ ਉਲੰਪੀਅਨ ਹਰਚਰਨ ਸਿੰਘ, ਤਹਿਸੀਲਦਾਰ ਅਭਿਸ਼ੇਕ ਵਰਮਾ, ਜ਼ਿਲ੍ਹਾ ਖੇਡ ਅਫਸਰ ਗੁਰਦਾਸਪੁਰ ਸਿਮਰਨਜੀਤ ਸਿੰਘ, ਜ਼ਿਲ੍ਹਾ ਖੇਡ ਅਫਸਰ ਅੰਮ੍ਰਿਤਸਰ ਸੁਖਚੈਨ ਸਿੰਘ ਅਤੇ ਖਿਡਾਰੀ, ਕੋਚ ਤੇ ਖੇਡ ਪ੍ਰੇਮੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਖੇਡ ਪ੍ਰੇਮੀਆਂ, ਖਿਡਾਰੀਆਂ ਅਤੇ ਕੋਚਾਂ ਦਾ ਸਵਾਗਤ ਕਰਦਿਆਂ ਡਾ. ਸ਼ਾਇਰੀ ਭੰਡਾਰੀ, ਐਸ.ਡੀ.ਐਮ ਬਟਾਲਾ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ.ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪ੍ਰਸ਼ਾਸਨ ਵੱਲੋਂ ਮਸ਼ਾਲ ਮਾਰਚ ਦਾ ਭਰਵਾਂ ਸਵਾਗਤ ਕੀਤਾ ਗਿਆ। ਉਨਾਂ ਖਿਡਾਰੀਆਂ ਨੂੰ 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-2 ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦਾ ਸੱਦਾ ਦਿੱਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਬਲਾਕ, ਜ਼ਿਲ੍ਹਾ ਅਤੇ ਰਾਜ ਪੱਧਰ ਤੱਕ ਖੇਡਾਂ ਕਰਾਈਆਂ ਜਾਣਗੀਆਂ ਅਤੇ ਖਿਡਾਰੀਆਂ ਨੂੰ ਨਕਦ ਇਨਾਮ ਦਿੱਤੇ ਜਾਣਗੇ। ਉਨ੍ਹਾਂ ਜ਼ਿਲ੍ਹੇ ਦੇ ਸਾਰੇ ਖਿਡਾਰੀਆਂ ਨੂੰ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਹਿੱਸਾ ਲੈਣ ਆਨਲਾਈਨ ਰਜਿਸਟ੍ਰੇਸ਼ਨ ਕਰਨ ਦੀ ਅਪੀਲ ਕੀਤੀ। ਉਨਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ 29 ਅਗਸਤ ਨੂੰ ਕੌਮੀ ਖੇਡ ਦਿਵਸ ਵਾਲੇ ਦਿਨ ਬਠਿੰਡਾ ਦੇ ਸ਼ਹੀਦ ਭਗਤ ਸਿੰਘ ਖੇਡ ਸਟੇਡੀਅਮ ਵਿਖੇ 'ਖੇਡਾਂ ਵਤਨ ਪੰਜਾਬ ਦੀਆਂ' ਦੇ ਸੀਜ਼ਨ-2 ਦਾ ਉਦਘਾਟਨ ਕਰਨਗੇ। ਬ੍ਰਿਗੇਡੀਅਰ ਉਲੰਪੀਅਨ ਹਰਚਰਨ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਬਹੁਤ ਵਧੀਆ ਉਪਰਾਲਾ ਕੀਤਾ ਗਿਆ ਹੈ। f

ਇਸ ਮੌਕੇ ਖਿਡਾਰੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ ਤੇ ਮਸ਼ਾਲ ਮਾਰਚ ਅਗਲੇ ਪੜਾਅ ਲਈ ਰਵਾਨਾ ਹੋਈ। ਮਸ਼ਾਲ ਮਾਰਚ 25 ਅਗਸਤ ਨੂੰ ਜਲੰਧਰ, ਸ਼ਹੀਦ ਭਗਤ ਸਿੰਘ ਨਗਰ ਤੇ ਰੂਪਨਗਰ, 26 ਅਗਸਤ ਨੂੰ ਐਸ.ਏ.ਐਸ.ਨਗਰ, ਫਤਹਿਗੜ੍ਹ ਸਾਹਿਬ ਤੇ ਮਾਲੇਰਕੋਟਲਾ, 27 ਅਗਸਤ ਨੂੰ ਪਟਿਆਲਾ, ਸੰਗਰੂਰ ਤੇ ਮਾਨਸਾ, 28 ਅਗਸਤ ਨੂੰ ਬਰਨਾਲਾ, ਫਰੀਦਕੋਟ ਤੇ ਫਾਜ਼ਿਲਕਾ ਅਤੇ 29 ਅਗਸਤ ਨੂੰ ਸ੍ਰੀ ਮੁਕਤਸਰ ਸਾਹਿਬ ਤੇ ਬਠਿੰਡਾ ਵਿਖੇ ਗੁਜ਼ਰੇਗੀ।

25-August-PAGE-12.qxd 8/24/2023 10:45 PM Page 1



# ਜੁਗਾੜੂ ਰੇਹੜਿਆਂ ਵਾਲੇ ਅੱਜ ਕਰਨਗੇ ਥਾਣੇ ਅੱਗੇ ਇਕੱਠ



**ਨਵਾਂਸ਼ਹਿਰ (ਮਨੋਜ ਲਾਖੀ)** ਜੁਗਾੜੂ ਰੇਹੜਿਆਂ ਵਾਲਿਆਂ ਨੇ ਪੰਡੋਰਾ ਮੁਹੱਲਾ ਨਵਾਂਸ਼ਹਿਰ ਦੀ ਟੈਂਕੀ 'ਤੇ ਇਕੱਠੇ ਹੋ ਕੇ ਆਪਣੀ ਏਕਤਾ ਅਤੇ ਤਾਕਤ ਦਾ ਪ੍ਰਦਰਸ਼ਨ ਕੀਤਾ। ਇਸ ਇਕੱਠ ਨੂੰ ਸੰਬੋਧਨ ਕਰਦਿਆਂ ਜੁਗਾੜੂ ਰੇਹੜਾ ਯੂਨੀਅਨ ਦੇ ਪ੍ਰਧਾਨ ਰਿਕੂ ਹਿਆਲਾ ਅਤੇ ਮੱਦੀ ਮਹਾਲੋਂ ਨੇ ਕਿਹਾ ਕਿ ਬੀਤੇ ਕੱਲ੍ਹ ਨਵਾਂਸ਼ਹਿਰ ਵਿਖੇ ਰੇਲਵੇ ਰੋਡ, ਬੰਗਾ ਰੋਡ ਫਾਟਕ 'ਤੇ ਕੁਝ ਵਿਅਕਤੀਆਂ ਨੇ ਪੰਜ ਰੇਹੜੇ ਰੋਕ ਕੇ ਕਟਰ ਨਾਲ ਕੱਟ ਕੇ ਉਹਨਾਂ ਦੇ ਮੋਟਰ ਸਾਇਕਲ ਅਤੇ ਪਿਛਲਾ ਹਿੱਸਾ ਅਲੱਗ ਕਰ ਦਿੱਤਾ। ਉਸ ਸਮੇਂ ਨਵਾਂਸ਼ਹਿਰ ਦਾ ਟਰੈਫਿਕ ਇੰਚਾਰਜ ਵੀ ਕੋਲ ਖੜਾ ਇਹ ਸਭ ਕੁਝ ਦੇਖ ਰਿਹਾ ਸੀ। ਉਹਨਾਂ ਮੰਗ ਕੀਤੀ ਕਿ ਅਜਿਹਾ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਜੁਗਾੜੂ ਰੇਹੜਿਆਂ ਵਾਲੇ ਪਿੰਡਾਂ 'ਚ ਸਬਜੀ ਵੇਚਣ ਦਾ ਕੰਮ ਕਰਦੇ ਹਨ, ਕਵਾੜ ਦਾ ਕੰਮ ਕਰਦੇ ਹਨ ਅਤੇ ਹੋਰ ਕੰਮ ਕਰਕੇ ਆਪਣੇ ਪਰਿਵਾਰ ਦਾ ਪੇਟ ਪਾਲਦੇ ਹਨ। ਇਥੋਂ ਤੱਕ ਕਿ ਕੁਕਿੰਗ ਗੈਸ ਦੇ ਸਿਲੰਡਰ ਵੀ ਘਰਾਂ 'ਚ ਸਪਲਾਈ ਹੁੰਦੇ ਹਨ। ਉਹਨਾਂ ਕਿਹਾ ਕਿ ਉਹ 25 ਅਗਸਤ ਨੂੰ ਸਵੇਰੇ 9:30 ਵਜੇ ਥਾਣਾ ਸਿਟੀ ਨਵਾਂਸ਼ਹਿਰ ਅੱਗੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਾਉਣ ਦੀ ਮੰਗ ਨੂੰ ਲੈ ਕੇ ਇਕੱਠੇ ਹੋਣਗੇ। ਇਫਟੂ ਦੇ ਜਿਲ੍ਹਾ ਸਕੱਤਰ ਪ੍ਰਵੀਨ ਕੁਮਾਰ ਨਿਰਾਲਾ ਅਤੇ ਹਰੀ ਲਾਲ ਨੇ ਯਕੀਨ ਦਿਵਾਇਆ ਕਿ ਉਹਨਾਂ ਦੀ ਯੂਨੀਅਨ ਰੇਹੜੇ ਵਾਲਿਆਂ ਦੇ ਹੱਕ 'ਚ ਖੜੀ ਹੈ।

# ਸਚਿਨ ਤੇਂਦੁਲਕਰ ਵੱਲੋਂ 'ਰਾਸ਼ਟਰੀ ਆਈਕਨ' ਵਜੋਂ ਇੱਕ ਨਵੀਂ ਪਾਰੀ ਸ਼ੁਰੂ

**ਚੰਡੀਗੜ੍ਹ (ਗੁਰਜੀਤ ਬਿੱਲਾ)**–ਕ੍ਰਿਕਟ ਦੇ ਮਹਾਨ ਖਿਡਾਰੀ ਅਤੇ ਭਾਰਤ ਰਤਨ ਪੁਰਸਕਾਰ ਜੇਤੂ ਸਚਿਨ ਰਮੇਸ਼ ਤੇਂਦੁਲਕਰ ਨੇ ਭਾਰਤ ਦੇ ਚੋਣ ਕਮਿਸ਼ਨ ਲਈ ਵੋਟਰ ਜਾਗਰੂਕਤਾ ਅਤੇ ਸਿੱਖਿਆ ਦੇ ਮੰਤਵਜ਼ਰ 'ਰਾਸ਼ਟਰੀ ਆਈਕਨ' ਵਜੋਂ ਇੱਕ ਨਵੀਂ ਪਾਰੀ ਸ਼ੁਰੂ ਕੀਤੀ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਅਤੇ ਚੋਣ ਕਮਿਸ਼ਨਰਾਂ ਅਨੂਪ ਚੰਦਰ ਪਾਂਡੇ ਅਤੇ ਅਰੁਣ ਗੋਇਲ ਦੀ ਮੌਜੂਦਗੀ ਵਿੱਚ ਆਕਾਸ਼ਵਾਣੀ ਰੰਗ ਭਵਨ, ਨਵੀਂ ਦਿੱਲੀ ਵਿੱਚ ਆਯੋਜਿਤ ਇੱਕ ਸਮਾਗਮ ਵਿੱਚ ਮਹਾਨ ਕ੍ਰਿਕਟਰ ਨਾਲ 3 ਸਾਲਾਂ ਦੀ ਮਿਆਦ ਲਈ ਇੱਕ ਐਮ.ਓ.ਯੂ ਸਹੀਬੱਧ ਕੀਤਾ ਗਿਆ। ਇਹ ਸਹਿਯੋਗ ਆਗਾਮੀ ਚੋਣਾਂ, ਖਾਸ ਤੌਰ 'ਤੇ ਆਮ ਚੋਣਾਂ 2024 ਵਿੱਚ ਵੋਟਰਾਂ ਦੀ ਭਾਗੀਦਾਰੀ ਵਧਾਉਣ ਲਈ ਵਿਸ਼ੇਸ਼ ਕਰਕੇ ਨੌਜਵਾਨ ਮਨਸ਼ਿਆਂ ਦੇ ਨਾਲ ਤੇਂਦੁਲਕਰ ਦੇ ਅਸਰਦਾਰ ਪ੍ਰਭਾਵ ਦਾ ਲਾਭ ਉਠਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਸ ਭਾਈਵਾਲੀ ਰਾਹੀਂ ਭਾਰਤੀ ਚੋਣ ਕਮਿਸ਼ਨ ਦਾ ਉਦੇਸ਼ ਨਾਗਰਿਕਾਂ, ਖਾਸ ਤੌਰ 'ਤੇ ਨੌਜਵਾਨਾਂ ਅਤੇ ਸ਼ਹਿਰੀ ਆਬਾਦੀ ਵਿਚਕਾਰ ਪਾੜੇ ਨੂੰ ਪੂਰਨਾ ਅਤੇ ਚੋਣ ਪ੍ਰਕਿਰਿਆ ਨੂੰ ਹੁਲਾਰਾ ਦੇਣਾ ਹੈ ਤਾਂ ਜੋ ਸ਼ਹਿਰੀ ਅਤੇ ਨੌਜਵਾਨ ਅਬਾਦੀ ਦੀਆਂ ਚੁਣੌਤੀਆਂ ਨਾਲ ਨਜਿੱਠਿਆ ਜਾ ਸਕੇ। ਸਚਿਨ ਤੇਂਦੁਲਕਰ ਨੇ ਭਾਰਤੀ ਚੋਣ ਕਮਿਸ਼ਨ ਲਈ 'ਨੈਸ਼ਨਲ ਆਈਕਨ' ਵਜੋਂ ਆਪਣੀ ਭੂਮਿਕਾ ਵਿੱਚ, ਆਪਣੇ ਉਤਸ਼ਾਹ ਅਤੇ ਵਚਨਬੱਧਤਾ ਪ੍ਰਗਟਾਈ ਅਤੇ ਕਿਹਾ ਕਿ ਭਾਰਤ ਵਰਗੇ ਜੀਵੰਤ ਲੋਕਤੰਤਰ ਲਈ, ਨੌਜਵਾਨ ਰਾਸ਼ਟਰ ਨਿਰਮਾਣ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਖੇਡ ਦੇ ਮੈਚਾਂ ਦੌਰਾਨ ਟੀਮ ਇੰਡੀਆ ਲਈ ਜੋ ਦਿਲ ਧੜਕਦੇ ਹਨ, ਇੱਕਮੁੱਠ ਹੋ ਕੇ-'ਇੰਡੀਆ, ਇੰਡੀਆ!' ਆਖਦੇ ਹਨ, ਉਹੀ ਦਿਲ ਸਾਡੇ ਕੀਮਤੀ ਲੋਕਤੰਤਰ ਨੂੰ ਅੱਗੇ ਲਿਜਾਣ ਲਈ ਵੀ ਉਸੇ ਤਰ੍ਹਾਂ ਧੜਕਣਗੇ। ਇਸ ਤਰ੍ਹਾਂ ਕਰਨ ਦਾ ਇੱਕ ਸਧਾਰਨ, ਪਰ ਸਭ ਤੋਂ ਸ਼ਕਤੀਸ਼ਾਲੀ ਤਰੀਕਾ ਹੈ ਨਿਯਮਿਤ ਤੌਰ 'ਤੇ ਆਪਣੀ ਵੋਟ ਪਾਉਣਾ। ਇਸ ਮੌਕੇ ਉਨ੍ਹਾਂ ਕਿਹਾ ਕਿ ਸਟੇਡੀਅਮਾਂ ਤੋਂ ਲੈ ਕੇ ਪੋਲਿੰਗ ਬੂਥਾਂ 'ਤੇ ਖਚਾਖਚ ਭਰਨ ਤੱਕ, ਰਾਸ਼ਟਰੀ ਟੀਮ ਦੇ ਨਾਲ ਖੜ੍ਹੇ ਹੋਣ ਲਈ ਸਮਾਂ ਕੱਢਣ ਤੋਂ ਲੈ ਕੇ ਆਪਣੀ ਵੋਟ ਪਾਉਣ ਲਈ ਸਮਾਂ ਕੱਢਣ ਤੱਕ, ਅਸੀਂ ਜੋਸ਼ ਅਤੇ ਉਤਸ਼ਾਹ ਨੂੰ ਬਰਕਰਾਰ ਰੱਖਾਂਗੇ। ਜਦੋਂ ਦੇਸ਼ ਦੇ ਕੋਨੇ-ਕੋਨੇ ਤੋਂ ਨੌਜਵਾਨ ਚੋਣ ਲੋਕਤੰਤਰ ਵਿੱਚ ਵੱਡੀ ਗਿਣਤੀ ਵਿੱਚ ਹਿੱਸਾ ਲੈਣਗੇ, ਤਾਂ ਅਸੀਂ ਆਪਣੇ ਦੇਸ਼ ਦਾ ਇੱਕ ਖੁਸ਼ਹਾਲ ਭਵਿੱਖ ਦੇਖਾਂਗੇ।



# ਡਾ. ਅਸ਼ੋਕ ਮਿੱਤਲ ਵੱਲੋਂ ਇਸਰੋ ਦੀ ਇਤਿਹਾਸਕ ਪ੍ਰਾਪਤੀ ਲਈ ਸ਼ਲਾਘਾ



**ਜਲੰਧਰ (ਸ਼ੈਲੀ ਐਲਬਰਟ)**- ਸੰਸਦ ਮੈਂਬਰ (ਰਾਜ ਸਭਾ) ਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਪੁਲਾੜ ਵਿਗਿਆਨੀਆਂ ਅਤੇ ਖੋਜਕਰਤਾਵਾਂ ਦੀ ਪੂਰੀ ਟੀਮ ਸਮੇਤ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਚੇਅਰਮੈਨ ਨੂੰ ਚੰਦਰਮਾ ਦੇ ਦੱਖਣੀ ਧਰੁਵ ਦੀ ਸਤ੍ਹਾ 'ਤੇ ਵਿਕਰਮ ਚੰਦਰ ਲੈਂਡਰ ਦੇ ਛੂਹਣ ਦੀ ਸ਼ਾਨਦਾਰ ਸਫਲਤਾ ਲਈ ਹਾਰਦਿਕ ਵਧਾਈ ਦਿੱਤੀ ਹੈ। ਇਹ ਯਾਦਗਾਰੀ ਪ੍ਰਾਪਤੀ ਭਾਰਤ ਦੀ ਪੁਲਾੜ ਖੋਜ ਯਾਤਰਾ 'ਚ ਇੱਕ ਮਹੱਤਵਪੂਰਨ ਮੀਲ ਪੱਥਰ ਬਣੇਗਾ। ਡਾ. ਮਿੱਤਲ ਨੇ ਚੰਦਰਮਾ ਦੇ ਦੱਖਣੀ ਧਰੁਵ ਤੇ ਭਾਰਤੀ ਤਿਰੰਗੇ ਦੇ ਲਹਿਰਾਉਣ ਦੀ ਸ਼ਲਾਘਾ ਕਰਦੇ ਹੋਏ, ਇਸ ਗੱਲ ਨੂੰ ਉਜਾਗਰ ਕੀਤਾ ਕਿ ਇਸ ਸ਼ਾਨਦਾਰ ਜਿੱਤ ਨੇ ਭਾਰਤ ਨੂੰ ਅਜਿਹੇ ਇਤਿਹਾਸਕ ਯਤਨ ਨੂੰ ਪੂਰਾ ਕਰਨ ਵਾਲੇ ਪਹਿਲੇ ਦੇਸ਼ ਵਜੋਂ ਵੱਖ ਕੀਤਾ ਹੈ। ਇਸ ਤੋਂ ਇਲਾਵਾ, ਡਾ. ਮਿੱਤਲ ਨੇ ਇਸਰੋ ਦੇ ਚੇਅਰਮੈਨ ਅਤੇ ਉਨ੍ਹਾਂ ਦੇ ਸਤਿਕਾਰਯੋਗ ਸਹਿਯੋਗੀਆਂ ਦੀ ਐਲਪੀਯੂ ਕੈਂਪਸ ਦੀ ਫੇਰੀ ਨੂੰ ਯਾਦ ਕੀਤਾ।

# ਭਲਕੇ ਜਲ ਸਪਲਾਈ ਮੰਤਰੀ ਬ੍ਰਹਮ ਸੰਕਰ ਜਿੰਪਾ ਦੇ ਘਰ ਦਾ ਕੀਤਾ ਜਾਵੇਗਾ ਘਿਰਾਓ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪੀ ਡਬਲਯੂ ਡੀ ਫੀਲਡ ਅਤੇ ਵਰਕਸ਼ਾਪ ਵਰਕਰ ਯੂਨੀਅਨ ਬ੍ਰਾਂਚ ਮਾਹਿਲਪੁਰ ਦੀ ਮੀਟਿੰਗ ਬ੍ਰਾਂਚ ਪ੍ਰਧਾਨ ਬਲਦੇਵ ਰਾਜ ਬਿਰਦੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ 'ਚ ਜਿਲ੍ਹਾ ਪ੍ਰਧਾਨ ਅਮਰਜੀਤ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਮੀਟਿੰਗ 'ਚ ਬ੍ਰਾਂਚ ਸਕੱਤਰ ਗੁਰਨਾਮ ਚੰਦ ਨੇ ਭਵਿੱਖ 'ਚ ਆਉਣ ਵਾਲੇ ਅਤੇ ਕੀਤੇ ਹੋਏ ਸੰਘਰਸ਼ਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਟੇਕ ਚੰਦ ਈਸਪੁਰ ਅਤੇ ਸੁਰਿੰਦਰ ਸਿੰਘ ਬੱਡੋਂ ਨੇ ਦੱਸਿਆ ਕਿ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ 26 ਅਗਸਤ ਨੂੰ ਜਲ ਸਪਲਾਈ ਮੰਤਰੀ ਜਿੰਪਾ ਦੇ ਸ਼ਹਿਰ ਹੁਸ਼ਿਆਰਪੁਰ ਵਿਖੇ ਰੋਸ ਰੈਲੀ ਕੀਤੀ ਜਾਵੇਗੀ। ਜਿਥੇ ਪੰਜਾਬ ਭਰ ਤੋਂ ਜਲ ਸਪਲਾਈ ਮੁਲਾਜ਼ਮ ਸ਼ਾਮਲ ਹੋਣਗੇ। ਉੱਥੇ ਬ੍ਰਾਂਚ ਮਾਹਿਲਪੁਰ ਸਾਥੀ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ ਜਿਲ੍ਹਾ ਪ੍ਰਧਾਨ ਅਮਰਜੀਤ ਕੁਮਾਰ ਦੱਸਿਆ ਕਿ ਜਲ ਸਪਲਾਈ ਮੰਤਰੀ ਅਤੇ ਵਿਭਾਗੀ ਮੁੱਖੀ ਨਾਲ ਕਈ ਵਾਰ ਮੀਟਿੰਗਾਂ ਕੀਤੀਆਂ ਗਈਆਂ। ਪ੍ਰੰਤੂ ਕਿਸੇ ਵੀ ਮੰਗ ਦਾ ਹੱਲ ਨਹੀਂ ਹੋਇਆ। ਮੰਗਾਂ ਨੂੰ ਮੁੱਖ ਰੱਖਦਿਆਂ 26 ਅਗਸਤ ਨੂੰ ਹੁਸ਼ਿਆਰਪੁਰ ਵਿਖੇ ਜਲ ਸਪਲਾਈ ਮੁਲਾਜਮਾਂ ਵੱਲੋਂ ਰੋਸ ਰੈਲੀ ਕੀਤੀ ਜਾ ਰਹੀ ਹੈ ਤਾ ਜੋ ਹੱਕੀ ਅਤੇ ਜਾਇਜ ਮੰਗਾਂ ਮੰਨਵਾਇਆ ਜਾ ਸਕਣ।

# ਪੰਜਾਬ ਵਕਫ਼ ਬੋਰਡ ਵੱਲੋਂ ਮਸਜਿਦਾਂ/ਮਦਰੱਸਿਆਂ ਤੇ ਕਬਰਿਸਤਾਨਾਂ ਦੇ ਵਿਕਾਸ ਲਈ 2.60 ਕਰੋੜ ਰੁਪਏ ਜਾਰੀ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-: ਪੰਜਾਬ ਵਕਫ਼ ਬੋਰਡ ਵੱਲੋਂ ਸੂਬੇ ਵਿਚ ਮਸਜਿਦਾਂ/ਮਦਰੱਸਿਆਂ ਅਤੇ ਕਬਰਸਤਾਨਾਂ ਦੇ ਵਿਕਾਸ ਲਈ 2.60 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਪੰਜਾਬ ਵਕਫ਼ ਬੋਰਡ ਦੇ ਪ੍ਰਸ਼ਾਸਕ ਐਮ.ਐਫ.ਫ਼ਾਰੂਕੀ (ਆਈ.ਪੀ.ਐਸ.) ਏ.ਡੀ.ਜੀ.ਪੀ. ਨੇ ਦੱਸਿਆ ਕਿ ਇਸ ਫੰਡ ਨਾਲ ਪੁਰਾਣੇ ਰੁਕੇ ਹੋਏ ਕੰਮਾਂ ਨੂੰ ਪੂਰਾ ਕੀਤਾ ਜਾਵੇਗਾ।ਉਨ੍ਹਾਂ ਮੁਸਲਿਮ ਭਾਈਚਾਰੇ ਦੀਆਂ ਇਹ ਮੰਗਾਂ ਲੰਬੇ ਸਮੇਂ ਤੋਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਬੋਰਡ ਮੁਸਲਿਮ ਭਾਈਚਾਰੇ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਯਤਨਸ਼ੀਲ ਹੈ। ਜਿਸ ਤਹਿਤ ਸਿੱਖਿਆ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਜਾਰੀ ਰਕਮ ਵਿੱਚ ਜ਼ਿਲ੍ਹਾ ਮਾਲੇਰਕੋਟਲਾ-ਸੰਗਰੂਰ ਲਈ 94.50 ਲੱਖ, ਕਪੂਰਥਲਾ 6 ਲੱਖ, ਪਟਿਆਲਾ 15 ਲੱਖ, ਜਲੰਧਰ 24 ਲੱਖ, ਹੁਸ਼ਿਆਰਪੁਰ 23.02 ਲੱਖ, ਰੋਪੜ-ਨਵਾਂਸ਼ਹਿਰ 17 ਲੱਖ , ਲੁਧਿਆਣਾ 16 ਲੱਖ, ਖੰਨਾ 24.5 ਲੱਖ, ਬਠਿੰਡਾ: 4.75 ਲੱਖ ਮੋਹਾਲੀ-ਰਾਜਪੁਰਾ 24.05 ਲੱਖ ਤੇ ਗੁਰਦਾਸਪੁਰ-ਪਠਾਨਕੋਟ 10.05 ਲੱਖ ਰੁਪੈ ਸ਼ਾਮਿਲ ਹਨ। ਪੰਜਾਬ ਵਕਫ਼ ਬੋਰਡ ਵੱਲੋਂ ਵਿਕਾਸ ਕੰਮਾਂ ਲਈ ਏਨੀ ਵੱਡੀ ਰਾਸ਼ੀ ਪਹਿਲੀ ਵਾਰ ਜਾਰੀ ਕੀਤੀ ਗਈ ਹੈ। ਇਸ ਤੋਂ ਪਹਿਲਾਂ ਵੀ ਮੌਜੂਦਾ ਪ੍ਰਸ਼ਾਸਨ ਦੀ ਅਗਵਾਈ ਹੇਠ 2.42 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਜਾ ਚੁੱਕੀ ਹੈ।



**ਭਾਰਤ ਦੀ ਸਪੇਸ ਏਜੰਸੀ ਇਸਰੋ ਦੇ ਮਿਸ਼ਨ ਚੰਦਰਯਾਨ-3, ਦੇ ਚੰਦਰਮਾ ਦੇ ਦੱਖਣੀ ਹਿੱਸੇ 'ਚ ਸਫਲਤਾ ਪੂਰਵਕ ਉੱਤਰ ਜਾਣ 'ਤੇ ਜਲੰਧਰ 'ਚ ਐਡਵੋਕੇਟ ਫਾਰ ਫਾਰਮਰ ਐਂਡ ਲੇਬਰਰ ਵੱਲੋ ਲੱਡੂ ਵੰਡ ਕੇ ਭਾਰਤੀ ਵਿਗਿਆਨੀਆਂ ਅਤੇ ਸਮੁੱਚੇ ਦੇਸ਼ ਵਾਸੀਆਂ ਨੂੰ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਪ੍ਰਧਾਨ ਐਡਵੋਕੇਟ ਗੁਰਜੀਤ ਸਿੰਘ ਕਾਹਲੋਂ, ਐਡਵੋਕੇਟ ਰਜਿੰਦਰ ਮੰਡ ਨੇ ਕਿਹਾ ਕਿ ਸਾਡਾ ਦੇਸ਼ ਵੀ ਅਮਰੀਕਾ, ਰੂਸ ਦੀ ਤਰ੍ਹਾਂ ਹਰ ਖੇਤਰ 'ਚ ਮੱਲਾਂ ਮਾਰ ਰਿਹਾ ਹੈ ਅਤੇ ਸਾਨੂੰ ਭਾਰਤੀ ਹੋਣ 'ਤੇ ਮਾਣ ਮਹਿਸੂਸ ਹੋਣਾ ਚਾਹੀਦਾ ਹੈ। ਇਸ ਮੌਕੇ ਐਡਵੋਕੇਟ ਮਧੂ ਰਚਨਾ, ਐਡਵੋਕੇਟ ਰਾਜੂ ਅੰਬੇਦਕਰ, ਐਡਵੋਕੇਟ ਰਾਜ ਕੁਮਾਰ ਕਸ਼ਯਪ, ਐਡਵੋਕੇਟ ਪ੍ਰਵੀਨ ਕੈਂਥ, ਐਡਵੋਕੇਟ ਰੂਬਲ, ਐਡਵੋਕੇਟ ਰਮਨਦੀਪ, ਐਡਵੋਕੇਟ ਮੁਖਜਿੰਦਰ ਸਿੱਧੂ, ਐਡਵੋਕੇਟ ਪਲਵਿੰਦਰ ਸਿੰਘ, ਐਡਵੋਕੇਟ ਰਾਜ ਕੁਮਾਰ ਬੈਂਸ ਤੇ ਹੋਰ ਐਡਵੋਕੇਟ ਮੌਜੂਦ ਸਨ।**

# ਬੀ ਐਸ ਸੀ (ਆਈ.ਟੀ.) ਦੇ ਤੀਜੇ ਸਮੈਸਟਰ ਦਾ ਨਤੀਜਾ ਸ਼ਾਨਦਾਰ

ਜਲੰਧਰ, 24 ਅਗਸਤ- (ਸੁਰਿੰਦਰ ਕੁਮਾਰ) ਪੰਜਾਬ ਸਰਕਾਰ ਵੱਲੋਂ ਜਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਵਿਖੇ ਚਲਾਏ ਜਾ ਰਹੇ ਸਰਕਾਰੀ ਕਾਲਜ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਦਾ ਬੀ ਐਸ ਸੀ (ਆਈ ਟੀ) ਦੇ ਤੀਜੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸੰਬੰਧੀ ਇੰਸਟੀਚਿਊਟ ਦੇ ਡਾਇਰੈਕਟਰ-ਕਮ-ਜਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਲੈਫ. ਕਰਨਲ (ਰਿਟਾ.) ਮਨਿੰਦਰ ਸਿੰਘ ਰੰਧਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀ ਐਸ ਸੀ (ਆਈ ਟੀ) ਦੇ ਤੀਜੇ ਸਮੈਸਟਰ 'ਚ ਅੰਸ ਬਹਿਲ ਨੇ 7.52 ਐਸ ਜੀ ਪੀ ਏ ਲੈ ਕੇ ਪਹਿਲਾ, ਮਹਿਕ ਨੇ 7.43 ਐਸ ਜੀ ਪੀ ਏ ਲੈ ਕੇ ਦੂਜਾ ਅਤੇ ਦੀਪਕ ਨੇ 7.17 ਐਸ ਜੀ ਪੀ ਏ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਸੈਣੀ, ਪ੍ਰੋ. ਹਰਜੀਤ ਕੌਰ, ਪ੍ਰੋ. ਹਰਪ੍ਰੀਤ ਸਿੰਘ, ਪ੍ਰੋ. ਭਾਵਨਾ ਮਹਾਜਨ, ਟ੍ਰੇਨਿੰਗ ਕਲਰਕ ਹਵਲਦਾਰ ਸੂਬੇਦਾਰ ਮੇਜਰ ਹਰਜਿੰਦਰ ਸਿੰਘ ਅਤੇ ਸਮੂਹ ਸਟਾਫ ਨੂੰ ਮੁਬਾਰਕਬਾਦ ਦਿੰਦਿਆਂ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਮੌਜੂਦਾ ਕੁਦਰਤੀ ਕਰੋਪੀਆਂ ਵਾਤਾਵਰਨ ਅਸੰਤੁਲਨ ਦਾ ਨਤੀਜਾ : ਐੱਸ ਐੱਮ ਸਿੰਘ



**ਜਲੰਧਰ ( ਰਾਜੇਸ਼ ਥਾਪਾ)** ਬਹੁਉਦੇਸ਼ੀ ਸਮਾਜ ਸੇਵੀ ਸੰਸਥਾ ਦਿਸਾ ਦੀਪ, ਇੰਡੋ ਅਮਰੀਕਨ ਫਰੈਂਡਸ਼ਿਪ ਸੋਸਾਇਟੀ ਅਤੇ ਚੜ੍ਹਦੀਕਲਾ ਵੈਲਫੇਅਰ ਸੁਸਾਇਟੀ ਵੱਲੋ ਪਿੰਡ ਧੀਣਾ ਦੇ ਆਰਮੀ ਇੰਕਲੇਵ ਫੇਜ 3 ਵਿਖੇ ਦਿਸ਼ਾ ਦੀਪ ਦੀ ਮੁਹਿੰਮ 'ਹਰ ਘਰ ਇੱਕ ਫਲਦਾਰ ਪੌਦਾ' ਦੇ ਤਹਿਤ 80 ਫਲਦਾਰ ਪੌਦੇ ਲਗਾਏ ਅਤੇ ਵੰਡੇ ਗਏ। ਪ੍ਰਸਿੱਧ ਸਮਾਜ ਸੇਵੀ ਰਮਨ ਦੱਤ, ਦਿਸ਼ਾਦੀਪ ਦੇ ਸੰਸਥਾਪਕ ਅਤੇ ਚੀਫ ਲਾਇਨ ਐਸ ਐਮ ਸਿੰਘ, ਰਮੇਸ਼ ਲਖਨਪਾਲ, ਉਪ ਚੇਅਰਮੈਨ, ਤਰਸੇਮ ਜਲੰਧਰੀ ਉਪ ਚੇਅਰਮੈਨ, ਜੀ ਆਰ ਪਾਠਕ ਅਤੇ ਕੈਪਟਨ ਹਰਦੇਵ ਸਿੰਘ ਸੰਧੂ ਅਤੇ ਹੋਰ ਸਾਥੀਆਂ ਨੇ ਘਰ ਘਰ ਜਾ ਕੇ ਫਲਦਾਰ ਪੌਦੇ ਲਗਾਏ ਅਤੇ ਵੰਡੇ। ਕਲੋਨੀ ਨਿਵਾਸੀਆਂ ਨੂੰ ਆਪਣੇ ਸੰਬੋਧਨ ਵਿੱਚ ਰਮਨ ਦੱਤ ਅਤੇ ਐਸ ਐਮ ਸਿੰਘ ਨੇ ਕਿਹਾ ਕੁਦਰਤੀ ਕਰੋਪੀਆਂ ਅੱਜ ਅਸੀਂ ਝੱਲ ਰਹੇ ਹਾਂ ਇਹ ਸਾਰੀਆਂ ਵਾਤਾਵਰਨ ਅਸੰਤੁਲਨ ਅਤੇ ਕੁਦਰਤ ਨਾਲ ਛੇੜਛਾੜ ਕਰਨ ਦਾ ਨਤੀਜਾ ਹਨ। ਜੇਕਰ ਅਸੀਂ ਹੁਣ ਵੀ ਵਾਤਾਵਰਣ ਸੰਤੁਲਨ ਵੱਲ ਧਿਆਨ ਨਾ ਦਿੱਤਾ ਤਾਂ ਮਨੁੱਖ ਜਾਤੀ ਨੂੰ ਭਿਆਨਕ ਨਤੀਜੇ ਵੀ ਭੁਗਤਣੇ ਪੈ ਸਕਦੇ ਹਨ। ਸਾਡਾ ਸਾਰਿਆਂ ਦਾ ਫਰਜ ਬਣਦਾ ਹੈ ਕਿ ਅਸੀਂ ਸਾਰੇ ਰਲ ਮਿਲ ਕੇ ਰੁੱਖ ਲਾਈਏ ਅਤੇ ਰੁੱਖ ਬਚਾਈਏ। ਇਸ ਮੁਹਿੰਮ ਵਿੱਚ ਸੂਬੇਦਾਰ ਗੁਰਦਿਆਲ ਸਿੰਘ, ਐਡਵੋਕੇਟ ਗਗਨਦੀਪ ਸਿੰਘ, ਬਾਬਾ ਸੁਖਦੇਵ ਸਿੰਘ, ਮਨਜੀਤ ਸਿੰਘ, ਤਜਿੰਦਰ ਸਿੰਘ, ਰਘਬੀਰ ਸਿੰਘ ਅਤੇ ਹੋਰ ਵਾਤਾਵਰਨ ਪ੍ਰੇਮੀਆਂ ਨੇ ਵੀ ਹਿੱਸਾ ਲਿਆ।

# ਅਪਨਾ ਫਰਜ਼ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਪਾਲ ਖੜੌਦ ਮੇਹਟੀਆਣਾ ਪਧਾਰੇ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਅਪਨਾ ਫਰਜ ਸੇਵਾ ਸੁਸਾਇਟੀ ਪਿੰਡ ਲਚਕਾਣੀ ਕਲਾਂ (ਪਟਿਆਲਾ) ਦੇ ਮੁੱਖ ਸੇਵਾਦਾਰ ਪਾਲ ਖੜੌਦ ਅਤੇ ਉਨ੍ਹਾਂ ਦੇ ਨਾਲ ਹੋਰ ਸੇਵਾਦਾਰ ਮੇਹਟੀਆਣਾ ਵਿਖੇ ਚੜ੍ਹਦੀਕਲਾ ਟੂਰ ਐਂਡ ਟਰੈਵਲ ਕਾਰ ਸੇਲ ਪ੍ਰਚੇਜ ਦੇ ਦਫਤਰ ਪਧਾਰੇ। ਇਸ ਮੌਕੇ ਉਨ੍ਹਾਂ ਦੇ ਪਧਾਰਨ 'ਤੇ ਉਨ੍ਹਾਂ ਵੱਲੋਂ ਸਮਾਜ 'ਚ ਜੋ ਲੋਕ ਭਲਾਈ ਲਈ ਦੇ ਕਰ ਰਹੇ ਕੰਮ, ਅਨਾਥਾਂ, ਭੁੱਲੇ ਭਟਕੇ ਅਤੇ ਲਾਵਾਰਸ ਰੁਲ ਰਹੇ ਮਰੀਜਾਂ ਦੀ ਦੇਖ ਭਾਲ ਦੇ ਕੀਤੇ ਕੰਮਾਂ ਤੋਂ ਪ੍ਰਭਾਵਤ ਹੋ ਕੇ ਮਨਜੀਤ ਸਿੰਘ ਸੋਨੂੰ ਭੁੰਗਰਨੀ, ਅੰਮ੍ਰਿਤ ਪਾਲ ਸਿੰਘ ਖਲਿਆਣ, ਕੁਲਦੀਪ ਸਿੰਘ ਬਸਰਾ, ਪ੍ਰਧਾਨ ਬਲਵੀਰ ਸਿੰਘ ਫੁੱਗਲਾਣਾ ਦੋਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ, ਜਨਰਲ ਸਕੱਤਰ ਜਗਤਾਰ ਸਿੰਘ ਭੁੰਗਰਨੀ, ਕੈਸ਼ੀਅਰ ਜਸਵਿੰਦਰ ਸਿੰਘ ਸੰਘਾ, ਵਰਿੰਦਰ ਸਿੰਘ ਭਿੰਡਰ, ਮਾ.ਅਵਤਾਰ ਸਿੰਘ, ਅਮਰ ਕੋਰ-ਚਰਨ ਕੋਰ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਜਸਵੀਰ ਸਿੰਘ ਮਿਨਹਾਸ, ਸਤਨਾਮ ਸਿੰਘ ਪਰਹਾਰ, ਬਲਵੀਰ ਸਿੰਘ ਤੰਬੜ ਵੱਲੋਂ ਆਇਆਂ ਨੂੰ ਕਿਹਾ ਅਤੇ ਉਨ੍ਹਾਂ ਨੂੰ ਸਿਰਪਾਓ ਸਨਮਾਨਤ ਕੀਤਾ। ਇਸ ਮੌਕੇ ਜਥੇਦਾਰ ਵੱਲੋਂ ਆਈਆਂ ਸੰਗਤਾਂ ਅਤੇ ਪੱਤਰਕਾਰਾਂ ਨਾਲ ਵਿਚਾਰ ਸਾਂਝੇ ਕੀਤੇ ਤੇ ਕਿਹਾ ਕਿ ਮਨੱਖਾਂ ਵੱਲੋਂ ਮਨੁੱਖਤਾ ਦੀ ਸੇਵਾ ਸਭ ਤੋਂ ਮਹਾਨ ਸੇਵਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਦੀਪ ਸਿੰਘ ਚੀਮਾ ਬਘਾਣਾ, ਕਰਨਜੀਤ ਸਿੰਘ ਅਟਵਾਲ, ਰਾਜਿੰਦਰ ਬੈਂਸ, ਗਗਨਸਿੰਘ ਖਾਲਸਾ ਜਿਊਲਰ, ਰੋਹਿਤ, ਰਵੀ ਮੇਹਟੀਆਣਾ, ਰਾਜ ਸੋਮਲ, ਹਰਜੋਧ ਸਿੰਘ ਹੈਰੀ, ਹਰਵੀਰ ਸਿੰਘ ਫੈਰੀ, ਬਿੰਦਾ ਮੇਹਟੀਆਣਾ, ਸਤਨਾਮ ਸਿੰਘ ਸ਼ਿੰਦੂ, ਮਨਦੀਪ ਸਿੰਘ, ਬਿਕਰ ਸਿੰਘ, ਪਰਮਿੰਦਰ ਸਿੰਘ ਆਦਿ ਹਾਜ਼ਰ ਸਨ।

# ਡੀ ਏ ਵੀ ਸਕੂਲ ਬਿਲਗਾ ਦਾ ਹੋਇਆ ਅਕਾਦਮਿਕ ਆਡਿਟ



**ਬਿਲਗਾ (ਵਿਜੇ ਕੁਮਾਰ)**- ਪ੍ਰਿੰਸੀਪਲ ਚਾਰੂ ਮੈਣੀ ਅਤੇ ਪ੍ਰਿੰਸੀਪਲ ਅਰਚਨਾ ਕੌਲ ਨੇ ਸ਼ੀਲਾ ਰਾਣੀ ਤਾਂਗੜੀ ਡੀ. ਏ. ਵੀ. ਪਬਲਿਕ ਸਕੂਲ ਬਿਲਗਾ ਦਾ ਅਕਾਦਮਿਕ ਆਡਿਟ ਲਈ ਵਿਸ਼ੇਸ਼ ਤੌਰ 'ਤੇ ਦੌਰਾ ਕੀਤਾ। ਸਕੂਲ ਪਹੁੰਚਣ 'ਤੇ ਉਨ੍ਹਾਂ ਦਾ ਵਿਸ਼ੇਸ਼ ਰੂਪ 'ਤੇ ਸਵਾਗਤ ਕੀਤਾ ਗਿਆ। ਉਨ੍ਹਾਂ ਨੂੰ ਇਸ ਕੰਮ ਲਈ ਡੀ.ਏ ਵੀ.ਸੀ .ਐਮ.ਸੀ. ਨਵੀਂ ਦਿੱਲੀ ਵੱਲੋਂ ਨਿਯੁਕਤ ਕੀਤਾ ਗਿਆ ਸੀ । ਬਿਲਗਾ ਪਹੁੰਚ ਕੇ ਪਿੰਡ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਵਿਖੇ ਮੱਥਾ ਟੇਕਿਆ ਅਤੇ ਗੁਰੂ ਜੀ ਦੇ ਪਵਿੱਤਰ ਵਸਤਰਾਂ ਦੇ ਦਰਸ਼ਨ ਵੀ ਕੀਤੇ । ਉਨ੍ਹਾਂ ਦੱਸਿਆ ਕਿ ਡੀ.ਏ.ਵੀ. ਸਕੂਲ ਬਿਲਗਾ ਬਿਨਾਂ ਸ਼ੱਕ ਇਲਾਕੇ ਦੇ ਸਾਰੇ ਸਕੂਲਾਂ ਵਿੱਚੋਂ ਮੋਹਰੀ ਹੈ। ਇਹ ਸਕੂਲ ਪ੍ਰਿੰਸੀਪਲ ਰਵੀ ਸ਼ਰਮਾ ਦੀ ਅਗਵਾਈ ਵਿੱਚ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ। ਉਨ੍ਹਾਂ ਸਕੂਲ ਦੀ ਹਰੇਕ ਜਮਾਤ ਦਾ ਦੌਰਾ ਕਰਦਿਆਂ ਦੇਖਿਆ ਕਿ ਸਕੂਲ ਵਿੱਚ ਸਿੱਖਿਆ ਦਾ ਪੱਧਰ ਵੱਡੇ ਸ਼ਹਿਰਾਂ ਦੇ ਸਕੂਲਾਂ ਦੇ ਬਰਾਬਰ ਹੈ ਅਤੇ ਹੋਰ ਗਤੀਵਿਧੀਆਂ ਵੀ ਦੇਖਣ ਯੋਗ ਹਨ । ਉਨ੍ਹਾਂ ਕਿਹਾ ਕਿ ਸਕੂਲ ਪੇਂਡੂ ਖੇਤਰ ਵਿੱਚ ਸਥਿਤ ਹੋਣ ਦੇ ਬਾਵਜੂਦ ਉਕਤ ਸਕੂਲ ਸਿੱਖਿਆ, ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਆਦਿ ਹਰ ਖੇਤਰ ਵਿੱਚ ਮੋਹਰੀ ਹੈ। ਸਕੂਲ ਦੇ ਪ੍ਰਿੰਸੀਪਲ ਰਵੀ ਸ਼ਰਮਾ ਨੇ ਦੋਵਾਂ ਇੰਸਪੈਕਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਨਿਰੀਖਣ ਸੰਸਥਾਵਾਂ ਨੂੰ ਅੱਗੇ ਵਧਣ ਵਿੱਚ ਸਹਾਈ ਹੁੰਦੇ ਹਨ।

# ਵਿਦਿਆਰਥੀਆਂ ਦਾ ਵਿਦਿਅਕ ਟੂਰ ਲਗਾਇਆ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)** ਸਥਾਨਕ ਪੀ ਟੀ ਐਮ ਆਰੀਆ ਕਾਲਜ ਦੇ ਕਮਰਸ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਵਿਧਇਕ ਯਾਤਰਾ ਸ੍ਰੀ ਅੰਮ੍ਰਿਤਸਰ ਵਿਖੇ ਕਾਰਵਾਈ ਗਈ। ਵਿਦਿਆਰਥੀ ਇਤਿਹਾਸਕ ਧਰਮ ਦਾ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ, ਬਾਅਦ 'ਚ ਜਾਲਿਆਂਵਾਲਾ ਬਾਗ ਵੇਖਿਆ ਅਤੇ ਸਿੱਖ ਵਿਰਸਾ ਵੀ ਗਏ ਬਾਦ ਜੰਡਿਆਲਾ ਗੁਰੂ ਵਿਖੇ ਹਵੇਲੀ ਵਿੱਚ ਭੋਜਨ ਦਾ ਆਨੰਦ ਮੰਨਿਆ। ਵਿਦਿਆਰਥੀਆਂ ਨਾਲ ਉਨ੍ਹਾਂ ਦੇ ਅਧਿਆਪਕ ਪ੍ਰੋ ਅਮਨਦੀਪ ਕੌਰ, ਪ੍ਰੋ ਬਬੀਤਾ ਰਾਣੀ ਅਤੇ ਪ੍ਰੋ ਮਰਜੀਣਾ ਲਾਖਾ ਸਨ। ਸ਼ਾਮ 5:00 ਵਜੇ ਸਾਰੇ ਵਾਪਸ ਨੂਰਮਹਿਲ ਪਹੁੰਚੇ। ਇਸ ਮੌਕੇ ਕਾਲਜ ਦੇ ਨਿਰਦੇਸ਼ਕ ਪ੍ਰੋ. ਆਰ ਕੇ ਜੈਨ ਨੇ ਸਾਥੀ ਅਧਿਆਪਕਾ ਨੂੰ ਸ਼ਾਬਾਸ਼ੀ ਦੇਂਦੇ ਹੋਏ ਕਿਹਾ ਕੀ ਇਸ ਤਰ੍ਹਾਂ ਦੀ ਯਾਤਰਾ ਵਿਦਿਆਰਥੀਆਂ ਨੂੰ ਅਪਣੇ ਇਤਿਹਾਸ ਅਤੇ ਵਿਰਸੇ ਨਾਲ ਜੋੜਣ ਵਿਚ ਖਾਸ ਯੋਗਦਾਨ ਪਾਉਂਦੇ ਹਨ।

# ਚੰਦਰਯਾਨ -3 ਦੀ ਲੈਂਡਿੰਗ ਸੰਬੰਧੀ ਵਿੱਦਿਅਕ ਮੁਕਾਬਲੇ ਕਰਵਾਏ

**ਅੱਡਾ ਸਰਾਂ (ਜਸਵੀਰ ਕਾਜਲ)**- ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿਚ ਚੰਦਰਯਾਨ - 3 ਦੀ ਚੰਨ 'ਤੇ ਲੇਂਡਿੰਗ ਨੂੰ ਖੁਸਾਮਦੀਦ ਕਹਿਣ ਅਤੇ ਸ਼ੁੱਭ ਇੱਛਾਵਾਂ ਦੇਣ ਵਾਸਤੇ ਇਸ ਇਤਿਹਾਸਕ ਵਰਤਾਰੇ ਨੂੰ ਦਰਸਾਉਂਦੀਆਂ ਵਿੱਦਿਅਕ ਗਤੀਵਿਧੀਆਂ ਕਰਾਉਣ ਦੇ ਆਦੇਸ਼ ਦਿੱਤੇ ਗਏ, ਜਿਸ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਲਾਂਬੜਾ ਵਿਖੇ ਪ੍ਰਿੰ: ਡਾ. ਅਰਮਨਪ੍ਰੀਤ ਸਿੰਘ ਦੀ ਅਗਵਾਈ ਅਤੇ ਸਾਇੰਸ ਅਧਿਆਪਕਾਂ ਦੇ ਸਹਿਯੋਗ ਨਾਲ ਵਿਦਿਆਰਥੀਆਂ ਦੇ ਪੋਸਟਰ ਮੇਕਿੰਗ, ਪੇਂਟਿੰਗਜ ਅਤੇ ਕੁਇਜ ਦੇ ਵਿੱਦਿਅਕ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੂੰ ਵਿਗਿਆਨਕ ਦ੍ਰਿਸ਼ਟੀ, ਵਿਗਿਆਨਕ ਗਿਆਨ ਅਤੇ ਭਾਰਤੀ ਤਕਨਾਲੋਜੀ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਕਰਵਾਏ ਇਨ੍ਹਾਂ ਮੁਕਾਬਲਿਆਂ ਵਿੱਚ ਪਹਿਲੇ ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਕੂਲ ਪ੍ਰਿੰਸੀਪਲ ਡਾ. ਅਰਮਨਪ੍ਰੀਤ ਸਿੰਘ ਵੱਲੋਂ ਸਟੇਸ਼ਨਰੀ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜਰ ਸੀ।।

# ਆਈ ਵੀ ਵਰਲਡ ਸਕੂਲ ਵਿਖੇ ਟ੍ਰੈਫਿਕ ਪਾਰਕ ਦਾ ਉਦਘਾਟਨ

**ਜਲੰਧਰ ( ਇਕਬਾਲ ਸਿੰਘ ਉੱਭੀ )** ਆਈ ਵੀ ਵਰਲਡ ਸਕੂਲ ਵਿਖੇ ਜਿੱਥੇ ਵਿਦਿਆਰਥੀਆਂ ਲਈ ਅਤਿ-ਆਧੁਨਿਕ ਸਾਧਨਾਂ ਦੀ ਸਥਾਪਨਾ ਕੀਤੀ ਜਾ ਰਹੀ ਹੈ, ਉੱਥੇ ਹੀ ਛੋਟੇ ਬੱਚਿਆਂ ਨੂੰ ਜ਼ਿੰਦਗੀ ਵਿੱਚ ਟ੍ਰੈਫਿਕ ਨਿਯਮਾਂ ਦੀ ਮਹੱਤਤਾ ਬਾਰੇ ਦੱਸਣ ਲਈ ਨਵੇਂ ਟ੍ਰੈਫਿਕ ਪਾਰਕ ਦਾ ਉਦਘਾਟਨ ਕੀਤਾ ਗਿਆ। ਇਸ ਦਾ ਉਦਘਾਟਨ ਕਰਨ ਲਈ ਜਲੰਧਰ ਸ਼ਹਿਰ ਦੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਜਿਨ੍ਹਾਂ ਨੇ ਇਸ ਪਾਰਕ ਦਾ ਉਦਘਾਟਨ ਕੀਤਾ। ਜਿਸ ਵਿੱਚ ਛੋਟੇ-ਛੋਟੇ ਬੱਚਿਆਂ ਲਈ ਕਾਰਾਂ, ਸਕੂਟਰ, ਜੀਪਾਂ ਆਦਿ ਦਾ ਪ੍ਰਬੰਧ ਕੀਤਾ ਗਿਆ , ਉਨ੍ਹਾਂ ਨੇ ਉਨ੍ਹਾਂ ਦੇ ਉੱਪਰ ਬੈਠ ਕੇ ਆਪਣੇ ਅਨੰਦਮਈ ਪਲਾਂ ਨੂੰ ਮਹਿਸੂਸ ਕੀਤਾ ਅਤੇ ਪਾਰਕ ਵਿੱਚ ਲਗਾਈਆਂ ਹਰੀਆਂ, ਲਾਲ ਅਤੇ ਪੀਲੀਆਂ ਬੱਤੀਆਂ ਦਾ ਪਾਲਣ ਕਰਨਾ ਵੀ ਸਿੱਖਿਆ। ਆਪਣੇ ਹੁਨਰ ਦੇ ਰੰਗਾਰੰਗ ਪ੍ਰਦਰਸ਼ਨ ਤੋਂ ਬਾਅਦ, ਮੁੱਖ ਮਹਿਮਾਨ ਨੇ ਵਿਦਿਆਰਥੀਆਂ ਦੇ ਕੈਸੀਓ, ਗਿਟਾਰ ਅਤੇ ਆਰਕੈਸਟਰਾ ਗਰੁੱਪਾਂ ਨੂੰ ਪੇਸ ਕਰਦੇ ਹੋਏ ਟੋਰੈਂਸ ਸੰਗੀਤ ਕਲਾਸਾਂ ਦਾ ਉਦਘਾਟਨ ਕੀਤਾ। ਵਾਸਲ ਐਜੂਕੇਸ਼ਨ ਸੋਸਾਇਟੀ ਦੇ ਪ੍ਰਧਾਨ ਕੇ.ਕੇ ਵਾਸਲ, ਚੇਅਰਮੈਨ ਸੰਜੀਵ ਕੁਮਾਰ ਵਾਸਲ, ਮੀਤ ਪ੍ਰਧਾਨ ਸ੍ਰੀਮਤੀ ਈਨਾ ਵਾਸਲ, ਸੀਈਓ ਰਾਘਵ ਵਾਸਲ ਅਤੇ ਡਾਇਰੈਕਟਰ ਸ੍ਰੀਮਤੀ ਅਦਿਤੀ ਵਾਸਲ ਨੇ ਵਿਦਿਆਰਥੀਆਂ ਨੂੰ ਅਜਿਹੀਆਂ ਗਤੀਵਿਧੀਆਂ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੀ ਸੀਨੀਅਰ ਪ੍ਰਿੰਸੀਪਲ ਸ੍ਰੀਮਤੀ ਐਸ.ਐਸ.ਚੌਹਾਨ ਨੇ ਵਧਾਈ ਦਿੰਦਿਆਂ ਕਿਹਾ ਕਿ ਨਿਯਮਾਂ ਦੀ ਪਾਲਣਾ ਕਰਕੇ ਵਿਦਿਆਰਥੀ ਅਨੁਸਾਸ਼ਿਤ ਅਤੇ ਸੰਗਠਿਤ ਹੋ ਸਕਣਗੇ।

# ਲਾਇਲਪੁਰ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਦਾ 'ਵਰਸਿਟੀ ਪ੍ਰੀਖਿਆਵਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਜਲੰਧਰ (ਸ਼ੈਲੀ ਐਲਬਰਟ)**-ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਐਮ.ਏ. (ਮਿਊਜ਼ਿਕ ਵੋਕਲ) ਦੂਜਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਵਿਦਿਆਰਥੀ ਪ੍ਰੀਤੀ ਨੇ 400 'ਚੋਂ 370 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ 'ਚੋਂ ਪਹਿਲਾ, ਮਾਧਵੀ ਨੇ 369 ਅੰਕ ਪ੍ਰਾਪਤ ਕਰਕੇ ਦੂਜਾ, ਰੀਤੀਕ ਗਿੱਲ ਨੇ 362 ਅੰਕ ਪ੍ਰਾਪਤ ਕਰਕੇ ਚੌਥਾ, ਤਕਸ਼ੂ ਕੈਲੇ ਨੇ 361 ਅੰਕ ਪ੍ਰਾਪਤ ਕਰਕੇ ਪੰਜਵਾਂ, ਦੀਪੀਕਾ ਨੇ 360 ਅੰਕ ਪ੍ਰਾਪਤ ਕਰਕੇ ਛੇਵਾਂ ਅਤੇ ਕੋਮਲ ਨੇ 356 ਅੰਕ ਪ੍ਰਾਪਤ ਕਰਕੇ ਸੱਤਵਾਂ ਸਥਾਨ ਹਾਸਲ ਕੀਤਾ। ਇਸ ਮੌਕੇ ਸਰਦਾਰਨੀ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਵਿਦਿਆਰਥੀਆਂ ਨੂੰ ਭਵਿੱਖ 'ਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ।ਉਨ੍ਹਾਂ ਇਹ ਵੀ ਕਿਹਾ ਕਿ ਕਾਲਜ ਇਨ੍ਹਾਂ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰੇਗਾ ਅਤੇ ਆਉਣ ਵਾਲਿਆਂ ਨਤੀਜਿਆਂ 'ਚੋਂ ਵੀ ਜਿਹੜੇ ਵਿਦਿਆਰਥੀ ਯੂਨੀਵਰਸਿਟੀ 'ਚੋਂ ਵਿਸ਼ੇਸ਼ ਸਥਾਨ ਜਾਂ ਮੈਰਿਟ ਵਿਚ ਆਉਣਗੇ, ਉਨ੍ਹਾਂ ਨੂੰ ਵੀ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣਗੀਆਂ।

ਇਸ ਮੌਕੇ ਪ੍ਰੋ. ਸੁਖਦੇਵ ਸਿੰਘ ਮੁਖੀ ਸੰਗੀਤ ਵਿਭਾਗ ਵੀ ਹਾਜ਼ਰ ਸਨ।

# ਭਗੌੜਾ ਕਾਬੂ

**ਕਾਲਾ ਸੰਘਿਆਂ (ਮਨਜੀਤ ਮਾਨ)** ਮੁਖਵਿੰਦਰ ਸਿੰਘ ਭੁੱਲਰ ਪੀ ਪੀ ਐਸ ਸੀਨੀਅਰ ਪੁਲਸ ਕਪਤਾਨ ਦਿਹਾਤੀ ਜਲੰਧਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਦੇ ਭੈੜੇ ਅਨਸਰਾਂ ਨਸ਼ਾ ਤਸਕਰਾਂ ਲੁੱਟਾਂ ਖੋਹਾਂ ਕਰਨ ਵਾਲਿਆਂ ਖਿਲਾਫ ਚਲਾਈ ਗਈ। ਮਨਪ੍ਰੀਤ ਸਿੰਘ ਢਿੱਲੋਂ ਪੀ ਪੀ ਪੀ ਐਸ ਪੁਲਸ ਕਪਤਾਨ ਇੰਨਵੈਸਟੀਗੇਸ਼ਨ ਜਲੰਧਰ ਦਿਹਾਤੀ ਸੁਖਪਾਲ ਸਿੰਘ ਉੱਪ ਪੁਲਸ ਕਪਤਾਨ ਸਬ ਡਵੀਜਨ ਨਕੋਦਰ ਦੀ ਅਗਵਾਈ ਹੇਠ ਇਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਮੁੱਖ ਅਫਸਰ ਥਾਣਾ ਸਦਰ ਨਕੋਦਰ ਦੀ ਪੁਲਸ ਮੁਕੱਦਮੇ 'ਚ ਲੋੜੀਂਦਾ ਇੱਕ ਭਗੋੜੇ ਮੁਲਜ਼ਮ ਨੂੰ ਗ੍ਰਿਫਤਾਰ ਕਰਕੇ ਸਫਲਤਾ ਹਾਸਲ ਕੀਤੀ ਗਈ।

# ਨੌਜਵਾਨ ਨੇ ਜ਼ਹਿਰੀਲੀ ਦਵਾਈ ਖਾ ਕੇ ਕੀਤੀ ਜੀਵਨ ਲੀਲ੍ਹਾ ਸਮਾਪਤ

**ਕਾਲਾ ਸੰਘਿਆਂ (ਮਨਜੀਤ ਮਾਨ)** ਥਾਣਾ ਸਦਰ ਨਕੋਦਰ ਅਧੀਨ ਪੈਂਦੀ ਪੁਲਸ ਚੌਂਕੀ ਉੱਗੀ ਵਿਖੇ ਇੱਕ ਨੌਜਵਾਨ ਵੱਲੋਂ ਜ਼ਹਿਰੀਲੀ ਦਵਾਈ ਪੀ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਮੌਕੇ ਪ੍ਰੈੱਸ ਨੂੰ ਇਹ ਜਾਣਕਾਰੀ ਦਿੰਦੇ ਹੋਏ ਪੁਲਸ ਚੌਂਕੀ ਉੱਗੀ ਦੇ ਇੰਚਾਰਜ ਸਬ ਇੰਸਪੈਕਟਰ ਪ੍ਰਦੀਪ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਕ੍ਰਿਸ 18 ਸਾਲ ਪੁੱਤਰ ਦੇਵੀ ਦਿਆਲ ਵਾਸੀ ਪਿੰਡ ਉੱਗੀ ਜੋ ਘਰੇਲੂ ਕਾਰਨਾ ਕਰਕੇ ਪ੍ਰੇਸ਼ਾਨ ਰਹਿੰਦਾ ਸੀ, ਜਿਸ ਨੇ ਜ਼ਹਿਰੀਲੀ ਦਵਾਈ ਪੀ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਪੁਲਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਇੰਗਲਿਸ਼ ਡੈਕਲਾਮੇਸ਼ਨ ਮੁਕਾਬਲੇ



**ਕਪੂਰਥਲਾ, (ਹਨੀ)**-ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਦੀ ਅਗਵਾਈ ਹੇਠ ਇੰਗਲਿਸ਼ ਡੈਕਲਾਮੇਸ਼ਨ ਪ੍ਰਤੀਯੋਗਤਾ ਕਰਵਾਈ ਗਈ। ਜਿਸ 'ਚ ਸਕੂਲ ਦੇ ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਜਿਨ੍ਹਾਂ ਦਾ ਸਟਾਫ਼ ਮੈਂਬਰਾਂ ਤੇ ਵਿਦਿਆਰਥੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇੰਜ. ਨਿਮਰਤਾ ਕੌਰ ਨੇ ਪ੍ਰਤਿਯੋਗਤਾਵਾਂ ਦਾ ਮਹੱਤਵ ਦੱਸਦੇ ਹੋਏ ਕਿਹਾ ਕਿ ਇਸ ਨਾਲ ਬੱਚਿਆ ਦਾ ਮਾਨਸਿਕ ਵਿਕਾਸ ਹੁੰਦਾ ਹੈ। ਇਸ ਲਈ ਸਮੇਂ-ਸਮੇਂ ਵੱਖ-ਵੱਖ ਪ੍ਰਤੀਯੋਗਤਾਵਾਂ ਹੋਣੀਆਂ ਬਹੁਤ ਜ਼ਰੂਰੀ ਹਨ। ਇਸ ਮੁਕਾਬਲੇ 'ਚ ਚੌਥੀ ਅਤੇ ਪੰਜਵੀਂ ਜਮਾਤ ਤਕ ਦੇ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ । ਚੌਥੀ ਜਮਾਤ ਦਾ ਅਰਮਾਨ ਸਿੰਘ ਪਹਿਲੇ ਸਥਾਨ 'ਤੇ ਰਿਹਾ। ਪੰਜਵੀਂ ਜਮਾਤ ਦੀ ਹਰਨੂਰ ਕੌਰ ਦੂਜੇ ਅਤੇ ਪੰਜਵੀਂ ਜਮਾਤ ਦੀ ਹੀ ਸਰਗੁਣ ਕੌਰ ਤੀਜੇ ਸਥਾਨ 'ਤੇ ਰਹੀ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਨੇ ਵਿਦਿਆਰਥੀਆਂ ਵੱਲੋਂ ਦਿਖਾਈ ਪ੍ਰਤਿਭਾ ਦੀ ਸ਼ਲਾਘਾ ਕੀਤੀ ਅਤੇ ਜੇਤੂ ਰਹੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ।

# ਸ਼ਹੀਦੀ ਸਮਾਗਮ ਕਰਵਾਇਆ

**ਆਦਮਪੁਰ (ਪਰਮਜੀਤ ਸਿੰਘ)**: ਪਿੰਡ ਡਰੋਲੀ ਕਲਾਂ ਵਿਖੇ ਗੁਰਦੁਆਰਾ ਸ਼ਹੀਦ ਬਾਬਾ ਮਤੀ ਦੇ ਅਸਥਾਨ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਸਮੂਹ ਕਮੇਟੀ ਮੈਂਬਰ ਦੇ ਦੇਖ ਰੇਖ ਹੇਠ ਸਮੂਹ ਨਗਰ ਨਿਵਾਸੀ, ਪ੍ਰਵਾਸੀ ਪੰਜਾਬੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ 1947 'ਚ ਪਿੰਡ ਖੰਨੌੜਾ ਜਿਲ੍ਹਾ ਹੁਸ਼ਿਆਰਪੁਰ ਵਿਖੇ ਮੁਸਲਮਾਨਾਂ ਨਾਲ ਲੜਦਿਆਂ ਸ਼ਹੀਦ ਹੋਏ ਸ਼ਹੀਦ ਭਾਈ ਨਰੰਗ ਸਿੰਘ ਅਤੇ ਸ਼ਹੀਦ ਹੋਏ ਸਿੰਘਾਂ ਦੀ ਯਾਦ 'ਚ ਸ਼ਹੀਦੀ ਗੁਰਮਤਿ ਸਮਾਗਮ 22 ਅਗਸਤ ਨੂੰ ਸ਼ਰਧਾ ਭਾਵਨਾ ਤੇ ਸਤਿਕਾਰ ਸਾਹਿਤ ਕਰਵਾਏ ਗਏ। ਇਸ ਸਮਾਗਮ ਦੌਰਾਨ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿਸ 'ਚ ਭਾਈ ਲਖਬੀਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ਼ਹੀਦ ਬਾਬਾ ਮਤੀ ਸਾਹਿਬ ਡਰੋਲੀ ਕਲਾਂ, ਭਾਈ ਕਰਮਜੀਤ ਸਿੰਘ ਪਧਿਆਣਾ ਇੰਟਰਨੈੱਟ ਪੰਥਕ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

# ਕੈਬਨਿਟ ਮੰਤਰੀ ਨੇ ਵਿਦਿਆਰਥਣਾਂ ਨੂੰ ਸਾਈਕਲ ਵੰਡੇ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-: ਵਿਦਿਆਰਥਣਾਂ ਨੂੰ ਸਮੇਂ ਸਿਰ ਸਕੂਲ ਪਹੁੰਚਣ ਲਈ ਲੋੜੀਂਦੀ ਗਤੀਸ਼ੀਲਤਾ ਪ੍ਰਦਾਨ ਕਰਨ ਦੇ ਮਕਸਦ ਨਾਲ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵੱਲੋਂ ਜ਼ਿਲ੍ਹੇ ਦੇ ਪਿੰਡ ਪੱਤੜ ਕਲਾਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਪੜ੍ਹਦੀਆਂ ਵਿਦਿਆਰਥਣਾਂ ਨੂੰ ਸਾਈਕਲ ਵੰਡੇ ਗਏ। ਇਸ ਮੌਕੇ ਹੋਏ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਮਿਆਰੀ ਸਿੱਖਿਆ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ, ਜਿਸ ਦੇ ਲਈ ਸਰਕਾਰ ਵੱਲੋਂ ਮਾਰਚ 2022 ਵਿੱਚ ਆਪਣੇ ਗਠਨ ਤੋਂ ਬਾਅਦ ਤੋਂ ਹੀ ਸੁਹਿਰਦ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਸਿੱਖਿਆ ਦੇ ਖੇਤਰ ਲਈ ਬਜਟ ਵਿੱਚ ਵਾਧਾ ਕੀਤਾ, ਜਿਸ ਨੂੰ ਪਿਛਲੀਆਂ ਸਰਕਾਰਾਂ ਦੌਰਾਨ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ। ਉਨ੍ਹਾਂ ਸਕੂਲ ਵਿੱਚ ਪ੍ਰਾਜੈਕਟਰ, ਕੈਂਪਸ ਦੀ ਇੰਟਰਲਾਕਿੰਗ ਟਾਈਲਿੰਗ ਅਤੇ ਹੋਰ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਪੂਰਾ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ।

# ਸਹਿਕਾਰੀ ਖੇਤੀਬਾੜੀ ਕਰਮਚਾਰੀ ਯੂਨੀਅਨ ਬਲਾਕ ਮਾਹਿਲਪੁਰ ਦੀ ਚੋਣ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)** ਚਰਨਜੀਤ ਸਿੰਘ ਸਕੱਤਰ ਸਭਾ ਦਿਹਾਣਾ (ਪ੍ਰਧਾਨ ਯੂਨੀਅਨ ਮਾਹਿਲਪੁਰ) ਦੀ ਪ੍ਰਧਾਨਗੀ ਹੇਠ ਹੋਏ ਆਮ ਅਜਲਾਸ 'ਚ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਕਰਮਚਾਰੀ ਯੂਨੀਅਨ ਬਲਾਕ ਮਾਹਿਲਪੁਰ ਦੀ ਸਰਬਸੰਮਤੀ ਨਾਲ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ 'ਚ ਬਹਾਦਰ ਸਿੰਘ ਸਭਾ ਚੇਲਾ ਪ੍ਰਧਾਨ, ਪਰਮਿੰਦਰ ਸਿੰਘ ਢਾਡਾ ਕਲਾ ਸੀਨੀਅਰ ਮੀਤ ਪ੍ਰਧਾਨ, ਮੱਖਣ ਸਿੰਘ ਜੰਡਿਆਲਾ ਸੀਨੀਅਰ ਮੀਤ ਪ੍ਰਧਾਨ ਜਨਰਲ ਐਡਵਾਈਜਰ, ਹਰਜਿੰਦਰ ਸਿੰਘ ਸੰਧੂ ਨੰਗਲ ਕਲਾਂ ਜਰਨਲ ਸਕੱਤਰ, ਚਰਨਜੀਤ ਸਿੰਘ ਦਿਹਾਣਾ ਕੈਸ਼ੀਅਰ ਜਰਨਲ ਅਡਵਾਈਜ਼ਰ, ਰਣਬੀਰ ਸਿੰਘ ਬਡੋ, ਉਰਜੀਵ ਕੁਮਾਰ ਪੰਜੋੜ, ਦਲਜੀਤ ਸਿੰਘ ਖੈਰੜ ਅੱਛਰਵਾਲ, ਦੀਦਾਰ ਸਿੰਘ ਰਹਲੀ, ਪਰਮਜੀਤ ਸਿੰਘ ਪਾਲਦੀ, ਮਨਜਿੰਦਰ ਸਿੰਘ ਮਰੂਲਾ, ਦਿਨੇਸ਼ ਕੁਮਾਰ ਲਲਵਾਨ ਅਤੇ ਮੋਹਿਤ ਸ਼ਰਮਾ ਟੂਟੋਮਜ਼ਾਰਾ ਕਮੇਟੀ ਮੈਂਬਰ ਚੁਣੇ ਗਏ।

# ਜੀ ਡੀ ਗੋਇਨਕਾ ਸਕੂਲ 'ਚ 'ਗੋਇਨਕਨ ਆਰਟ ਫੈਸਟੀਵਲ'



**ਕਪੂਰਥਲਾ, ( ਹਨੀ )** ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿਖੇ ਦਾ ਗੋਇਨਕਨ ਆਰਟ ਫੈਂਸਟੀਵਲ 2023 ਦਾ ਆਯੋਜਨ ਕੀਤਾ ਗਿਆ। ਜਿਸ ਦਾ ਮੁੱਖ ਮੰਤਵ ਪੰਜਾਬ ਦੇ ਅਲੋਪ ਹੋ ਰਹੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਸੰਭਾਲਣਾ ਅਤੇ ਨਵੀਂ ਪੀੜੀ ਨੂੰ ਉਸ ਪੁਰਾਤਨ ਅਮੀਰ ਸੱਭਿਆਚਾਰ ਨਾਲ ਜੋੜਨਾ ਸੀ। ਇਸ ਮੌਕੇ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਵੀ ਸ਼ਿਰਕਤ ਕੀਤੀ ਗਈ। ਸਮਾਗਮ 'ਚ ਸ਼ਾਮਲ ਹੋਏ ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ, ਸਕੱਤਰ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਪਵਲਜੀਤ ਕੌਰ ਦਾ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਫੁਲਕਾਰੀ ਦੀ ਛਾਂ ਹੇਠ ਨਿੱਘਾ ਸਵਾਗਤ ਕੀਤਾ।

ਇਸ ਦੌਰਾਨ ਵਿਦਿਆਰਥੀਆ ਪੰਜਾਬੀ ਵਿਰਸੇ 'ਚੋਂ ਅਲੋਪ ਹੋ ਰਹੀਆ ਪੁਰਾਤਨ ਸੱਭਿਆਚਾਰ ਨਾਲ ਸੰਬੰਧਿਤ ਵਸਤਾਂ ਜਿਵੇਂ ਬਰਤਨ, ਖੇਡਾਂ, ਮਧਾਣੀਆਂ, ਚਾਦਰਾਂ, ਫੁਲਕਾਰੀਆਂ, ਬਾਗ, ਪੱਖੀਆਂ, ਚਰਖੇ, ਪਿੱਤਲ ਦੇ ਬਰਤਨ, ਪੀੜੀਆਂ, ਫੱਟੀਆਂ, ਘੜੇ, ਚੁੱਲ੍ਹਾ, ਸਬਾਤ, ਚਾਟੀਆਂ ਆਦਿ ਦੀ ਪ੍ਰਦਰਸਨੀ ਲਗਾਈ ਗਈ। ਮਾਪਿਆ ਵੱਲੋਂ ਸਕੂਲ ਦੁਆਰਾ ਪੇਸ਼ ਪੰਜਾਬ ਦੀਆਂ ਵਿਰਾਸਤੀ ਕਲਾਵਾਂ ਦੀ ਸ਼ਲਾਘਾ ਕੀਤੀ ਗਈ।

ਅੰਤ ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਨੇ ਕਿਹਾ ਕਿ ਸਾਡਾ ਪੰਜਾਬੀ ਵਿਰਸਾ ਬਹੁਤ ਹੀ ਪੁਰਾਤਨ ਅਤੇ ਅਮੀਰ ਹੈ ਪਰ ਸਾਡੀ ਨਵੀਂ ਪੀੜ੍ਹੀ ਕਈ ਕਾਰਨਾਂ ਕਰਕੇ ਇਸ ਅਮੀਰ ਸੱਭਿਆਚਾਰ ਤੋਂ ਬੇਮੁੱਖ ਅਤੇ ਅਣਜਾਣ ਹੈ।

ਨਵੀਂ ਪੀੜੀ 'ਚ ਇਸ ਅਮੀਰ ਵਿਰਸੇ ਪ੍ਰਤੀ ਜਾਗਰੂਕਤਾ ਪੈਦਾ ਕਰਨੀ ਅਤੇ ਉਨ੍ਹਾਂ ਨੂੰ ਸਾਡੇ ਵਿਰਸੇ ਅਤੇ ਰੀਤੀ ਰਿਵਾਜਾਂ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ। ਸਕੱਤਰ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਪਵਲਜੀਤ ਕੌਰ ਨੇ ਕਿਹਾ ਕਿ ਸਕੂਲ 'ਚ ਅਜਿਹੇ ਸੱਭਿਆਚਾਰਕ ਪ੍ਰੋਗਰਾਮ ਕਰਾਉਣ ਦਾ ਮੁੱਖ ਮਕਸਦ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨਾ ਹੀ ਨਹੀਂ, ਸਗੋਂ ਆਪਸੀ ਸੱਭਿਆਚਾਰਕ ਤੇ ਭਾਈਚਾਰਕ ਸਾਂਝ ਪੈਦਾ ਕਰਨਾ ਹੈ।

# ਐੱਸ ਟੀ ਐੱਸ ਵਰਲਡ ਸਕੂਲ 'ਚ ਹਰਿਆਵਲ ਤੀਜ ਦਾ ਤਿਉਹਾਰ ਮਨਾਇਆ



**ਗੁਰਾਇਆ (ਬਿੰਦਰ ਸੁਮਨ)**-ਐੱਸ . ਟੀ ਐੱਸ . ਵਰਲਡ ਸਕੂਲ ਵਿੱਚ ਤੀਆਂ ਦਾ ਤਿਉਹਾਰ ਬਹੁਤ ਧੂਮਧਾਮ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਦਾ ਸੰਚਾਲਨ ਮੈਡਮ ਸ਼ਿਵਾਨੀ ਅਤੇ ਸਰ ਖੁਸ਼ਕਰਨ ਵੱਲੋਂ ਕੀਤਾ ਗਿਆ । ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਸਕੂਲ ਦੇ ਚੇਅਰਪਰਸਨ ਸ੍ਰੀਮਤੀ ਮਾਲਤੀ ਅਤੇ ਸ੍ਰੀਮਤੀ ਜਸਵਿੰਦਰ ਕੌਰ, ਸ਼੍ਰੀਮਤੀ ਬਲਵਿੰਦਰ ਕੌਰ ਦਾ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਪ੍ਰਭਜੋਤ ਕੌਰ ਗਿੱਲ ਅਤੇ ਸਮੂਹ ਸਟਾਫ ਵੱਲੋਂ ਸਵਾਗਤ ਕੀਤਾ ਗਿਆ। ਪ੍ਰੋਗਰਾਮ ਨੂੰ ਵਿਸ਼ੇਸ਼ ਬਣਾਉਣ ਲਈ ਮੁੱਖ ਮਹਿਮਾਨ ਅਤੇ ਅਧਿਆਪਕ ਸੱਭਿਆਚਾਰਕ ਪਹਿਰਾਵੇ ਵਿੱਚ ਸੰਸਥਾ ਵਿੱਚ ਪਹੁੰਚੇ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਬਾਰਵੀਂ ਜਮਾਤ ਦੇ ਮੁੰਡਿਆਂ ਕੁੜੀਆਂ ਨੇ ਗਰੁੱਪ ਡਾਂਸ ਰਾਹੀਂ ਸਭ ਦਾ ਮਨ ਮੋਹ ਲਿਆ। ਇਸ ਮੌਕੇ ਅਧਿਆਪਕਾਂ ਨੇ ਬੋਲੀਆਂ, ਸੁਹਾਗ, ਗੀਤ ਪੇਸ਼ ਕਰਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇੱਕ ਪੰਜਾਬੀ ਸੱਭਿਆਚਾਰ ਦੀ ਝਲਕ ਦਿਖਾਉਣ ਲਈ ਪ੍ਰੋਗਰਾਮ ਵਿੱਚ ਚਰਖੇ , ਫੁਲਕਾਰੀਆਂ, ਛੱਜ, ਚੱਕੀ , ਮੰਜੇ , ਚਾਟੀ, ਮਧਾਣੀਆਂ ਸਜਾਈਆਂ ਗਈਆਂ । ਇਸ ਪ੍ਰੋਗਰਾਮ ਵਿਚ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਪ੍ਰਸ਼ਨ ਪੁੱਛੇ ਗਏ ਜਿਨ੍ਹਾਂ ਦਾ ਅਧਿਆਪਕਾ ਵਲੋਂ ਉੱਤਰ ਦੇਣ 'ਤੇ ਉਨ੍ਹਾਂ ਨੂੰ ਸ਼ਿੰਗਾਰ ਦਾ ਸਾਮਾਨ ਇਨਾਮ ਵਿੱਚ ਦਿੱਤਾ ਗਿਆ । ਇਸ ਮੌਕੇ ਬਾਰਵੀਂ ਜਮਾਤ ਦੀਆਂ ਕੁੜੀਆਂ ਨੇ ਬੋਲੀਆਂ, ਗਿੱਧਾ ਰਾਹੀਂ ਆਪਣੀ ਕਲਾ ਦਾ ਜ਼ੋਰਦਾਰ ਪ੍ਰਦਰਸ਼ਨ ਕੀਤਾ। ਇਸ ਪ੍ਰੋਗਰਾਮ ਨੂੰ ਖਾਸ ਬਣਾਉਣ ਲਈ ਸਕੂਲ ਵਿੱਚ ਪੀਂਘ ਝੂਟਣ , ਮਹਿੰਦੀ ਲਗਵਾਉਣ , ਵੰਗਾਂ - ਚੂੜੀਆਂ ਚੜ੍ਹਾਉਣ ਦਾ ਆਯੋਜਨ ਕੀਤਾ ਗਿਆ । ਸਾਰਿਆਂ ਨੇ ਖੀਰ ਅਤੇ ਮਾਲਪੂੜਿਆਂ ਦਾ ਬਹੁਤ ਆਨੰਦ ਮਾਣਿਆ ਅੰਤ ਵਿੱਚ ਸਕੂਲ ਵੱਲੋਂ ਲਿਆਂਦੇ ਗਏ 200 ਬੂਟੇ ਕੀਨੂੰ, ਟਾਹਲੀ, ਅਮਰੂਦ ਤੇ ਅੰਬ ਦੇ ਬੂਟੇ ਅਧਿਆਪਕਾਂ ਤੇ ਬੱਚਿਆਂ ਨੂੰ ਮੁਫ਼ਤ ਦਿੱਤੇ ਗਏ ਤੇ ਵਾਤਾਵਰਨ ਨੂੰ ਸਵੱਛ ਰੱਖਣ ਲਈ ਉਪਰਾਲੇ ਕੀਤੇ ਗਏ ਤੇ ਹਰਿਆਵਲ ਤੀਜ ਮਨਾਈ ਗਈ। ਅੰਤ ਵਿੱਚ ਪ੍ਰਿੰਸੀਪਲ ਮੈਡਮ ਸ੍ਰੀਮਤੀ ਪ੍ਰਭਜੋਤ ਕੌਰ ਗਿੱਲ ਨੇ ਇਸ ਪ੍ਰੋਗਰਾਮ ਵਿੱਚ ਆਏ ਸਾਰੇ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਉਹਨਾਂ ਨੂੰ ਵੀ ਤੋਹਫ਼ੇ ਦੇ ਰੂਪ ਵਿੱਚ ਪੌਦੇ ਦਿੱਤੇ ਗਏ ਤੇ ਪ੍ਰਿੰਸੀਪਲ ਮੈਡਮ ਨੇ ਸਾਰਿਆਂ ਨੂੰ ਤੀਆਂ ਦੇ ਤਿਉਹਾਰ ਦੀ ਵਧਾਈ ਦਿੰਦੇ ਕਿਹਾ ਕਿ ਅਜਿਹੇ ਜਸ਼ਨ ਪੰਜਾਬੀ ਸੱਭਿਆਚਾਰ ਅਤੇ ਪਰੰਪਰਾਵਾਂ ਨੂੰ ਜਿਉਂਦਾ ਰੱਖਦੇ ਹਨ । ਸਾਰਿਆਂ ਨੇ ਇਸ ਤੀਆਂ ਦੇ ਤਿਉਹਾਰ ਦਾ ਬਹੁਤ ਆਨੰਦ ਮਾਣਿਆ ।